
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 29
October 27, 2021

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਯੂਬਾ ਸਿਟੀ ਦਾ 42ਵਾਂ ਮਹਾਨ ਨਗਰ ਕੀਰਤਨ 7 ਨਵੰਬਰ 2021 ਨੂੰ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਅਨੁਸਾਰ ਅਰਥ ਭਰਪੂਰ ਜੀਵਨ ਜੀਣ ਦੀ ਜਾਂਚ। ਡਾ ਰੌਣਕੀ ਰਾਮ ਜੀ ਦਾ ਵਿਸ਼ੇਸ ਲੇਖ **(ਦੇਖੋ ਸਫਾ 17 'ਤੇ)**



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਨ 'ਤੇ ਇਕ ਯਾਦਗਾਰੀ ਪਲੈਕ ਭੇਂਟ ਕਰਦੇ ਹੋਏ ਸ੍ਰੀ ਰਮੇਸ਼ ਮਹਿਮੀ।

# ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ 8 ਨਵੰਬਰ ਨੂੰ

## ਖੇਤੀ ਕਾਨੂੰਨਾਂ ਸਣੇ ਅਹਿਮ ਮਸਲਿਆਂ 'ਤੇ ਹੋਵੇਗੀ ਚਰਚਾ- ਚੰਨੀ

**ਲੁਧਿਆਣਾ (ਬਿਊਰੋ)–** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਕਿਹਾ ਹੈ ਕਿ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ 8 ਨਵੰਬਰ ਨੂੰ ਸੱਦਿਆ ਗਿਆ ਹੈ ਜਿਸ ਵਿੱਚ ਤਿੰਨ ਖੇਤੀ ਕਾਨੂੰਨਾਂ ਸਮੇਤ ਅਹਿਮ ਮਸਲਿਆਂ 'ਤੇ ਚਰਚਾ ਕੀਤੀ ਜਾਵੇਗੀ। ਇੱਥੇ ਪ੍ਰੈਸ ਕਾਨਫਰੰਸ ਵਿੱਚ ਸ੍ਰੀ ਚੰਨੀ ਨੇ ਕਿਹਾ ਕਿ ਕੇਂਦਰ ਨੂੰ ਬੀਐੱਸਐੱਫ ਬਾਰੇ ਕੀਤਾ ਫ਼ੈਸਲਾ ਵਾਪਸ ਲੈਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਦੇਸ਼-ਵਿਦੇਸ਼ ਦੇ ਸਨਅਤੀ ਕਾਰੋਬਾਰੀਆਂ ਨੂੰ ਸੂਬੇ 'ਚ ਨਿਵੇਸ਼ ਲਈ ਸਾਜ਼ਗਾਰ ਮਾਹੌਲ ਮੁਹੱਈਆ ਕਰਵਾਉਣ ਦਾ ਭਰੋਸਾ ਦਿੰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਸ: ਚਰਨਜੀਤ ਸਿੰਘ ਚੰਨੀ ਨੇ ਉਦਯੋਗਿਕ ਖੇਤਰ ਲਈ ਉਨ੍ਹਾਂ ਦੀ ਸਰਕਾਰ ਵਲੋਂ ਅਸਲ ਮਦਦਗਾਰ ਅਤੇ ਸਹਿਯੋਗੀ ਵਜੋਂ ਆਪਣੀ ਭੂਮਿਕਾ ਨਿਭਾਉਣ ਦੀ ਦ੍ਰਿੜ ਵਚਨਬੱਧਤਾ ਦੁਹਰਾਈ । ਇਸ ਮੌਕੇ ਉਨ੍ਹਾਂ ਉਦਯੋਗਪਤੀਆਂ ਨੂੰ ਸੂਬੇ ਦੇ ਦੁਵੱਲੇ ਵਿਕਾਸ ਅਤੇ ਤਰੱਕੀ ਲਈ ਇਕਜੁੱਟ ਹੋ ਕੇ ਕੰਮ ਕਰਨ 'ਤੇ ਜ਼ੋਰ ਦਿੱਤਾ । ਇਥੇ ਇੰਡੀਅਨ ਸਕੂਲ ਆਫ ਬਿਜਨੈੱਸ ਵਿਖੇ ਚੌਥੇ ਪ੍ਰਗਤੀਸ਼ੀਲ ਨਿਵੇਸ਼ ਸੰਮੇਲਨ ਦੇ ਦੇਸ਼-ਵਿਦੇਸ਼ ਤੋਂ ਵਰਚੁਅਲ ਤੌਰ 'ਤੇ ਉੱਦਮੀਆਂ ਦੀ ਸ਼ਮੂਲੀਅਤ ਵਾਲੇ ਸੈਸ਼ਨ ਦੌਰਾਨ ਆਪਣੇ ਸੰਬੋਧਨ 'ਚ ਮੁੱਖ ਮੰਤਰੀ ਨੇ ਕਿਹਾ ਕਿ ਸਨਅਤਕਾਰਾਂ ਦੀ ਉਮੀਦਾਂ 'ਤੇ ਪੰਜਾਬ ਖਰਾ ਉਤਰੇਗਾ ਕਿਉਂ ਜੋ ਸੂਬਾ, ਮੁਲਕ ਵਿਚ ਕਾਰੋਬਾਰ ਕਰਨ ਦਾ ਸਭ ਤੋਂ ਬਿਹਤਰ ਸਥਾਨ ਹੈ । 26 ਤੇ 27 ਅਕਤੂਬਰ 2021 ਦੇ 2 ਦਿਨਾਂ 'ਪ੍ਰਗਤੀਸ਼ੀਲ ਪੰਜਾਬ ਨਿਵੇਸ਼ ਸੰਮੇਲਨ' ਦੇ ਪਹਿਲੇ ਦਿਨ ਸ਼ਾਮਿਲ ਹੋਏ ਉੱਘੇ ਉਦਯੋਗਪਤੀਆਂ ਦਾ ਧੰਨਵਾਦ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਵੱਖ-ਵੱਖ ਸਨਅਤਕਾਰਾਂ ਦੇ ਕੀਮਤੀ ਸੁਝਾਵਾਂ



**(ਬਾਕੀ ਸਫਾ 7 'ਤੇ)**

# ਅਨੀਤਾ ਆਨੰਦ ਬਣੀ ਕੈਨੇਡਾ ਦੀ ਰੱਖਿਆ ਮੰਤਰੀ

**ਵੈਨਕੂਵਰ (ਬਿਊਰੋ)–** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਨਵੇਂ ਮੰਤਰੀਆਂ ਦਾ ਐਲਾਨ ਕਰ ਕੇ ਵਿਭਾਗਾਂ ਦੀ ਵੰਡ ਕਰ ਦਿੱਤੀ ਹੈ। ਹਰਜੀਤ ਸਿੰਘ ਸੱਜਣ ਦੀ ਥਾਂ ਅਨੀਤਾ ਆਨੰਦ ਨੂੰ ਨਵਾਂ ਰੱਖਿਆ ਮੰਤਰੀ ਬਣਾਇਆ ਗਿਆ ਹੈ। ਸ੍ਰੀ ਸੱਜਣ ਹੁਣ ਕੌਮਾਂਤਰੀ ਵਿਕਾਸ ਨਾਲ ਸਬੰਧਤ ਵਿਭਾਗ ਵੇਖਣਗੇ। ਬਰਦੀਸ਼ ਚੱਗੜ ਸਮੇਤ ਤਿੰਨ ਜਣਿਆਂ ਨੂੰ ਲਾਂਭ ਕਰ ਕੇ ਕਮਲ ਖੈੜਾ ਸਮੇਤ 6 ਨਵੇਂ ਮੰਤਰੀ ਬਣਾਏ ਗਏ ਹਨ। ਬਰੈਂਪਟਨ ਪੱਛਮੀ ਹਲਕੇ ਤੋਂ ਤੀਜੀ ਵਾਰ ਜਿੱਤੀ ਬੀਬੀ ਕਮਲ ਖੈੜਾ ਬਜ਼ੁਰਗਾਂ ਦੇ ਮਾਮਲਿਆਂ ਦਾ ਕੰਮ ਵੇਖੇਗੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ 39 ਮੈਂਬਰੀ ਨਵੇਂ ਮੰਤਰੀ ਮੰਡਲ ਵਿੱਚ ਦੇਸ਼ ਦੇ



ਸਾਰੇ ਖੇਤਰਾਂ ਅਤੇ ਵਰਗਾਂ ਨੂੰ ਪ੍ਰਤੀਨਿਧਤਾ ਦਿੱਤੀ ਗਈ ਹੈ। ਮਾਨਸਿਕ ਬਿਮਾਰੀਆਂ ਤੇ ਨਸ਼ਿਆਂ ਵਿੱਚ ਗ੍ਰਸੇ ਲੋਕਾਂ ਬਾਰੇ ਨਵਾਂ ਮੰਤਰਾਲਾ ਬਣਾ ਕੇ ਉਸਦਾ ਜ਼ਿੰਮਾ ਕੈਰੋਲਿਨ ਬੈਨੇਟ ਨੂੰ ਸੌਂਪਿਆ ਗਿਆ ਹੈ। ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਨਾ ਹੋਣ ਦੇ ਦੋਸ਼ਾਂ ਵਿੱਚ ਘਿਰਦੀ ਰਹੀ ਬਰਦੀਸ਼ ਚੱਗੜ ਨੂੰ ਲਾਂਭੇ ਕਰ ਦਿੱਤਾ ਗਿਆ ਹੈ। ਸਰੀ ਤੋਂ ਚੌਥੀ ਵਾਰ ਜਿੱਤੇ ਸੁੱਖ ਧਾਲੀਵਾਲ 'ਤੇ ਇਸ ਵਾਰ ਵੀ ਗੁਣਾ ਨਹੀਂ ਪਿਆ। ਅਹਿਮਦ ਹੁਸੈਨ ਨੂੰ ਸਮਾਜਿਕ ਵਿਕਾਸ ਦੀ ਥਾਂ ਮਕਾਨ ਉਸਾਰੀ ਵਿਭਾਗ ਦਿੱਤਾ ਗਿਆ ਹੈ। ਕ੍ਰਿਸਟੀਆ ਫਰੀਲੈਂਡ ਪਹਿਲਾਂ ਵਾਂਗ ਹੀ ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਬਣੀ ਰਹੇਗੀ।



SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



ਭਗਵਾਨ ਵਾਲਮੀਕ ਜੀ




ਭਗਵਾਨ ਵਾਲਮੀਕ ਤੀਰਥ, ਅੰਮ੍ਰਿਤਸਰ



ਸ੍ਰੀ ਗੁਰੂ ਰਵਿਦਾਸ ਜੀ

# ਸ੍ਰਿਸ਼ਟੀਕਰਤਾ ਭਗਵਾਨ ਵਾਲਮੀਕ ਜੀ ਦੇ ਪਵਿੱਤਰ ਪ੍ਰਗਟ ਦਿਵਸ ਦੀਆਂ ਦੁਨੀਆਂ ਭਰ 'ਚ ਬੈਠੀ ਭਗਵਾਨ ਵਾਲਮੀਕ ਨਾਮ ਲੇਵਾ ਸੰਗਤ ਨੂੰ ਲੱਖ-ਲੱਖ ਮੁਬਾਰਕਾਂ ਜੀ

## ਭਗਵਾਨ ਵਾਲਮੀਕ ਜੀ ਦਾ ਪਵਿੱਤਰ ਪ੍ਰਗਟ ਦਿਵਸ 24 ਅਕਤੂਬਰ ਤੋਂ 31 ਅਕਤੂਬਰ 2021 ਤੱਕ 84/86 ਪਰਸੀ ਐਵਨਿਊ, ਯੂਬਾ ਸਿਟੀ ਵਿਖੇ ਬਹੁਤ ਹੀ ਸਤਿਕਾਰ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ ਜੀ

**ਸਮੂਹ ਸੰਗਤਾਂ ਨੂੰ ਸੱਤੇ ਦਿਨ ਗੁਰੂ ਚਰਨਾਂ ਹਾਜ਼ਰੀਆਂ ਲਗਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ**
















**ਗੁਰੂ ਘਰ ਦੇ ਸੇਵਾਦਾਰ**

ਗੁਰਨਾਮ ਸਿੰਘ ਭੰਡਾਲ (ਚੇਅਰਮੈਨ), ਪ੍ਰਸ਼ੋਤਮ ਸੂਦ (ਵਾਇਸ ਚੇਅਰਮੈਨ), ਸਿੰਗਾਰਾ ਸਿੰਘ ਰੱਲ੍ਹ (ਪ੍ਰਧਾਨ), ਮਹਿੰਦਰ ਸਿੰਘ ਰੱਤੂ, ਕੁਲਦੀਪ ਸਿੰਘ ਸੁੰਮਨ (ਜਨਰਲ ਸਕੱਤਰ), ਦਲਵਿੰਦਰ ਰੱਲ੍ਹ (ਵਾਇਸ ਜਨਰਲ ਸੈਕਟਰੀ), ਜਸਵਿੰਦਰ ਸਿੰਘ, ਰਾਮ ਸੇਵਕ ਭਾਟੀਆ (ਮੁੱਖ ਕੈਸ਼ੀਅਰ), ਜੱਸਪਾਲ ਜੱਸਲ (ਵਾਇਸ ਕੈਸ਼ੀਅਰ), ਗੁਰਦੀਪ ਸਿੰਘ ਹੀਰਾ (ਸਟੇਜ ਸਕੱਤਰ), ਕ੍ਰਿਸ਼ਨ ਸਿੰਘ, ਅਸ਼ੋਕ ਕੁਮਾਰ


**Sri Guru Ravidas Temple 1480 HAYNE AVE YUBA CITY, CA, Ph- 530-674-2564**

ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਆਖਿਰਕਾਰ ਹੱਤਿਆ ਦੇ ਦੋਸ਼ੀ ਸਮਿਥ ਨੂੰ ਲਾਇਆ ਜ਼ਹਿਰ ਦਾ ਟੀਕਾ

## ਤਕਰੀਬਨ 30 ਸਾਲਾਂ ਬਾਅਦ ਪੀੜਤ ਪਰਿਵਾਰ ਨੂੰ ਮਿਲਿਆ ਨਿਆਂ

**ਸੈਕਰਾਮੈਂਟੋ 23 ਅਕਤੂਬਰ–** ਬਹੁਤ ਹੀ ਬੇਰਹਿਮੀ ਨਾਲ 30 ਸਾਲ ਪਹਿਲਾਂ ਹੋਈ ਹੱਤਿਆ ਦੇ ਦੋਸ਼ੀ ਵਿਲੀ ਬੀ ਸਮਿੱਥ ਨੂੰ ਜ਼ਹਿਰ ਦਾ ਟੀਕਾ ਲਾ ਕੇ ਮੌਤ ਦੀ ਸਜ਼ਾ ਦਿੱਤੀ ਗਈ। ਸੁਪਰੀਮ ਕੋਰਟ ਵੱਲੋਂ ਦੋਸ਼ੀ ਦੁਆਰਾ ਆਖਿਰੀ ਪਲਾਂ ਵਿਚ ਆਪਣੀ ਮੌਤ ਦੀ ਸਜ਼ਾ ਵਿਰੁੱਧ ਦਾਇਰ ਕੀਤੀ ਗਈ ਅਪੀਲ ਨੂੰ ਰੱਦ ਕਰਨ ਉਪਰੰਤ ਅਟਮੋਰ, ਅਲਾਬਾਮਾ ਦੀ ਜੇਲ ਵਿਚ ਸਮਿੱਥ ਨੂੰ ਸੁਣਾਈ ਮੌਤ ਦੀ ਸਜ਼ਾ ਉਪਰ ਅਮਲ ਕੀਤਾ ਗਿਆ। ਅਟਰਾਨੀ ਜਨਰਲ ਦੇ ਦਫਤਰ ਅਨੁਸਾਰ ਸਮਿੱਥ ਨੂੰ ਸਥਾਨਕ ਸਮੇ ਅਨੁਸਾਰ ਸਵੇਰੇ 9।47 ਵਜੇ ਜ਼ਹਿਰੀਲਾ ਟੀਕਾ ਲਗਾਇਇਆ ਗਿਆ। ਸਮਿੱਥ ਨੂੰ 1991 ਵਿਚ 22 ਸਾਲਾ ਸ਼ਰਮਾ ਰੂਥ ਜੌਹਨਸਨ ਨੂੰ ਲੁੱਟਮਾਰ ਕਰਨ ਉਪਰੰਤ ਚੋਰੀ ਕੀਤੀ ਹੋਈ ਕਾਰ ਦੀ ਡਿੱਗੀ ਵਿਚ ਬੰਦ ਕਰਕੇ ਗੋਲੀ ਮਾਰ ਕੇ ਹੱਤਿਆ ਕਰ




ਦੇਣ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ। ਜਾਂਚਕਾਰ ਅਧਿਕਾਰੀਆਂ ਅਨੁਸਾਰ ਸਮਿਥ ਨੇ ਸ਼ਰਮਾ ਰੂਥ ਦੀ ਹੱਤਿਆ ਕਰਨ ਉਪਰੰਤ ਕਾਰ ਨੂੰ ਅੱਗ ਲਾ ਦਿੱਤੀ ਤਾਂ ਜੋ ਸਾਰੇ ਸਬੂਤਾਂ ਨੂੰ ਨਸ਼ਟ ਕੀਤਾ ਜਾ ਸਕੇ। ਲੰਬੀ ਕਾਨੂੰਨੀ ਲੜਾਈ ਉਪਰੰਤ ਇਸਤਗਾਸਾ ਪੱਖ ਦੋਸ਼ੀ ਦਾ ਜੁਰਮ ਸਾਬਤ ਕਰਨ ਵਿਚ ਸਫਲ ਰਿਹਾ। ਅਟਾਰਨੀ ਜਨਰਲ ਸਟੀਵ ਮਾਰਸ਼ਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸ਼ਰਮਾ ਜੌਹਨਸਨ ਪਰਿਵਾਰ ਨੂੰ ਨਿਆਂ ਵਾਸਤੇ 29 ਸਾਲ 11 ਮਹੀਨੇ 25 ਦਿਨ ਉਡੀਕ ਕਰਨੀ ਪਈ ਪਰੰਤੂ ਆਖਿਰਕਾਰ ਦੋਸ਼ੀ ਨੂੰ ਉਸ ਦੇ ਅੰਜਾਮ ਤੱਕ ਪਹੁੰਚਾਇਆ ਗਿਆ ਤੇ ਉਸ ਨੂੰ ਕੀਤੇ ਗੁਨਾਹ ਲਈ ਸਜ਼ਾ ਮਿਲੀ। ਇਥੇ ਜਿਕਰਯੋਗ ਹੈ ਕਿ ਇਸ ਸਾਲ ਫਰਵਰੀ ਵਿਚ ਸਮਿੱਥ ਨੇ ਦਾਇਰ ਪਟੀਸ਼ਨ ਵਿਚ ਕਿਹਾ ਸੀ ਕਿ ਉਸ ਦੇ ਅਧਿਆਤਮਿਕ ਸਲਾਹਕਾਰ ਦੀ ਹਾਜਰੀ ਵਿਚ ਮੌਤ ਦੀ ਸਜ਼ਾ ਉਪਰ ਅਮਲ ਕੀਤਾ ਜਾਵੇ ਜਿਸ 'ਤੇ ਸੁਪਰੀਮ ਕੋਰਟ ਨੇ ਮੌਤ ਦੀ ਸਜ਼ਾ ਉਪਰ ਅਮਲ ਰੋਕ ਦਿੱਤਾ ਸੀ। ਬਾਅਦ ਵਿਚ ਅਲਾਬਾਮਾ ਸਟੇਟ ਦੁਆਰਾ ਦੋਸ਼ੀ ਦੀ ਇੱਛਾ ਅਨੁਸਾਰ ਸਜ਼ਾ ਉਪਰ ਅਮਲ ਕਰਨ ਵਿਰੁੱਧ ਦਾਇਰ ਦਰਖਾਸਤ 'ਤੇ ਸੰਘੀ ਅਦਾਲਤ ਨੇ ਦੋਸ਼ੀ ਦੀ ਅਪੀਲ ਰੱਦ ਕਰ ਦਿੱਤੀ ਸੀ।

## ਦੂਸ਼ਿਤ ਪਾਣੀ ਕਾਰਨ ਅਮਰੀਕਾ ਦੇ ਬੈਨਟਨ ਹਾਰਬਰ ਸ਼ਹਿਰ ਵਿਚ ਹੰਗਾਮੀ ਸਥਿੱਤੀ ਐਲਾਨੀ

**ਸੈਕਰਾਮੈਂਟੋ 23 ਅਕਤੂਬਰ–** ਅਮਰੀਕਾ ਦੇ ਮਿਸ਼ੀਗਨ ਸੂਬੇ ਦੇ ਸ਼ਹਿਰ ਬੈਨਟਨ ਹਾਰਬਰ ਵਿਚ ਪਾਣੀ ਦੀਆਂ ਪਾਈਪਾਂ ਵਿਚ ਦੂਸ਼ਿਤ ਪਾਣੀ ਆਉਣ ਕਾਰਨ ਅਧਿਕਾਰੀਆਂ ਨੂੰ ਹੰਗਾਮੀ ਸਥਿੱਤੀ ਦਾ ਐਲਾਨ ਕਰਨਾ ਪਿਆ ਹੈ। ਮੇਅਰ ਮਾਰਕਸ ਮੁਹਮਦ ਨੇ ਕਿਹਾ ਹੈ ਕਿ ਇਹ ਕਦਮ ਇਸ ਲਈ ਚੁੱਕਿਆ ਗਿਆ ਹੈ ਤਾਂ ਜੋ ਪਾਈਪਾਂ ਨੂੰ ਤੇਜੀ ਨਾਲ ਬਦਲਿਆ ਜਾ ਸਕੇ। ਇਸ ਤੋਂ ਪਹਿਲਾਂ ਸਿਟੀ ਕਮਿਸ਼ਨ ਨੇ ਹੰਗਾਮੀ ਸਥਿੱਤੀ ਐਲਾਣਨ ਦੇ ਹੱਕ ਵਿਚ ਵੋਟ ਪਾਈ। ਮੇਅਰ ਨੇ ਕਿਹਾ ਕਿ ਉਹ ਰਾਜ ਤੇ ਸਥਾਨਕ ਲੀਡਰਾਂ ਦੇ ਤਾਲਮੇਲ ਨਾਲ ਸਮੱਸਿਆ ਨੂੰ ਨਜਿੱਠਣ ਲਈ ਕੰਮ ਕਰ ਰਹੇ ਹਨ। ਕਮਿਸ਼ਨਰ ਮੈਰੀ ਅਲਾਈਸ ਐਡਮਜ ਅਨੁਸਾਰ ਕਮਿਸ਼ਨ ਨੇ ਵਾਸ਼ਿੰਗਟਨ, ਡੀ ਸੀ ਵਿਚਲੇ ਚੁਣੇ ਹੋਏ ਅਧਿਕਾਰੀਆਂ ਦਾ ਧਿਆਨ ਖਿੱਚਣ ਲਈ ਹੰਗਾਮੀ ਸਥਿੱਤੀ ਐਲਾਣਨ ਦਾ ਫੈਸਲਾ ਕੀਤਾ ਹੈ ਕਿਉਂਕਿ ਹੋ ਸਕਦਾ ਹੈ ਕਿ ਉਨਾਂ ਨੂੰ ਦੇਸ਼ ਭਰ ਵਿਚ ਲੋਕਾਂ ਨੂੰ ਦਰਪੇਸ਼ ਇਸ ਕਿਸਮ ਦੀ ਸਮੱਸਿਆ ਦੀ ਭਿਆਨਕਤਾ ਬਾਰੇ ਪਤਾ ਹੀ ਨਾ ਹੋਵੇ। ਬੈਨਟਨ ਹਾਰਬਰ ਵਿਚ ਤਕਰੀਬਨ 10000 ਲੋਕ ਰਹਿੰਦੇ ਹਨ ਤੇ ਇਕ ਅੰਦਾਜੇ ਅਨੁਸਾਰ 85% ਆਬਾਦੀ ਸ਼ਾਹਫਿਆਮ ਲੋਕਾਂ ਦੀ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਰਾਜ ਦੇ ਅਧਿਕਾਰੀਆਂ ਨੇ ਸ਼ਹਿਰ ਦੇ ਲੋਕਾਂ ਨੂੰ ਬੋਤਲਾਂ ਵਾਲਾ ਪਾਣੀ ਪੀਣ ਲਈ ਕਿਹਾ ਸੀ।

## 'ਹਿਊਮੈਨ ਰਾਈਟਸ ਵਾਚ' ਨੇ ਬੰਗਲਾ ਦੇਸ਼ ਨੂੰ ਹਿੰਦੂਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ

### ਕਿਹਾ- ਹਿੰਸਾ ਉਪਰ ਕਾਬੂ ਪਾਉਣ ਲਈ ਤਾਕਤ ਦੀ ਵਰਤੋਂ ਤੋਂ ਗੁਰੇਜ ਕੀਤਾ ਜਾਵੇ

**ਸੈਕਰਾਮੈਂਟੋ 24 ਅਕਤੂਬਰ–** ਮਨੁੱਖੀ ਹੱਕਾਂ ਬਾਰੇ ਕੌਮਾਂਤਰੀ ਗਰੁੱਪ 'ਹਿਊਮੈਨ ਰਾਈਟਸ ਵਾਚ' ਨੇ ਬੰਗਲਾ ਦੇਸ਼ ਸਰਕਾਰ ਨੂੰ ਕਿਹਾ ਹੈ ਕਿ ਉਹ ਹਿੰਦੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਵੇ। ਇਸ ਦੇ ਨਾਲ ਹੀ ਗਰੁੱਪ ਨੇ ਹਿੰਦੂਆਂ ਵਿਰੁੱਧ ਹਿੰਸਾ ਉਪਰ ਕਾਬੂ ਪਾਉਣ ਲਈ ਤਾਕਤ ਦੀ ਵਰਤੋਂ ਤੋਂ ਗੁਰੇਜ ਕਰਨ ਲਈ ਕਿਹਾ ਹੈ।



'ਹਿਊਮੈਨ ਰਾਈਟਸ ਵਾਚ' ਦੇ ਏਸ਼ੀਆ ਮੁਖੀ ਬਰਾਡ ਐਡਮਜ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਭੀੜ ਉਪਰ ਸਿੱਧੀਆਂ ਗੋਲੀਆਂ ਚਲਾਉਣ ਤੋਂ ਬਚਿਆ ਜਾਵੇ ਤੇ ਸੰਭਲ ਕੇ ਕਾਰਵਾਈ ਕੀਤੀ ਜਾਵੇ। ਬਿਆਨ ਵਿਚ ਹਾਲਾਂ ਕਿ ਹਿੰਦੂਆਂ ਉਪਰ ਹਮਲਿਆਂ ਲਈ ਜਿੰਮੇਵਾਰਾਂ ਦਾ ਨਾਂ ਨਹੀਂ ਲਿਆ ਤੇ ਨਾ ਹੀ ਉਨਾਂ ਦੀ ਨਿੰਦਾ ਕੀਤੀ ਹੈ ਪਰੰਤੂ ਗਰੁੱਪ ਨੇ ਮੰਨਿਆ ਹੈ ਕਿ ਹਿੰਦੂ ਜੋ ਬੰਗਲਾਦੇਸ਼ ਦੀ ਮੁਸਲਮਾਨ ਆਬਾਦੀ ਦਾ ਤਕਰੀਬਨ 10% ਹਨ, ਉਪਰ ਅਕਸਰ ਹਮਲੇ ਹੁੰਦੇ ਹਨ। ਬਿਆਨ ਵਿਚ ਗਰੁੱਪ ਨੇ ਬੰਗਲਾ ਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵੱਲੋਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੀਤੇ ਫੋਨ ਦਾ ਵੀ ਜਿਕਰ ਕੀਤਾ ਹੈ ਜਿਸ ਦੌਰਾਨ ਹਸੀਨਾ ਨੇ ਭਾਰਤ ਵਿਚ ਫਿਰਕੂ ਹਿੰਸਾ ਖਤਮ ਕਰਨ ਲਈ ਕਿਹਾ ਸੀ ਜਿਥੇ ਸੱਤਾਧਾਰੀ ਪਾਰਟੀ ਵੱਲੋਂ ਘੱਟ ਗਿਣਤੀ ਮੁਸਲਮਾਨ ਭਾਈਚਾਰੇ ਨੂੰ ਨਿਸ਼ਾਨ ਬਣਾਇਆ ਜਾ ਰਿਹਾ ਹੈ। ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਦੀ ਚੋਣ ਲੜ ਚੁੱਕੇ ਟੁਲਸੀ ਗੈਬਰਡ ਨੇ ਬੰਗਲਾਦੇਸ਼ ਵਿਚ ਫਿਰਕੂ ਹਿੰਸਾ ਉਪਰ ਦੁੱਖ ਪ੍ਰਗਟ ਕਰਦਿਆਂ ਜਹਾਦੀਆਂ ਵੱਲੋਂ ਮੰਦਰ ਨੂੰ ਨੁਕਸਾਨ ਪਹੁੰਚਾਉਣ ਦੀ ਤਿੱਖੀ ਨਿੰਦਾ ਕੀਤੀ ਹੈ।

## ਟੈਕਸਾਸ ਵਿਚ 'ਡਰੈਗ ਦੌੜ' ਦੌਰਾਨ ਇਕ ਗੱਡੀ ਲੋਕਾਂ ਉਪਰ ਚੜ੍ਹੀ, ਦੋ ਬੱਚਿਆਂ ਦੀ ਮੌਤ, 8 ਹੋਰ ਜ਼ਖਮੀ

**ਸੈਕਰਾਮੈਂਟੋ 25 ਅਕਤੂਬਰ–** ਕੇਰਵਿਲੇ, ਟੈਕਸਾਸ ਵਿਚ 'ਡਰੈਗ ਦੌੜ' ਵਿਚ ਹਿੱਸਾ ਲੈ ਰਹੀ ਇਕ ਗੱਡੀ ਦਾ ਨਿਯੰਤਰਣ ਵਿਗੜਣ ਕਾਰਨ ਦਰਸ਼ਕਾਂ ਉਪਰ ਜਾ ਚੜੀ ਜਿਸ ਕਾਰਨ 6 ਤੇ 8 ਸਾਲ ਦੇ ਦੋ ਲੜਕਿਆਂ ਦੀ ਮੌਤ ਹੋ ਗਈ ਤੇ 8 ਹੋਰ ਦਰਸ਼ਕ ਜਖਮੀ ਹੋ ਗਏ। ਜਖਮੀਆਂ ਵਿਚ ਇਕ 3 ਮਹੀਨੇ ਦੀ ਬੱਚੀ ਸਮੇਤ ਦੋ ਬੱਚੇ ਵੀ ਸ਼ਾਮਿਲ ਹਨ। ਇਹ ਜਾਣਕਾਰੀ ਪੁਲਿਸ ਵਿਭਾਗ ਵੱਲੋਂ ਦਿੱਤੀ ਗਈ ਹੈ। ਇਸ ਦੌੜ ਦਾ ਅਯੋਜਨ ਸੈਨ ਐਨਟੋਨੀਓ ਤੋਂ ਤਕਰੀਬਨ 70 ਮੀਲ ਦੂਰ ਕੇਰਵਿਲੇ-ਕੇਰ ਕਾਊਂਟੀ ਹਵਾਈ ਅੱਡੇ ਉਪਰ



ਕੀਤਾ ਗਿਆ ਸੀ। ਇਸ ਦੌੜ ਦੀ ਅਯੋਜਕ 'ਫਲਾਇੰਗ ਡੀਜ਼ਲ ਪਰਫਾਰਮੰਸ' ਕੰਪਨੀ ਦੇ ਪ੍ਰਤੀਨਿੰਧ ਰੌਸ ਦੁਨਾਗਨ ਨੇ ਕਿਹਾ ਹੈ ਕਿ ਹਾਦਸੇ ਉਪਰੰਤ ਦੌੜ ਖਤਮ ਕਰ ਦਿੱਤੀ ਗਈ ਹੈ।


ਇਸ ਦੌੜ ਦੇ ਜੇਤੂਆਂ ਨੂੰ ਕੁਲ 10,000 ਡਾਲਰ ਦੇ ਇਨਾਮ ਦਿੱਤੇ ਜਾਂਦੇ ਹਨ। ਪੁਲਿਸ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ। ਹਾਦਸੇ ਸਮੇ ਹਜਾਰਾਂ ਦਰਸ਼ਕ ਮੌਜੂਦ ਸਨ ਤੇ 150 ਦੇ ਆਸ ਪਾਸ ਗੱਡੀਆਂ ਦੌੜ ਵਿਚ ਹਿੱਸਾ ਲੈ ਰਹੀਆਂ ਸਨ।

## ਭਾਰਤੀ ਮੂਲ ਦੀ ਨੀਰਾ ਟੰਡਨ ਰਾਸ਼ਟਰਪਤੀ ਦੀ ਸਟਾਫ ਸਕੱਤਰ ਨਿਯੁਕਤ



**ਸੈਕਰਾਮੈਂਟੋ 24 ਅਕਤੂਬਰ–** ਵਾਈਟ ਹਾਊਸ ਦੀ ਸੀਨੀਅਰ ਸਲਾਹਕਾਰ ਭਾਰਤੀ ਮੂਲ ਦੀ ਅਮਰੀਕਨ ਨੀਰਾ ਟੰਡਨ ਨੂੰ ਰਾਸ਼ਟਰਪਤੀ ਜੋ ਬਾਈਡਨ ਦੀ ਸਟਾਫ ਸਕੱਤਰ ਵਜੋਂ ਨਾਮਜ਼ਦ ਕੀਤਾ ਗਿਆ ਹੈ। ਟੰਡਨ ਸੈਂਟਰ ਫਾਰ ਅਮੈਰਕੀਨ ਪ੍ਰੋਗ੍ਰੈਸ ਦੀ ਸਾਬਕਾ ਪ੍ਰਧਾਨ ਹੈ ਜਿਨਾਂ ਨੂੰ ਇਸ ਸਾਲ ਦੇ ਸ਼ੁਰੂ ਵਿਚ ਵਾਈਟ ਹਾਊਸ ਦੇ ਬਜਟ ਡਾਇਰੈਕਟਰ ਵਜੋਂ ਨਾਮਜ਼ਦ ਕੀਤਾ ਗਿਆ ਸੀ ਪਰੰਤੂ ਬਾਅਦ ਵਿਚ ਵਾਈਟ ਹਾਊਸ ਦੀ ਸੀਨੀਅਰ ਸਲਾਹਕਾਰ ਨਿਯੁਕਤ ਕੀਤਾ ਗਿਆ ਸੀ। ਵਾਈਟ ਹਾਊਸ ਦੇ ਇਕ ਅਧਿਕਾਰੀ ਨੇ ਕਿਹਾ ਹੈ ਕਿ ਟੰਡਨ ਦੀ ਜਿੰਮੇਵਾਰੀ ਵਿਚ ਵਾਧਾ ਕੀਤਾ ਗਿਆ ਹੈ। ਉਹ ਵਾਈਟ ਹਾਊਸ ਦੀ ਕੇਂਦਰੀ ਪ੍ਰਣਾਲੀ ਵਿਚ ਸਟਾਫ ਸਕੱਤਰ ਵਜੋਂ ਭੂਮਿਕਾ ਨਿਭਾਵੇਗੀ। ਉਹ ਰਾਸ਼ਟਰਪਤੀ ਲਈ ਨਿਰਨਾਗੱਤ ਪ੍ਰਕ੍ਰਿਆ ਨੂੰ ਅੱਗੇ ਵਧਾਵੇਗੀ ਤੇ ਹੋਰ ਅਨੇਕਾਂ ਮੁੱਦਿਆਂ ਉਪਰ ਰਾਸ਼ਟਰਪਤੀ ਲਈ ਕੰਮ ਕਰੇਗੀ। ਟੰਡਨ ਮੌਜੂਦਾ ਸਟਾਫ ਸਕੱਤਰ ਜੈਸਿਕਾ ਹਰਟਜ਼ ਦੀ ਜਗਾ ਲਵੇਗੀ ਜਿਸ ਨੇ ਹਾਲ ਹੀ ਵਿਚ ਅਹੁੱਦਾ ਛੱਡਣ ਦਾ ਐਲਾਨ ਕੀਤਾ ਸੀ।

## ਅਮਰੀਕਾ ਦੇ ਕਈ ਰਾਜਾਂ ਤੇ ਸ਼ਹਿਰਾਂ ਨੇ ਅਕਤੂਬਰ ਨੂੰ 'ਹਿੰਦੂ ਵਿਰਾਸਤ ਮਹੀਨਾ' ਐਲਾਨਿਆ



**ਸੈਕਰਾਮੈਂਟੋ 25 ਅਕਤੂਬਰ–** ਅਮਰੀਕਾ ਦੇ ਕਈ ਰਾਜਾਂ ਤੇ ਸ਼ਹਿਰਾਂ ਨੇ ਅਕਤੂਬਰ ਨੂੰ 'ਹਿੰਦੂ ਵਿਰਾਸਤ ਮਹੀਨੇ' ਵਜੋਂ ਮਾਨਤਾ ਦਿੱਤੀ ਹੈ। ਇਨਾਂ ਵਿਚ ਦੱਖਣੀ ਕੈਲੀਫੋਰਨੀਆ ਦੇ ਇਰਵਾਈਨ, ਅਨਾਹੀਮ ਤੇ ਰਿਵਰਸਾਈਡ ਸ਼ਹਿਰ ਵੀ ਸ਼ਾਮਿਲ ਹਨ। ਬੀਤੇ ਦਿਨ ਇਰਵਾਈਨ ਵਿਚ ਹਿੰਦੂ ਭਾਈਚਾਰੇ ਦੀ ਤਰਫੋਂ ਹਿੰਦੂਆਂ ਦੇ ਵੱਖ ਵੱਖ ਆਗੂਆਂ ਤੇ ਹੋਰ ਲੋਕਾਂ ਨੇ ਅਕਤੂਬਰ ਨੂੰ 'ਹਿੰਦੂ ਵਿਰਾਸਤ ਮਹੀਨਾ' ਐਲਾਨੇ ਜਾਣ ਸਬੰਧੀ ਸਿਟੀ ਕੌਂਸਲ ਕੋਲੋਂ ਪੱਤਰ ਪ੍ਰਾਪਤ ਕੀਤਾ।

ਸ਼ਹਿਰ ਦੇ ਮੇਅਰ ਫਰਾਹ ਖਾਨ ਨੇ ਅਕਤੂਬਰ ਨੂੰ 'ਹਿੰਦੂ ਵਿਰਾਸਤ ਮਹੀਨਾ' ਐਲਾਨੇ ਜਾਣ ਸਬੰਧੀ ਪੱਤਰ ਪੜਿਆ ਤੇ ਇਸ ਪੱਤਰ ਨੂੰ ਮੌਜੂਦ ਹਿੰਦੂ ਭਾਈਚਾਰੇ ਦੇ ਪ੍ਰਤੀਨਿੱਧੀਆਂ ਨੂੰ ਸੌਂਪਿਆ। ਇਸ ਪੱਤਰ ਵਿਚ ਕਿਹਾ ਗਿਆ ਹੈ ਕਿ "ਅਮਰੀਕੀ ਹਿੰਦੂਆਂ ਨੇ ਸਾਇੰਸ, ਸਿੱਖਿਆ, ਦਵਾਈਆਂ, ਰਾਜਨੀਤੀ, ਕਾਰੋਬਾਰ, ਸਭਿਆਚਾਰ ਤੇ ਖੇਡਾਂ ਸਮੇਤ ਹਰ ਖੇਤਰ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ।

ਹਿੰਦੂ ਵਿਰਾਸਤ, ਸਭਿਆਚਾਰ, ਰਵਾਇਤਾਂ ਤੇ ਕਦਰਾਂ-ਕੀਮਤਾਂ ਨੇ ਸਾਡੇ ਇਸ ਮਹਾਨ ਸ਼ਹਿਰ ਤੇ ਰਾਜ ਨੂੰ ਹੋਰ ਅਮੀਰ ਕੀਤਾ ਹੈ।" ਹਿੰਦੂ ਭਾਈਚਾਰੇ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਇਸ ਮੌਕੇ ਅਨੇਕਾਂ ਬੁਲਾਰਿਆਂ ਨੇ ਹਿੰਦੂ ਧਰਮ ਬਾਰੇ ਜਾਣਕਾਰੀ ਦਿੱਤੀ। ਇਨਾਂ ਆਗੂਆਂ ਵਿਚ ਹਿੰਦੂ ਸੇਵਕ ਸੰਘ ਦੇ ਪ੍ਰਤੀਨਿੱਧ ਦਿਵਿਆ ਪ੍ਰਭਾ ਵੀ ਸ਼ਾਮਿਲ ਸੀ। ਉਨਾਂ ਨੇ ਸੰਬੋਧਨ ਕਰਦਿਆਂ ਸੰਸਕ੍ਰਿਤ ਦੇ ਸਲੋਕ ' ਵਾਸੂਦੇਵਾ ਕੁਟੁਮਬਕਮ' ਦਾ ਜਿਕਰ ਕਰਦਿਆਂ ਕਿਹਾ ਕਿ ਸਮੁੱਚਾ ਵਿਸ਼ਵ ਇਕ ਪਰਿਵਾਰ ਹੈ ਤੇ ਸਾਰੀ ਮਾਨਵ ਜਾਤੀ ਖੁਸ਼, ਸਿਹਤਮੰਦ ਤੇ ਖੁਸ਼ਹਾਲ ਹੋਵੇ। ਇਹ ਹੀ ਹਿੰਦੂ ਧਰਮ ਦਾ ਉਦੇਸ਼ ਹੈ।

ਉਨਾਂ ਨੇ ਮਾਨਵ ਜਾਤੀ ਦੀ ਸੇਵਾ ਦਾ ਸੱਦਾ ਦਿੱਤਾ। ਉਨਾਂ ਕਿਹਾ ਕਿ ਸੇਵਾ ਹੀ ਮਾਨਵ ਜਾਤੀ ਨੂੰ ਉਤਮ ਬਣਾਉਂਦੀ ਹੈ ਤੇ ਮਾਨਵ ਜਾਤੀ ਨੂੰ ਇਕ ਦੂਸਰੇ ਨੂੰ ਸਮਝਣ ਦਾ ਮੌਕਾ ਦਿੰਦੀ ਹੈ। ਇਸ ਮੌਕੇ ਮਿਨੀਸੋਟਾ ਵਾਸੀ ਵਿਜੇਂਦਰ ਅਗਰਵਾਲ ਨੇ ਦੱਸਿਆ ਕਿ ਅਮਰੀਕਾ ਦੇ 20 ਰਾਜ ਤੇ ਇਕ ਦਰਜਨ ਸ਼ਹਿਰ ਅਕਤੂਬਰ ਨੂੰ 'ਹਿੰਦੂ ਵਿਰਾਸਤ ਮਹੀਨੇ' ਵਜੋਂ ਮਾਨਤਾ ਦੇ ਚੁੱਕੇ ਹਨ।

## ਫਲੋਰਿਡਾ ਵਿਚ ਪੁਲਿਸ ਤੇ ਸ਼ੱਕੀ ਵਿਚਾਲੇ ਗੋਲੀਬਾਰੀ ਦੌਰਾਨ ਦੋ ਪੁਲਿਸ ਅਫਸਰ ਜ਼ਖਮੀ

**ਸੈਕਰਾਮੈਂਟੋ 25 ਅਕਤੂਬਰ–** ਡੋਰਲ, ਫਲੋਰਿਡਾ ਵਿਚ ਹੋਈ ਗੋਲੀਬਾਰੀ ਦੌਰਾਨ ਦੋ ਪੁਲਿਸ ਅਫਸਰ ਜ਼ਖਮੀ ਹੋ ਗਏ । ਪੁਲਿਸ ਅਨੁਸਾਰ ਗੋਲੀਬਾਰੀ ਦੀ ਘਟਨਾ ਮਿਆਮੀ ਡੇਡ ਪੁਲਿਸ ਸਟੇਸ਼ਨ ਦੇ ਬਾਹਰਵਾਰ ਵਾਪਰੀ। ਡੋਰਲ ਪੁਲਿਸ ਵਿਭਾਗ ਦੇ ਬੁਲਾਰੇ ਰੇਵ ਵਲਡਸ ਨੇ ਕਿਹਾ ਹੈ ਕਿ ਪੁਲਿਸ ਤੇ ਸ਼ੱਕੀ ਵਿਅਕਤੀ ਵਿਚਾਲੇ ਹੋਏ ਗੋਲੀਆਂ ਦੇ ਵਟਾਂਦਰੇ ਦੌਰਾਨ ਸ਼ੱਕੀ ਵਿਅਕਤੀ ਮਾਰਿਆ ਗਿਆ। ਮਾਰੇ ਗਏ ਸ਼ੱਕੀ ਵਿਅਕਤੀ ਦੀ ਪਛਾਣ 25 ਸਾਲਾ ਯੋਰਡੈਨੀ ਰੋਡਰਿਗਜ਼ ਪਰੇਜ਼ ਵਜੋਂ ਹੋਈ ਹੈ। ਵਲਡਸ ਨੇ ਕਿਹਾ ਕਿ ਜ਼ਖਮੀ ਪੁਲਿਸ ਅਫਸਰਾਂ ਦੀ ਹਾਲਤ ਵਿਚ ਸੁਧਾਰ ਆ ਰਿਹਾ ਹੈ ਤੇ ਉਹ ਖਤਰੇ ਤੋਂ ਬਾਹਰ ਹਨ।

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਗੁਰਿੰਦਰਜੀਤ ਨੀਟਾ ਮਾਛੀਕੇ



ਕੁਲਵੰਤ ਧਾਲੀਆਂ

# ਉਪ ਰਾਸ਼ਟਰਪਤੀ ਕਮਲਾ ਹੈਰਿਸ ਅਗਲੇ ਮਹੀਨੇ ਕਰਨਗੇ ਫਰਾਂਸ ਦਾ ਦੌਰਾ

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਅਗਲੇ ਮਹੀਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨਾਲ ਗੱਲਬਾਤ ਕਰਨ ਲਈ ਪੈਰਿਸ ਜਾਣਗੇ। ਵਾਈਟ ਹਾਊਸ ਨੇ ਹੈਰਿਸ ਦੇ ਫਰਾਂਸ ਦੌਰੇ ਦੀ ਘੋਸ਼ਣਾ ਕਰਦਿਆਂ ਦੱਸਿਆ ਕਿ ਰਾਸ਼ਟਰਪਤੀ ਜੋ ਬਾਈਡੇਨ ਅਤੇ ਮੈਕਰੋਨ ਨੇ ਸ਼ੁੱਕਰਵਾਰ ਨੂੰ ਫੋਨ 'ਤੇ ਵੀ ਗੱਲਬਾਤ ਕੀਤੀ ਹੈ। ਇਸਦੇ ਇਲਾਵਾ ਦੋਵੇਂ ਦੇਸ਼ਾਂ ਦੇ ਰਾਸ਼ਟਰਪਤੀਆਂ ਦੀ ਇਸ ਮਹੀਨੇ ਦੇ ਅੰਤ ਵਿੱਚ ਰੋਮ ਵਿੱਚ ਮੁਲਾਕਾਤ ਹੋਣ ਵਾਲੀ ਹੈ। ਮੈਕਰੋਨ ਨਾਲ ਮੁਲਾਕਾਤ ਤੋਂ ਇਲਾਵਾ, ਹੈਰਿਸ 11 ਨਵੰਬਰ ਨੂੰ ਸਾਲਾਨਾ ਪੈਰਿਸ ਪੀਸ ਫੋਰਮ ਵਿਖੇ ਭਾਸ਼ਣ ਦੇਵੇਗੀ ਅਤੇ ਅਗਲੇ ਦਿਨ ਲੀਬੀਆ ਬਾਰੇ



ਪੈਰਿਸ ਕਾਨਫਰੰਸ ਵਿੱਚ ਹਿੱਸਾ ਲਵੇਗੀ। ਇਸ ਦੌਰੇ ਲਈ ਉਸਦੇ ਪਤੀ ਡਗਲਸ ਐਮਹੌਫ ਵੀ ਨਾਲ ਹੋਣਗੇ। ਇਹ ਮੁਲਾਕਾਤ ਬਾਈਡੇਨ ਪ੍ਰਸ਼ਾਸਨ ਦੁਆਰਾ ਫਰਾਂਸ ਨਾਲ ਆਪਣੇ ਸਬੰਧਾਂ ਨੂੰ ਸੁਖਾਵੇਂ ਕਰਨ ਦੀ ਕੋਸ਼ਿਸ਼ ਦੇ ਵਿਚਕਾਰ ਆਈ ਹੈ ਜੋ ਪਿਛਲੇ ਮਹੀਨੇ ਆਸਟਰੇਲੀਆ ਨੂੰ ਪ੍ਰਮਾਣੂ ਐਨਰਜੀ ਨਾਲ ਚੱਲਣ ਵਾਲੀਆਂ ਪਣਡੁੱ-ਬੀਆਂ ਵੇਚਣ ਲਈ ਐਲਾਨੇ ਗਏ ਯੂ ਐਸ ਸਮਝੌਤੇ ਦੁਆਰਾ ਤਣਾਅਪੂਰਨ ਹੋ ਗਏ ਸਨ। ਹੈਰਿਸ ਦੇ ਸੀਨੀਅਰ ਸਲਾਹਕਾਰ ਸਿਮੋਨ ਸੈਂਡਰਜ਼ ਅਨੁਸਾਰ ਉਹ ਵਿਸ਼ਵ ਸ਼ਾਂਤੀ ਅਤੇ ਸੁਰੱਖਿਆ ਲਈ ਸਬੰਧਾਂ ਦੇ ਮਹੱਤਵ ਬਾਰੇ ਚਰਚਾ ਕਰਨਗੇ ਅਤੇ ਕੋਵਿਡ-19 ਬਾਰੇ ਵਿਚਾਰ ਵਟਾਂਦਰੇ ਵੀ ਮੁਲਾਕਾਤ ਦੌਰਾਨ ਕੀਤੇ ਜਾਣਗੇ।

# ਟੈਕਸਾਸ ਵਿੱਚ ਕ੍ਰੈਸ਼ ਹੋਇਆ ਜਹਾਜ਼ 10 ਮਹੀਨਿਆਂ ਤੋਂ ਨਹੀਂ ਸੀ ਉੱਡਿਆ

**ਫਰਿਜ਼ਨੋ (ਕੈਲੀਫੋਰਨੀਆ)**– ਟੈਕਸਾਸ ਦੇ ਹਿਊਸਟਨ ਵਿੱਚ ਮੰਗਲਵਾਰ ਨੂੰ ਏਅਰਪੋਰਟ 'ਤੇ ਹਾਦਸਾਗ੍ਰਸਤ ਹੋਏ ਯਾਤਰੀ ਜਹਾਜ਼ ਦੀ ਜਾਂਚ ਵਿੱਚ ਪਾਇਆ ਗਿਆ ਹੈ ਕਿ ਇਹ ਜਹਾਜ਼ ਪਿਛਲੇ ਤਕਰੀਬਨ 10 ਮਹੀਨਿਆਂ ਤੋਂ ਉਡਾਇਆ ਨਹੀਂ ਗਿਆ ਸੀ। ਇਸ ਸਬੰਧੀ ਫੈਡਰਲ ਅਧਿਕਾਰੀਆਂ ਨੇ ਵੀਰਵਾਰ ਨੂੰ ਦੱਸਿਆ ਕਿ ਟੈਕਸਾਸ ਹਵਾਈ ਅੱਡੇ 'ਤੇ ਕ੍ਰੈਸ਼ ਹੋਇਆ ਇੱਕ ਪ੍ਰਾਈਵੇਟ ਜਹਾਜ਼ ਦਸੰਬਰ ਤੋਂ ਨਹੀਂ ਉਡਾਇਆ ਗਿਆ ਸੀ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਦੇ ਮੈਂਬਰ ਮਾਈਕਲ ਗ੍ਰਾਹਮ ਅਨੁਸਾਰ ਜਹਾਜ਼ ਨੇ ਮੰਗਲਵਾਰ ਨੂੰ ਬਰੁਕਸ਼ਾਇਰ ਦੇ ਹਿਊਸਟਨ ਐਗਜ਼ੀਕਿਊਟਿਵ ਏਅਰਪੋਰਟ ਦੇ ਰਨਵੇ 'ਤੇ 1,200 ਫੁੱਟ (365 ਮੀਟਰ) ਟਾਇਰ ਦੇ ਨਿਸ਼ਾਨ ਛੱਡੇ ਸਨ। ਗ੍ਰਾਹਮ ਨੇ ਇਸ ਬਾਰੇ ਅੰਦਾਜ਼ਾ ਨਹੀਂ ਲਗਾਇਆ ਕਿ ਪਾਇਲਟਾਂ ਨੇ ਬ੍ਰੇਕ ਕਿਉਂ ਲਗਾਏ ਜਾਂ ਉਹ ਮੈਕਡੋਨਲ ਡਗਲਸ ਐਮਡੀ -87 ਜਹਾਜ਼ ਨੂੰ



ਰੋਕਣ ਵਿੱਚ ਅਸਮਰੱਥ ਕਿਉਂ ਰਹੇ। ਇਸ ਸਬੰਧੀ ਜਾਂਚਕਰਤਾ ਦੋ ਪਾਇਲਟਾਂ ਅਤੇ ਜਹਾਜ਼ ਦੇ ਮਕੈਨਿਕ ਦੀ ਇੰਟਰਵਿਊ ਕਰ ਰਹੇ ਹਨ। ਹਾਦਸੇ ਕਾਰਨ ਜਹਾਜ਼ ਨੂੰ ਅੱਗ ਦੀਆਂ ਲਪਟਾਂ ਨੇ ਪੂਰੀ ਤਰ੍ਹਾਂ ਸਾੜ ਦਿੱਤਾ ਸੀ ਪਰ ਬੋਰਡ ਦੇ ਅਨੁਸਾਰ, ਜਹਾਜ਼ ਵਿੱਚ ਸਵਾਰ ਸਾਰੇ 21 ਲੋਕ ਬਚ ਗਏ ਸਨ ਅਤੇ ਉਨ੍ਹਾਂ ਵਿੱਚੋਂ ਸਿਰਫ ਦੋ ਨੂੰ ਹੀ ਮਾਮੂਲੀ ਸੱਟਾਂ ਲੱਗੀਆਂ ਸਨ। ਜਹਾਜ਼ ਦੀ ਮਲਕੀਅਤ ਹਿਊਸਟਨ ਖੇਤਰ ਵਿੱਚ ਇੱਕ ਨਿਵੇਸ਼ ਫਰਮ ਦੀ ਸੀ ਅਤੇ ਫਰਮ ਦਾ ਮਾਲਕ ਜਹਾਜ਼ ਵਿੱਚ ਸੀ। ਐਨ ਟੀ ਐਸ ਬੀ ਨੇ ਜਹਾਜ਼ ਦੇ ਫਲਾਈਟ ਰਿਕਾਰਡਰ ਬਰਾਮਦ ਕੀਤੇ ਹਨ ਅਤੇ ਵਾਸ਼ਿੰਗਟਨ ਵਿੱਚ ਆਪਣੀ ਲੈਬ ਵਿੱਚ ਉਨ੍ਹਾਂ ਦਾ ਵਿਸ਼ਲੇਸ਼ਣ ਕਰਨਾ ਸ਼ੁਰੂ ਕਰ ਦਿੱਤਾ ਹੈ। ਜਾਂਚ ਬੋਰਡ ਨੂੰ ਆਮ ਤੌਰ 'ਤੇ ਅੰਤਿਮ ਰਿਪੋਰਟ ਜਾਰੀ ਕਰਨ ਅਤੇ ਦੁਰਘਟਨਾ ਦੇ ਕਾਰਨ ਦਾ ਪਤਾ ਲਗਾਉਣ ਲਈ 12 ਤੋਂ 18 ਮਹੀਨੇ ਲੱਗਦੇ ਹਨ।

# ਬਾਈਡੇਨ ਪ੍ਰਸ਼ਾਸਨ ਦੌਰਾਨ ਹਜ਼ਾਰਾਂ ਇਕੱਲੇ ਗੈਰ ਕਾਨੂੰਨੀ ਬੱਚਿਆਂ ਨੇ ਕੀਤੀ ਸਰਹੱਦ ਪਾਰ



**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਵਿੱਚ ਹਰ ਸਾਲ ਇਕੱਲੇ ਗੈਰਕਾਨੂੰਨੀ ਬੱਚੇ ਸਰਹੱਦ ਪਾਰ ਕਰਕੇ ਅਮਰੀਕਾ 'ਚ ਦਾਖਲ ਹੁੰਦੇ ਹਨ। ਇਸ ਸਬੰਧੀ ਇੱਕ ਨਵੀਂ ਰਿਪੋਰਟ ਦੇ ਅਨੁਸਾਰ, ਰਾਸ਼ਟਰਪਤੀ ਜੋਅ ਬਾਈਡੇਨ ਦੁਆਰਾ ਜਨਵਰੀ ਵਿੱਚ ਸੱਤਾ ਸੰਭਾਲਣ ਤੋਂ ਬਾਅਦ ਤੋਂ 125,000 ਤੋਂ ਵੱਧ ਗੈਰਕਾਨੂੰਨੀ ਇਕੱਲੇ ਬੱਚੇ ਦੱਖਣੀ ਸਰਹੱਦ 'ਤੇ ਪਹੁੰਚੇ ਹਨ। ਅੰਕੜਿਆਂ ਅਨੁਸਾਰ ਫਰਵਰੀ ਤੋਂ ਅਗਸਤ ਤੱਕ 112,433 ਬੱਚਿਆਂ ਨੇ ਉਨ੍ਹਾਂ ਦੇ ਮਾਪਿਆਂ ਤੋਂ ਬਿਨਾਂ ਸਰਹੱਦ ਪਾਰ ਕੀਤੀ ਅਤੇ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੇ ਅੰਕੜਿਆਂ ਅਨੁਸਾਰ ਸਤੰਬਰ ਅਤੇ ਅਕਤੂਬਰ ਦੇ ਪਹਿਲੇ ਕੁੱਝ ਹਫਤਿਆਂ ਵਿੱਚ ਵੀ ਤਕਰੀਬਨ 15,000 ਹੋਰ ਬੱਚੇ ਸਰਹੱਦ ਪਾਰ ਕਰਕੇ ਆਏ ਹਨ। ਜਦਕਿ ਰਿਪੋਰਟ ਅਨੁਸਾਰ ਹੋਮਲੈਂਡ ਸਿਕਿਓਰਿਟੀ ਵਿਭਾਗ ਦੁਆਰਾ ਅਜੇ ਅਧਿਕਾਰਤ ਅੰਕੜੇ ਜਾਰੀ ਕੀਤੇ ਜਾਣੇ ਹਨ। ਇਸ ਰਿਪੋਰਟ ਦੇ ਤਹਿਤ ਬੱਚੇ ਮੁੱਖ ਤੌਰ ਤੇ ਮੱਧ ਅਮਰੀਕੀ ਦੇਸ਼ਾਂ ਤੋਂ ਆਉਂਦੇ ਹਨ, ਪਰ ਹਾਲ ਹੀ ਵਿੱਚ ਦੱਖਣੀ ਅਮਰੀਕਾ ਤੋਂ ਵੀ ਬੱਚੇ ਯਾਤਰਾ ਕਰ ਰਹੇ ਹਨ। ਬਾਈਡੇਨ ਪ੍ਰਸ਼ਾਸਨ ਦੁਆਰਾ ਸਾਬਕਾ ਰਾਸ਼ਟਰਪਤੀ ਟਰੰਪ ਦੁਆਰਾ ਲਾਗੂ ਕੀਤੀਆਂ ਕੁੱਝ ਸਰਹੱਦੀ ਨੀਤੀਆਂ ਵਿੱਚ ਢਿੱਲ ਦਿੱਤੇ ਜਾਣ ਦੇ ਬਾਅਦ ਗੈਰ

# ਕੈਲੀਫੋਰਨੀਆ ਦੇ ਗਵਰਨਰ ਨੇ ਸਪਲਾਈ ਚੇਨ ਸੰਕਟ ਨਾਲ ਨਜਿੱਠਣ ਲਈ ਆਦੇਸ਼ਾਂ 'ਤੇ ਕੀਤੇ ਦਸਤਖਤ

**ਫਰਿਜ਼ਨੋ (ਕੈਲੀਫੋਰਨੀਆ)**– ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਬੁੱਧਵਾਰ ਨੂੰ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ ਜੋ ਸਪਲਾਈ ਚੇਨ ਸੰਕਟ ਨੂੰ ਦੂਰ ਕਰਨ ਲਈ ਸਟੇਟ ਏਜੰਸੀਆਂ ਨੂੰ ਵੱਖ -ਵੱਖ ਸਮਾਧਾਨਾਂ ਦੀ ਪਛਾਣ ਕਰਨ ਦੇ ਨਿਰਦੇਸ਼ ਦਿੰਦਾ ਹੈ। ਗੈਵਿਨ ਨਿਊਸਮ ਅਨੁਸਾਰ ਕੈਲੀਫੋਰਨੀਆ ਦੀਆਂ ਬੰਦਰਗਾਹਾਂ ਸਥਾਨਕ, ਸਟੇਟ ਅਤੇ ਰਾ-ਸ਼ਟਰੀ ਅਰਥਵਿਵਸਥਾਵਾਂ ਲਈ ਮਹ-ੱਤਵਪੂਰਨ ਹਨ। ਜਿਸ ਲਈ ਸਾਮਾਨ ਦੀ ਸਪਲਾਈ ਨੂੰ ਸਮਰਥਨ ਦੇਣ ਲਈ ਇਹ ਕਾਰਵਾਈ ਕੀਤੀ ਜਾ ਰਹੀ ਹੈ। ਇਹਨਾਂ ਆਦੇਸ਼ਾਂ ਤਹਿਤ ਨਿਊਸਮ ਨੇ ਰਾਜ ਦੀਆਂ ਏਜੰਸੀਆਂ ਨੂੰ ਕਿਹਾ ਹੈ ਕਿ ਉਹ ਵਧੇਰੇ ਵਸਤੂਆਂ ਲਿਜਾਣ ਲਈ ਵਾਹਨ ਦੇ ਭਾਰ ਦੀ ਸੀਮਾ ਤੋਂ ਸੰਭਾਵਤ ਅਸਥਾਈ ਛੋਟ ਲਈ ਮਾਰਗਾਂ ਦੀ ਪਛਾਣ ਕਰਨ ਅਤੇ



ਗੈਰ-ਰਾਜ ਸਥਾਨਾਂ ਦੀ ਪਛਾਣ ਕਰਨ ਜੋ ਕਿ ਥੋੜ੍ਹੇ ਸਮੇਂ ਦੇ ਭੰਡਾਰਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਲਈ ਉਪਲੱਬਧ ਹੋ ਸਕਦੇ ਹਨ। ਇਸਦੇ ਇਲਾਵਾ ਨਿਊਸਮ ਨੇ ਸਾਰੀਆਂ ਏਜੰਸੀਆਂ ਨੂੰ ਬਾਈਡੇਨ-ਹੈਰਿਸ ਐਡਮਨਿਸਟ੍ਰੇਸ਼ਨ ਸਪਲਾਈ ਚੇਨ ਵਿਘਨ ਟਾਸਕ ਫੋਰਸ ਦੇ ਨਾਲ ਤਾਲਮੇਲ ਕਰਕੇ ਕਾਰਵਾਈਆਂ ਨੂੰ ਜਾਰੀ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਮਹੀਨਿਆਂ ਤੋਂ ਚੱਲ ਰਿਹਾ ਸਪਲਾਈ ਸੰਕਟ ਕੋਵਿਡ -19 ਮਹਾਂਮਾਰੀ ਸਮੇਤ ਕਈ ਕਾਰਕਾਂ ਕਾਰਨ ਪੈਦਾ ਹੋਇਆ ਹੈ।

ਇਸ ਦੌਰਾਨ ਦੇਸ਼ ਦੀਆਂ ਦੋ ਪ੍ਰਮੁੱਖ ਬੰਦਰਗਾਹਾਂ ਲਾਸ ਏਂਜਲਸ ਅਤੇ ਲੋਂਗ ਬੀਚ ਵਿੱਚ ਦਾਖਲ ਹੋਣ ਦੀ ਉਡੀਕ ਵਿੱਚ ਸਮੁੰਦਰੀ ਜਹਾਜ਼ਾਂ ਦਾ ਵਿਸ਼ਾਲ ਬੈਕਲਾਗ ਪੈਦਾ ਹੋਇਆ ਹੈ। ਸਪਲਾਈ ਚੇਨ ਨੂੰ ਸਟੋਰਾਂ ਤੱਕ ਸਮਾਨ ਪਹੁੰਚਾਉਣ ਲਈ ਟਰੱਕ ਡਰਾਈਵਰਾਂ ਅਤੇ ਰੇਲਵੇ ਕਰਮਚਾਰੀਆਂ ਦੀ ਵੀ ਘਾਟ ਹੋ ਰਹੀ ਹੈ।

# ਸੀ ਡੀ ਸੀ ਨੇ ਮੋਡਰਨਾ ਅਤੇ ਜੇ ਐਂਡ ਜੇ ਦੀ ਕੋਵਿਡ -19 ਬੂਸਟਰ ਖੁਰਾਕ ਨੂੰ ਦਿੱਤੀ ਹਰੀ ਝੰਡੀ




**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕੀ ਏਜੰਸੀ ਸੈਂਟਰ ਫਾਰ ਡਿਸੀਜ ਕੰਟਰੋਲ ਐਂਡ ਪ੍ਰੀਵੈਂਸਨ (ਸੀ ਡੀ ਸੀ) ਨੇ ਵੀਰਵਾਰ ਨੂੰ ਮੋਡਰਨਾ ਅਤੇ ਜੌਹਨਸਨ ਐਂਡ ਜੌਹਨਸਨ ਦੀ ਕੋਰੋਨਾ ਵੈਕਸੀਨ ਦੀ ਬੂਸਟਰ ਖੁਰਾਕ ਨੂੰ ਮਨਜੂਰੀ ਦਿੱਤੀ ਹੈ। ਜਿਸ ਦੇ ਨਤੀਜੇ ਵਜੋਂ ਹੁਣ ਲੱਖਾਂ ਅਮਰੀਕੀ ਲੋਕ ਵਾਇਰਸ ਤੋਂ ਵਾਧੂ ਸੁਰੱਖਿਆ ਪ੍ਰਾਪਤ ਕਰਨ ਲਈ ਬੂਸਟਰ ਖੁਰਾਕ ਲੈ ਸਕਣਗੇ।

ਸੀ ਡੀ ਸੀ ਦਾ ਇਹ ਫੈਸਲਾ ਏਜੰਸੀ ਦੇ ਟੀਕੇ ਸਬੰਧੀ ਸਲਾਹਕਾਰਾਂ ਦੀ ਇੱਕ ਘੰਟਾ ਚੱਲੀ ਮੀਟਿੰਗ ਤੋਂ ਬਾਅਦ ਆਇਆ ਹੈ, ਜਿਨ੍ਹਾਂ ਨੇ ਆਖਰਕਾਰ ਬੂਸਟਰ ਖੁਰਾਕ ਦੀ ਸਿਫਾਰਸ਼ ਲਈ ਸਰਬਸੰਮਤੀ ਨਾਲ ਵੋਟ ਦਿੱਤੀ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐੱਫ ਡੀ ਏ) ਦੁਆਰਾ ਇਹਨਾਂ ਕੰਪਨੀਆਂ ਦੇ ਟੀਕਿਆਂ ਦੀ ਬੂਸਟਰ ਖੁਰਾਕ ਲਈ ਪ੍ਰਵਾਨਗੀ ਦਿੱਤੀ ਸੀ। ਨੈਸ਼ਨਲ ਐਸੋਸੀਏਸ਼ਨ ਆਫ ਚੇਨ ਡਰੱਗ ਸਟੋਰਜ਼ ਦੇ ਬੁਲਾਰੇ ਅਨੁਸਾਰ ਫਾਰਮੇਸੀਜ਼ ਸੀ ਡੀ ਸੀ ਦੇ ਨਾਲ ਨੇੜਿਓ ਤਾਲਮੇਲ ਕਰ ਰਹੀਆਂ ਹਨ ਅਤੇ ਏਜੰਸੀ ਦੀਆਂ ਸਿਫਾਰਸ਼ਾਂ ਦੇ ਬਾਅਦ, ਮੋਡਰਨਾ ਅਤੇ ਜੌਹਨਸਨ ਐਂਡ ਜੌਹਨਸਨ ਦੀਆਂ ਬੂਸਟਰ ਖੁਰਾਕਾਂ ਸੂਰੂ ਕਰਨ ਲਈ ਤਿਆਰ ਹਨ।

# ਕੈਲੀਫੋਰਨੀਆ ਨੇ ਪ੍ਰਵਾਸੀਆਂ ਦੀ ਕੋਰੋਨਾ ਜਾਂਚ ਅਤੇ ਟੀਕਾਕਰਨ ਕਰਨ ਲਈ ਇਸ ਕੰਪਨੀ ਨੂੰ ਦਿੱਤਾ ਕੰਟਰੈਕਟ

**ਫਰਿਜ਼ਨੋ (ਕੈਲੀਫੋਰਨੀਆ)**– ਕੈਲੀਫੋਰਨੀਆ ਸਟੇਟ ਦੁਆਰਾ ਕੋਰੋਨਾ ਵਾਇਰਸ ਦੀ ਲਾਗ ਨੂੰ ਫੈਲਣ ਤੋਂ ਰੋਕਣ ਲਈ ਸੰਭਵ ਯਤਨ ਕੀਤੇ ਜਾ ਰਹੇ ਹਨ। ਜਿਸ ਤਹਿਤ ਕੈਲੀਫੋਰਨੀਆ ਦੇ ਗਵਰਨਰ ਗੇਵਿਨ ਨਿਊਸਮ ਨੇ ਕੈਲੀਫੋਰਨੀਆ ਦੀ ਸਰਹੱਦ ਪਾਰ ਕਰਨ ਵਾਲੇ ਪ੍ਰਵਾਸੀਆਂ ਦੀ ਕੋਵਿਡ ਸਕ੍ਰੀਨ, ਟੈਸਟ ਅਤੇ ਟੀਕਾਕਰਨ ਲਈ ਸੁਲੀਵਾਨ ਲੈਂਡ ਸਰਵਿਸਿਜ਼ ਕੰਪਨੀ ਨੂੰ ਕੰਟਰੈਕਟ ਦਿੱਤਾ ਹੈ। ਇਹ ਕੰਪਨੀ ਜੋ ਕਿ ਗੈਲਵੇਸਟਨ, ਟੈਕਸਾਸ ਵਿੱਚ ਸਥਿਤ ਹੈ, ਨੂੰ ਕੈਲੀਫੋਰਨੀਆ ਸਟੇਟ ਤੋਂ 350 ਮਿਲੀਅਨ



ਡਾਲਰ ਦੇ ਮੁੱਲ ਦਾ ਬੋਲੀ-ਰਹਿਤ ਇਕਰਾਰਨਾਮਾ ਮਿਲਿਆ ਹੈ। ਸੁਲੀਵਾਨ ਲੈਂਡ ਸਰਵਿਸਿਜ਼ ਕੰਪਨੀ ਉਹੀ ਕੰਪਨੀ ਹੈ ਜੋ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੱਖਣੀ ਸਰਹੱਦ 'ਤੇ ਵਿਵਾਦਪੂਰਨ ਸਰਹੱਦੀ ਕੰਧ ਬਣਾਉਣ ਲਈ ਨਿਯੁਕਤ ਕੀਤੀ ਸੀ।

ਇੱਕ ਰਿਪੋਰਟ ਦੇ ਅਨੁਸਾਰ, ਕੈਲੀਫੋਰਨੀਆ ਅਤੇ ਮੈਕਸੀਕੋ ਦੀ ਸਰਹੱਦ ਦੇ ਨਾਲ ਪੰਜ ਸਥਾਨਾਂ 'ਤੇ ਇਸ ਕੰਪਨੀ ਦੇ ਸਟਾਫ ਨੇ ਲਗਭਗ 60,000 ਪ੍ਰਵਾਸੀਆਂ ਨੂੰ ਕੋਵਿਡ -19 ਨਾਲ ਸਬੰਧਿਤ ਸੇਵਾਵਾਂ ਦਿੱਤੀਆਂ ਹਨ।

# ਵਾਲਗ੍ਰੀਨਜ ਦੇ ਸਟੋਰਾਂ ਨੇ ਕੋਵਿਡ ਬੂਸਟਰ ਖੁਰਾਕਾਂ ਲਗਾਉਣੀਆਂ ਕੀਤੀਆਂ ਸ਼ੁਰੂ

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਵਿੱਚ ਵਾਲਗ੍ਰੀਨਜ਼ ਬੂਟਸ ਅਲਾਇੰਸ ਇੰਕ ਨੇ ਸ਼ੁੱਕਰਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸਦੇ ਅਮਰੀਕਾ ਵਿਚਲੇ ਸਟੋਰਾਂ ਨੇ ਦੇਸ਼ ਦੀਆਂ ਸਿਹਤ ਏਜੰਸੀਆਂ ਦੁਆਰਾ ਕੋਵਿਡ ਦੀਆਂ ਬੂਸਟਰ ਖੁਰਾਕਾਂ ਨੂੰ ਮਨਜੂਰੀ ਦੇਣ ਦੇ ਬਾਅਦ, ਮੋਡਰਨਾ ਅਤੇ ਜੌਹਨਸਨ ਐਂਡ ਜੌਹਨਸਨ ਦੀਆਂ ਕੋਵਿਡ -19 ਬੂਸਟਰ ਖੁਰਾਕਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਬੂਸਟਰ ਖੁਰਾਕਾਂ ਦੇ ਸਬੰਧ ਵਿੱਚ ਸੀ ਡੀ ਸੀ ਅਨੁਸਾਰ ਅਮਰੀਕਨ ਆਪਣੇ ਲੱਗੇ ਅਸਲ ਟੀਕੇ ਤੋਂ ਇਲਾਵਾ ਬੂਸਟਰ ਖੁਰਾਕ ਲਈ ਵੱਖਰੀ ਵੈਕਸੀਨ ਵੀ ਚੁਣ ਸਕਦੇ ਹਨ। ਯੂ ਐਸ ਦੇ




ਸਿਹਤ ਰੈਗੂਲੇਟਰਾਂ ਨੇ 18 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ ਲਈ ਜੇ ਐਂਡ ਜੇ ਵੈਕਸੀਨ ਦੀ ਦੂਜੀ ਖੁਰਾਕ ਦੀ ਸਿਫਾਰਸ਼ ਕੀਤੀ ਹੈ, ਜਿਨ੍ਹਾਂ ਨੂੰ ਘੱਟੋ-ਘੱਟ 2 ਮਹੀਨੇ ਪਹਿਲਾਂ ਵੈਕਸੀਨ ਦੀ ਪਹਿਲੀ ਖੁਰਾਕ ਮਿਲੀ ਸੀ ਅਤੇ ਘੱਟੋ ਘੱਟ 65 ਸਾਲ ਦੀ ਉਮਰ ਦੇ ਲੋਕਾਂ ਅਤੇ ਗੰਭੀਰ ਬਿਮਾਰੀ ਦੇ ਉੱਚ ਜੋਖਮ ਵਾਲੇ ਲੋਕਾਂ ਲਈ ਦੋ ਖੁਰਾਕਾਂ ਦੇ ਘੱਟੋ ਘੱਟ ਛੇ ਮਹੀਨਿਆਂ ਬਾਅਦ ਮੋਡਰਨਾ ਦੇ ਟੀਕੇ ਦੀ ਤੀਜੀ ਖੁਰਾਕ ਦੀ ਸਿਫਾਰਸ਼ ਕੀਤੀ ਹੈ। ਸੀ ਡੀ ਸੀ ਦੇ ਅਨੁਸਾਰ ਕਮਜੋਰ ਇਮਿਊਨੀਟੀ ਵਾਲੇ ਅਮਰੀਕੀ ਨੇ ਅਗਸਤ ਵਿੱਚ ਫਾਈਜਰ ਅਤੇ ਮੋਡਰਨਾ ਵੈਕਸੀਨ ਦੀ ਤੀਜੀ ਖੁਰਾਕ ਪ੍ਰਾਪਤ ਕਰਨੀ ਸ਼ੁਰੂ ਕੀਤੀ ਸੀ ਅਤੇ ਇਸ ਸਮੂਹ ਦੇ ਲਗਭਗ 1116 ਮਿਲੀਅਨ ਲੋਕਾਂ ਨੇ ਟੀਕੇ ਦੀਆਂ ਬੂਸਟਰ ਖੁਰਾਕਾਂ ਪ੍ਰਾਪਤ ਕੀਤੀਆਂ ਹਨ।

# ਬਦੇਸ਼ਾਂ 'ਚ ਵੱਸਦੇ ਪੰਜਾਬੀ ਲੇਖਕ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਅਸਲ ਸਫ਼ੀਰ ਹਨ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)–** ਫਰਿਜਨੋ ਵੱਸਦੇ ਪੰਜਾਬੀ ਕਵੀ ਅਤੇ ਸਭਿਆਚਾਰਕ ਹਸਤੀ ਰਣਜੀਤ ਸਿੰਘ ਗਿੱਲ(ਜੱਗਾ ਸੁਧਾਰ) ਦੀ ਕਾਵਿ ਪੁਸਤਕ ਉਡਾਰੀਆਂ ਨੂੰ ਲੋਕ ਸਮਰਪਣ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਸਧਾਰ( ਲੁਧਿਆਣਾ) ਦੇ ਜੰਮਪਲ ਉੱਘੀ ਸਭਿਆਚਾਰਕ ਹਸਤੀ ਅਤੇ ਪੰਜਾਬੀ ਕਵੀ ਰਣਜੀਤ ਸਿੰਘ ਗਿੱਲ ਵਰਗੇ ਸੱਜਣ ਸਹੀ ਰੂਪ ਵਿੱਚ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੇ ਸਫ਼ੀਰ ਹਨ। ਉਨ੍ਹਾਂ ਕਿਹਾ ਕਿ ਫਰਿਜਨੋ ਨੂੰ ਮੈਂ ਸਾਹਿੱਤਕ ਪੱਖੋਂ ਅਮਰੀਕਾ ਦਾ ਸਭ ਤੋਂ ਸਰਗਰਮ ਖਿੱਤਾ ਮੰਨਦਾ ਹਾਂ ਕਿਉਂਕਿ ਇਥੇ ਡਾ: ਗੁਰੂਮੇਲ ਸਿੱਧੂ, ਹਰਜਿੰਦਰ ਕੰਗ, ਰਣਜੀਤ ਸਿੰਘ ਗਿੱਲ ਅਤੇ ਹੋਰ ਦੋਸਤਾਂ ਨੇ ਸਾਹਿੱਤ ਸਿਰਜਣਾ ਅਤੇ ਹੋਰ ਸਰਗਰਮੀਆਂ ਨਾਲ ਭਾਈਚਾਰੇ ਨੂੰ ਆਪਣੇ ਨਾਲ ਜੋੜਿਆ ਹੈ।

ਉਨ੍ਹਾਂ ਕਿਹਾ ਕਿ ਸ: ਚਰਨਜੀਤ ਸਿੰਘ ਬਾਠ ਦੀ ਅਗਵਾਈ ਹੇਠ 2015 ਵਿੱਚ ਫਰਿਜਨੋ ਵਿਖੇ ਵਿਸ਼ਵ ਪੰਜਾਬੀ ਕਾਨਫਰੰਸ ਕਰਵਾਉਣਾ ਵੀ ਇਸੇ ਟੀਮ ਦੇ ਹਿੱਸੇ ਆਇਆ ਜਿਸ ਦੀ ਰਣਜੀਤ ਸਿੰਘ ਗਿੱਲ ਸਰਗਰਮ ਹਿੱਸਾ ਸੀ।



ਇਸ ਪੁਸਤਕ ਦੀ ਪ੍ਰਕਾਸ਼ਨਾ ਭਾਵੇਂ ਪਿਛਲੇ ਸਾਲ ਹੋਈ ਸੀ ਪਰ ਕਰੋਨਾ ਕਹਿਰ ਕਾਰਨ ਰਣਜੀਤ ਸਿੰਘ ਗਿੱਲ ਹੁਣ ਹੀ ਪੰਜਾਬ ਪੁੱਜ ਸਕੇ ਹਨ।

ਮੋਦੀ ਕਾਲਿਜ ਪਟਿਆਲਾ ਦੇ ਪ੍ਰਿੰਸੀਪਲ ਅਤੇ ਪੰਜਾਬੀ ਲੇਖਕ ਡਾ: ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਗੁਰੂ ਸਰ ਸਧਾਰ ਵਿਦਿਅਕ ਸੰਸਥਾਵਾਂ ਚ ਪੜ੍ਹਾਉਣ ਕਾਰਨ ਬੜੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਸਧਾਰ ਸਾਹਿੱਤ ਸਿਰਜਣਾ ਦੀ ਕਰਮ ਭੂਮੀ ਹੈ। ਰਣਜੀਤ ਉਸ ਧਰਤੀ ਤੋਂ ਅਮਰੀਕਾ ਪੁੱਜ ਕੇ ਵੀ ਚਾਸ਼ਨੀ ਭਿੱਜੀ ਪੰਜਾਬੀ ਜ਼ਬਾਨ ਨਾਲ ਸਾਡੇ ਵਾਂਗ ਹੀ ਬੋਲਦਾ ਤੇ ਲਿਖਦਾ ਹੈ।

ਬੇਕਰਜ਼ਫੀਲਡ(ਅਮਰੀਕਾ) ਤੋਂ ਆਏ ਬਿਜਨਸਮੈਨ ਅਤੇ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਰਪ੍ਰਸਤ ਸ: ਅਜੀਤ ਸਿੰਘ ਭੱਠਲ ਨੇ ਕਿਹਾ ਕਿ ਵਰਤਮਾਨ ਹਾਲਾਤ ਤੇ ਸਟੀਕ ਟਿਪਣੀ ਕਰਨ ਵਾਲੇ ਕਵੀ ਵਿਰਲੇ ਹਨ ਜਦ ਕਿ ਰਣਜੀਤ ਗਿੱਲ ਦੀ ਇਹੀ ਨਿਵੇਕਲੀ ਪਛਾਣ ਹੈ।

ਨਿਊ ਜਰਸੀ(ਅਮਰੀਕਾ) ਤੋਂ ਆਏ ਪੰਜਾਬੀ ਸਾਹਿੱਤ ਅਕਾਡਮੀ ਦੇ ਸਰਪ੍ਰਸਤ ਸ: ਰਣਜੀਤ ਸਿੰਘ ਧਾਲੀਵਾਲ ਨੇ ਵੀ ਰਣਜੀਤ ਸਿੰਘ ਗਿੱਲ ਨੂੰ ਉਡਾਰੀਆਂ ਦੇ ਪ੍ਰਕਾਸ਼ਨ ਤੇ ਮੁਬਾਰਕ ਦਿੰਦਿਆਂ ਕਿਹਾ ਕਿ ਜੱਗਾ ਸਿਰਫ਼ ਲਿਖਾਰੀ ਨਹੀਂ ਸਗੋਂ ਦੋਸਤੀ ਤੇ ਮੋਹ ਦੀਂ ਗੰਢਾਂ ਪੀਡੀਆਂ ਕਰਨ ਵਾਲਾ ਵੀਰ ਹੈ। ਉਸ ਦੀ ਕਾਵਿ ਪੁਸਤਕ ਸਵਨਜੀਤ ਸਵੀ ਜੀ ਦੀ ਦੇਖ ਰੇਖ ਹੇਠ ਛਪਣਾ ਮਾਣ ਵਾਲੀ ਗੱਲ ਹੈ। ਇਸ ਮੌਕੇ ਜਗਜੀਵਨ ਸਿੰਘ ਮੋਹੀ ਨੇ ਪੁਸਤਕ ਦਾ ਪ੍ਰੋ: ਹਰਿੰਦਰ ਕੌਰ ਸੋਹੀ ਵੱਲੋਂ ਲਿਖਿਆ ਮੁੱਖ ਬੰਦ ਪੜ੍ਹ ਕੇ ਸੁਣਾਇਆ।

# ਅਮਰੀਕਾ 'ਚ ਮਹਾਂਮਾਰੀ ਦੌਰਾਨ ਏਸ਼ੀਅਨ ਲੋਕਾਂ ਵਿਰੁੱਧ ਨਫਰਤੀ ਅਪਰਾਧਾਂ 'ਚ ਹੋਇਆ 76% ਵਾਧਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)**–ਅਮਰੀਕਾ ਵਿੱਚ ਐਫ ਬੀ ਆਈ ਦੁਆਰਾ ਸੋਮਵਾਰ ਨੂੰ ਨਵੇਂ ਪ੍ਰਕਾਸ਼ਿਤ ਕੀਤੇ ਗਏ ਅੰਕੜਿਆਂ ਦੇ ਅਨੁਸਾਰ, 2020 ਵਿੱਚ ਏਸ਼ੀਆਈ ਮੂਲ ਦੇ ਲੋਕਾਂ ਵਿਰੁੱਧ ਨਫਰਤੀ ਅਪਰਾਧਾਂ ਵਿੱਚ 76% ਦਾ ਵਾਧਾ ਹੋਇਆ ਹੈ। ਇਸ ਤੋਂ ਪਹਿਲਾਂ ਐਫ ਬੀ ਆਈ ਨੇ ਅਗਸਤ ਵਿੱਚ ਨਫਰਤੀ ਅਪਰਾਧ ਦੇ ਅੰਕੜੇ ਜਾਰੀ ਕੀਤੇ ਸਨ, ਪਰ ਹੀ ਦੇ ਅੰਕੜਿਆਂ ਦੀ ਰਿਪੋਰਟ ਵਿੱਚ ਇੱਕ ਗਲਤੀ ਕਾਰਨ, ਇਹ ਡੇਟਾ ਅਧੂਰਾ ਸੀ। ਪਰ ਹੁਣ ਐਫ ਬੀ ਆਈ ਨੇ ਹੀ ਦੀ ਰਿਪੋਰਟਿੰਗ ਪ੍ਰਣਾਲੀ ਵਿੱਚ ਤਕਨੀਕੀ ਸਮੱਸਿਆ ਨੂੰ ਠੀਕ ਕੀਤਾ ਹੈ। ਅੰਕੜਿਆਂ ਅਨੁਸਾਰ 2020 ਵਿੱਚ, ਏਸ਼ੀਆਈ ਮੂਲ ਦੇ ਲੋਕਾਂ ਦੇ ਵਿਰੁੱਧ 279 ਨਫਰਤੀ ਅਪਰਾਧ ਦੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ, ਜਦੋਂ ਕਿ 2019 ਵਿੱਚ 158 ਘਟਨਾਵਾਂ ਦਰਜ਼ ਹੋਈਆਂ ਸਨ। ਸੋਮਵਾਰ ਨੂੰ ਜਾਰੀ ਐਫ ਬੀ ਆਈ ਦੇ ਅੰਕੜਿਆਂ ਅਨੁਸਾਰ, ਅਮਰੀਕਾ ਵਿੱਚ 60% ਤੋਂ ਵੱਧ ਨਫਰਤੀ ਅਪਰਾਧ ਵਿਅਕਤੀ ਦੀ ਨਸਲ ਦੇ ਅਧਾਰ 'ਤੇ ਕੀਤੇ ਗਏ ਸਨ। ਅਧਿਕਾਰੀਆਂ ਅਨੁਸਾਰ ਜ਼ਿਆਦਾਤਰ ਨਫਰਤੀ ਅਪਰਾਧ ਅਫਰੀਕਨ ਅਮਰੀਕੀਆਂ 'ਤੇ ਹੁੰਦੇ ਹਨ, ਪਰ ਕੋਵਿਡ-19 ਦੇ ਕਾਰਨ ਏਸ਼ੀਆਈ ਵਿਰੋਧੀ ਨਫਰਤੀ ਅਪਰਾਧਾਂ ਵਿੱਚ ਵਾਧਾ ਹੋਇਆ ਹੈ। ਐਫ ਬੀ ਆਈ ਅਨੁਸਾਰ 20% ਨਫਰਤੀ ਅਪਰਾਧ ਵਿਅਕਤੀ ਦੇ ਜਿਨਸੀ ਰੁਝਾਨ ਨੂੰ ਨਿਸ਼ਾਨਾ ਬਣਾਉਂਦੇ ਹਨ ਅਤੇ 2020 ਵਿੱਚ ਹੋਏ ਨਫ਼ਰਤੀ ਅਪਰਾਧਾਂ ਵਿੱਚੋਂ 13% ਧਾਰਮਿਕ ਪੱਖਪਾਤ ਦੇ ਕਾਰਨ ਸਨ। ਇਸਦੇ ਇਲਾਵਾ ਅੱਧੇ ਤੋਂ ਵੱਧ ਅਪਰਾਧੀ ਗੋਰੇ ਸਨ ਅਤੇ 21%




# ਅਮਰੀਕਾ ਦੇ ਪ੍ਰਸਿੱਧ ਗਾਇਕ ਇਡ ਸ਼ੀਰਨ ਹੋਏ ਕੋਰੋਨਾ ਪਾਜੇਟਿਵ



**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)**–ਅਮਰੀਕਾ ਦੇ ਪ੍ਰਸਿੱਧ ਗਾਇਕ ਤੇ ਗੀਤਕਾਰ ਇਡ ਸ਼ੀਰਨ ਦਾ ਕੋਰੋਨਾ ਟੈਸਟ ਪਾਜੇਟਿਵ ਆਇਆ ਹੈ। ਇਸ ਸਬੰਧੀ ਸ਼ੀਰਨ ਨੇ ਐਤਵਾਰ ਨੂੰ ਘੋਸ਼ਣਾ ਕਰਦਿਆਂ ਦੱਸਿਆ ਕਿ ਉਸਨੇ ਕੋਵਿਡ -19 ਲਈ ਪਾਜੇਟਿਵ ਟੈਸਟ ਕੀਤਾ ਹੈ। ਇਸ ਗਾਇਕ ਦੀ ਇੰਸਟਾਗ੍ਰਾਮ ਪੋਸਟ ਅਨੁਸਾਰ ਉਹ ਪਾਜੇਟਿਵ ਟੈਸਟ ਕਰਨ ਤੋਂ ਬਾਅਦ ਸੁਰੱਖਿਆ ਦੇ ਮੱਦੇਨਜ਼ਰ ਇਕਾਂਤਵਾਸ ਹੋਣ ਦੇ ਨਾਲ ਸਰਕਾਰੀ ਦਿਸ਼ਾ-ਨਿ-ਰਦੇਸ਼ਾਂ ਦੀ ਪਾਲਣਾ ਕਰ ਰਿਹਾ ਹੈ। ਇਸਦੇ ਇਲਾਵਾ ਸ਼ੀਰਨ ਨੇ ਹੁਣ ਘਰ ਤੋਂ ਇੰਟਰਵਿਊਜ਼ ਅਤੇ ਹੋਰ ਕੰਮ ਕਰਨ ਦੀ ਯੋਜਨਾ ਬਣਾਈ ਹੈ। ਸ਼ੀਰਨ ਨੇ ਇਸ ਸਮੱਸਿਆ ਕਰਕੇ ਆਪਣੇ ਨਾਲ ਸਬੰਧਿਤ ਕਿਸੇ ਕੰਮ ਦੇ ਨਾ ਹੋਣ ਕਰਕੇ ਮੁਆਫੀ ਵੀ ਮੰਗੀ ਹੈ ਅਤੇ ਇਸਦੇ ਨਾਲ ਹੀ ਲੋਕਾਂ ਨੂੰ ਵਾਇਰਸ ਤੋਂ ਸੁਰੱਖਿਅਤ ਰਹਿਣ ਲਈ ਸਾਵਧਾਨੀਆਂ ਵਰਤਣ ਦੀ ਵੀ ਅਪੀਲ ਕੀਤੀ ਹੈ।

# ਯੂਨਾਈਟਿਡ ਏਅਰਲਾਈਨ ਦੇ ਅਧਿਕਾਰੀ ਦੀ ਲਾਸ਼ ਲਾਪਤਾ ਹੋਣ ਤੋਂ ਇੱਕ ਸਾਲ ਬਾਅਦ ਹੋਈ ਬਰਾਮਦ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)**–ਅਮਰੀਕਾ ਦੇ ਸ਼ਿਕਾਗੋ ਵਿੱਚ ਜੰਗਲਾਂ 'ਚ ਲੱਭੀ ਗਈ ਮਨੁੱਖੀ ਲਾਸ਼ ਦੀ ਪਛਾਣ ਪੋਸਟਮਾਰਟਮ ਕਰਨ ਤੋਂ ਬਾਅਦ ਯੂਨਾਈਟਿਡ ਏਅਰਲਾਈਨਜ਼ ਦੇ ਅਧਿਕਾਰੀ ਜੈਕਬ ਸੇਫੋਲੀਆ ਵਜੋਂ ਕੀਤੀ ਗਈ ਹੈ, ਜੋ ਇੱਕ ਸਾਲ ਤੋਂ ਵੱਧ ਸਮੇਂ ਤੋਂ ਲਾਪਤਾ ਸੀ। ਇਸ ਸਬੰਧੀ ਡੂਪੇਜ ਕਾਉਂਟੀ ਫੌਰੈਸਟ ਪ੍ਰਜ਼ਰਵ ਦੇ ਅਧਿਕਾਰੀ ਨੇ ਐਤਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ 50 ਸਾਲਾਂ ਸੇਫੋਲੀਆ ਦੀ ਲਾਸ਼, ਇਲੀਨੋਏ ਦੇ ਡੈਰੀਅਨ ਵਿੱਚ ਵਾਟਰਫਾਲ ਗਲੇਨ ਫੌਰੈਸਟ ਪ੍ਰਜ਼ਰਵ ਦੇ ਸੰਘਣੇ ਜੰਗਲ ਵਾਲੇ ਖੇਤਰ ਵਿੱਚ ਇੱਕ ਦਰਖਤ 'ਤੇ ਬੈਲਟ ਨਾਲ ਲਟਕਦੀ ਮਿਲੀ ਸੀ। ਉਸ ਦਾ ਬਟੂਆ, ਡਰਾਈਵਰੀ ਲਾਇਸੈਂਸ ਅਤੇ ਨਿੱਜੀ ਸਮਾਨ ਵਾਲਾ ਬੈਕਪੈਕ ਘਟਨਾ ਸਥਾਨ ਤੋਂ ਮਿਲਿਆ ਹੈ। ਸੇਫੋਲੀਆ ਨੂੰ ਪਹਿਲੀ ਵਾਰ 8 ਅਗਸਤ, 2020 ਨੂੰ ਲਾਪਤਾ ਦੱਸਿਆ ਗਿਆ ਸੀ। ਉਸ ਦਾ ਵਾਹਨ ਜੰਗਲ ਦੇ ਬਾਹਰ ਖੜ੍ਹਾ ਪਾਇਆ ਗਿਆ ਸੀ, ਪਰ 2,500 ਏਕੜ ਦੇ ਇਸ ਜੰਗਲੀ ਰਕਬੇ ਵਿੱਚ ਕਈ ਏਜੰਸੀਆਂ ਦੁਆਰਾ ਖੋਜਣ ਦੇ ਬਾਵਜੂਦ ਵੀ ਉਸਦੀ ਲਾਸ਼ ਕਦੇ ਨਹੀਂ ਮਿਲੀ ਸੀ। ਸੇਫੋਲੀਆ ਦੀ ਲਾਸ਼ ਕੰਟਰੇਕਟਰਾਂ ਦੇ ਇੱਕ ਯੂਥ-ਸਮੂਹ ਦੁਆਰਾ ਲੱਭੀ ਗਈ ਸੀ ਅਤੇ ਉਸ ਦੀ ਪਛਾਣ ਦੰਦਾਂ ਦੇ ਰਿਕਾਰਡਾਂ ਰਾਹੀਂ ਫੋਰੈਂਸਿਕ ਮਾਹਿਰਾਂ ਦੁਆਰਾ ਕੀਤੀ ਗਈ।



# ਅਮਰੀਕਾ 'ਚ ਮਸ਼ਹੂਰ ਕਲਾਕਾਰ ਪਿਕਾਸੋ ਦੀਆਂ ਕਲਾਕ੍ਰਿਤੀਆਂ 109 ਮਿਲੀਅਨ ਡਾਲਰ 'ਚ ਵਿਕੀਆਂ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)**–ਦੁਨੀਆਂ ਭਰ ਵਿੱਚ ਮਸ਼ਹੂਰ ਮਰਹੂਮ ਕਲਾਕਾਰ ਪਾਬਲੋ ਪਿਕਾਸੋ ਦੁਆਰਾ ਬਣਾਈਆਂ ਤਕਰੀਬਨ 11 ਕਲਾਕ੍ਰਿਤੀਆਂ ਲਾਸ ਵੇਗਸ ਵਿੱਚ ਇੱਕ ਨਿਲਾਮੀ 'ਚ 109 ਮਿਲੀਅਨ ਡਾਲਰ ਵਿੱਚ ਵੇਚੀਆਂ ਗਈਆਂ ਹਨ। ਇਨ੍ਹਾਂ



ਕਲਾਕ੍ਰਿਤੀਆਂ ਵਿੱਚ 1917 ਤੋਂ 1938 ਤੱਕ ਬਣੀਆਂ 9 ਪੇਂਟਿੰਗਜ਼ ਅਤੇ ਦੋ ਆਰਟ ਵਰਕ ਨਾਲ ਸਬੰਧਿਤ ਵਸਤਾਂ ਸਨ ਜੋ ਇਸ ਤੋਂ ਪਹਿਲਾਂ ਪਿਛਲੇ 20 ਸਾਲਾਂ ਤੋਂ ਬੇਲਾਜੀ ਗੈਲਰੀ ਆਫ਼ ਫਾਈਨ ਆਰਟਸ ਵਿੱਚ ਪ੍ਰਦਰਸ਼ਿਤ ਹੋਏ ਸਨ। ਸ਼ਨੀਵਾਰ ਦੀ ਇਹ 45 ਮਿੰਟ ਤੱਕ ਚੱਲੀ ਨਿਲਾਮੀ ਸੋਥਬੀ ਦੁਆਰਾ ਆਯੋਜਿਤ ਕੀਤੀ ਗਈ ਸੀ ,ਜਿਸ ਵਿੱਚ ਲਗਭਗ 150 ਲੋਕਾਂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਸਭ ਤੋਂ ਮਹਿੰਗੀ ਵਿਕੀ ਪੇਂਟਿੰਗ 1938 ਦੀ ਪੇਂਟਿੰਗ "ਫੇਮੇ ਔ ਬੇਰੇਟ ਰੂਜ-ਔਰੇਂਜ" ਸੀ। ਇਸ ਪੇਂਟਿੰਗ ਨੂੰ ਨਿਲਾਮੀ ਵਿੱਚ 4015 ਮਿਲੀਅਨ ਡਾਲਰ ਮਿਲੇ। ਇਹ ਪੇਂਟਿੰਗ ਆਖਰੀ ਵਾਰ 1980 ਦੇ ਦਹਾਕੇ ਵਿੱਚ ਨਿਲਾਮੀ ਵਿੱਚ 900,000 ਵਿੱਚ ਵੇਚੀ ਗਈ ਸੀ। ਇਸਦੇ ਇਲਾਵਾ ਪਿਕਾਸੋ ਦੁਆਰਾ ਵਿਸ਼ਵ ਯੁੱਧ 2 ਸਮੇਂ ਪੇਂਟ ਕੀਤੇ ਗਏ "ਨੇਚਰ ਮੌਰਟੇ ਅਕਸ ਫਲੇਅਰਸ ਐਟ ਕੰਪੋਟੀਅਰ" ਅਤੇ "ਨੇਚਰ ਮੌਰਟੇ ਏਉ ਪਨੀਅਰ ਡੀ ਫਰੂਟਸ ਐਟ ਅਕਸ ਫੁੱਲਸ" ਸ਼ਾਮਲ ਹਨ, ਜੋ 813 ਮਿਲੀਅਨ ਡਾਲਰ ਅਤੇ 1616 ਡਾਲਰ ਵਿੱਚ ਵਿਕੇ। ਪਿਕਾਸੋ, ਜੋ 1881-1973 ਤੱਕ ਇਸ ਦੁਨੀਆਂ 'ਤੇ ਰਿਹਾ ਦੁਆਰਾ ਆਪਣੇ ਸੱਤ ਦਹਾਕਿਆਂ ਦੇ ਕਰੀਅਰ ਦੌਰਾਨ 13,000 ਤੋਂ ਵੱਧ ਕਲਾਕ੍ਰਿਤੀਆਂ ਨੂੰ ਪੇਂਟ ਕੀਤੇ ਹੋਣ ਦਾ ਅੰਦਾਜ਼ਾ ਹੈ।

# 5 ਤੋਂ 11 ਸਾਲ ਦੇ ਬੱਚਿਆਂ ਲਈ ਕੋਰੋਨਾ ਵੈਕਸੀਨ ਨਵੰਬਰ ਵਿੱਚ ਉਪਲੱਬਧ ਹੋਣ ਦੀ ਸੰਭਾਵਨਾ- ਡਾ: ਐਂਥਨੀ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)**–ਅਮਰੀਕਾ ਵਿੱਚ ਚੱਲ ਰਹੀ ਕੋਰੋਨਾ ਵੈਕਸੀਨ ਮੁਹਿੰਮ ਦੇ ਚਲਦਿਆਂ 5 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਲਈ ਕੋਰੋਨਾ ਵੈਕਸੀਨ ਨਵੰਬਰ ਦੇ ਪਹਿਲੇ ਅੱਧ ਵਿੱਚ ਉਪਲੱਬਧ ਹੋਣ ਦੀ ਸੰਭਾਵਨਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਮਰੀਕਾ ਦੇ ਛੂਤ ਰੋਗ ਮਾਹਰ ਡਾਕਟਰ ਐਂਥਨੀ ਫੌਸੀ ਨੇ ਐਤਵਾਰ ਨੂੰ ਦੱਸਿਆ ਕਿ ਬਹੁਤ ਸਾਰੇ ਬੱਚਿਆਂ ਨੂੰ ਸਾਲ ਦੇ ਅੰਤ ਤੋਂ ਪਹਿਲਾਂ ਪੂਰੀ ਤਰ੍ਹਾਂ ਟੀਕਾ ਲਗਾਇਆ ਜਾ ਸਕਦਾ ਹੈ। ਡਾ: ਐਂਥਨੀ ਅਨੁਸਾਰ ਜੇਕਰ ਸੀ ਡੀ ਸੀ ਤੋਂ ਰੈਗੂਲੇਟਰੀ ਪ੍ਰਵਾਨਗੀ ਅਤੇ ਸਿਫਾਰਿਸ਼ ਮਿਲਦੀ ਹੈ, ਤਾਂ ਇਹ ਪੂਰੀ ਤਰ੍ਹਾਂ ਸੰਭਵ ਹੈ ਕਿ ਨਵੰਬਰ ਦੇ ਪਹਿਲੇ ਜਾਂ ਦੂਜੇ ਹਫਤੇ ਦੇ ਅੰਦਰ 5 ਤੋਂ 11 ਸਾਲ ਦੇ ਬੱਚਿਆਂ ਲਈ ਟੀਕੇ ਉਪਲਬਧ ਹੋਣਗੇ। ਇਸ ਸਬੰਧੀ ਯੂ ਐੱਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫ ਡੀ ਏ) ਦੇ ਅਧਿਕਾਰੀ ਛੋਟੇ ਬੱਚਿਆਂ ਲਈ ਦੋ ਖੁਰਾਕਾਂ ਵਾਲੇ ਟੀਕੇ ਦੇ ਅਧਿਕਾਰ ਦੀ ਮੰਗ ਕਰਨ ਵਾਲੀ ਫਾਈਜ਼ਰ/ਬਾਇ ਨਟੈਕ ਐਪਲੀਕੇਸ਼ਨ ਦੀ ਸਮੀਖਿਆ ਕਰ ਰਹੇ ਹਨ ਅਤੇ ਇਸਨੂੰ ਸਲਾਹਕਾਰਾਂ ਦੇ ਪੈਨਲ ਦੇ ਨਾਲ 26 ਅਕਤੂਬਰ ਨੂੰ ਵਿਚਾਰਿਆ ਜਾਵੇਗਾ। ਇਸਦੇ ਨਾਲ ਹੀ ਸੈਂਟਰ ਫਾਰ ਡਿਸੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀ ਡੀ ਸੀ) ਦੇ ਸਲਾਹਕਾਰ 2 ਅਤੇ 3 ਨਵੰਬਰ ਨੂੰ ਹੋਣ ਵਾਲੀ ਮੀਟਿੰਗ ਵਿੱਚ ਟੀਕੇ ਲਈ ਸਿਫਾਰਸ਼ਾਂ 'ਤੇ ਵਿਚਾਰ ਕਰਨਗੇ। ਜਿਸਦੇ ਬਾਅਦ ਸੀ ਡੀ ਸੀ ਦੀ ਡਾਇਰੈਕਟਰ ਦੁਆਰਾ ਅੰਤਿਮ ਫੈਸਲਾ ਲਿਆ ਜਾਵੇਗਾ।



# ਜੰਗਲੀ ਅੱਗਾਂ ਤੋਂ ਬਾਅਦ ਹਜ਼ਾਰਾਂ ਦਰੱਖਤਾਂ ਨੂੰ ਜਾਵੇਗਾ ਹਟਾਇਆ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)**–ਅਮਰੀਕਾ ਦੀ ਸਟੇਟ ਕੈਲੀਫੋਰਨੀਆ ਜੋ ਕਿ ਜੰਗਲੀ ਅੱਗਾਂ ਦਾ ਸਾਹਮਣਾ ਕਰ ਰਹੀ ਹੈ , ਵਿੱਚ ਜੰਗਲੀ ਅੱਗਾਂ ਤੋਂ ਬਾਅਦ ਨੁਕਸਾਨੇ ਗਏ ਸੈਂਕੜੇ ਦਰੱਖਤਾਂ ਨੂੰ ਸੁਰੱਖਿਆ ਦੇ ਮੱਦੇਨਜ਼ਰ ਹਟਾਇਆ ਜਾਵੇਗਾ। ਅਧਿਕਾਰੀਆਂ ਅਨੁਸਾਰ ਜੰਗਲਾਂ ਦੀ ਅੱਗ , ਸੋਕਾ, ਬਿਮਾਰੀ ਜਾਂ ਉਮਰ ਦੇ ਕਾਰਨ ਕਮਜ਼ੋਰ ਹੋਏ 10,000 ਤੋਂ ਵੱਧ ਦਰੱਖਤਾਂ ਨੂੰ ਹਟਾਉਣਾ ਜਰੂਰੀ ਹੈ, ਜੋ ਕਿ ਨੇੜਲੇ ਰਾਜਮਾਰਗਾਂ ਲਈ ਖਤਰਾ ਹੋ ਸਕਦੇ ਹਨ। ਸਕੋਇਆ ਅਤੇ ਕਿੰਗਜ਼ ਕੈਨਿਅਨ ਰਾਸ਼ਟਰੀ ਪਾਰਕਾਂ ਨੇ ਸ਼ੁੱਕਰਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਰੱਖਤ ਸੰਭਾਵਤ ਤੌਰ 'ਤੇ ਸਟੇਟ ਰੂਟ 180 ਦੇ ਸੈਕਸ਼ਨ 'ਤੇ ਲੋਕਾਂ ਅਤੇ ਕਾਰਾਂ 'ਤੇ ਡਿੱਗ ਸਕਦੇ ਹਨ, ਜਿਸ ਨੂੰ ਜਨਰਲ ਹਾਈਵੇਅ ਵਜੋਂ ਜਾਣਿਆ ਜਾਂਦਾ ਹੈ। ਕੈਲੀਫੋਰਨੀਆ ਵਿੱਚ ਕੇ ਐਨ ਪੀ ਕੰਪਲੈਕਸ ਦੀ ਅੱਗ ਕਾਰਨ ਹਾਈਵੇਅ ਬੰਦ ਹੈ ਅਤੇ ਇਸ ਅੱਗ ਦੁਆਰਾ 138 ਵਰਗ ਮੀਲ (357 ਵਰਗ ਕਿਲੋਮੀਟਰ) ਜੰਗਲ ਨੂੰ ਸਾੜਨ ਤੋਂ ਬਾਅਦ ਇਸਨੂੰ 60% ਕਾਬੂ ਕੀਤਾ ਗਿਆ ਹੈ। ਰਾਸ਼ਟਰੀ ਪਾਰਕਾਂ ਦੇ ਅਧਿਕਾਰੀਆਂ ਵੱਲੋਂ ਪੁਰਾਣੇ ਅਤੇ ਵੱਡੇ ਦਰੱਖਤਾਂ ਨੂੰ ਅੱਗਾਂ ਦੇ ਪ੍ਰਭਾਵ ਤੋਂ ਬਚਾਉਣ ਲਈ ਐਲੂਮੀਨੀਅਮ ਪਰਤਾਂ ਨਾਲ ਲਪੇਟਿਆ ਗਿਆ ਸੀ, ਜਿਹਨਾਂ ਵਿੱਚ ਜਨਰਲ ਸ਼ੇਰਮਨ ਦਰੱਖਤ ਵੀ ਸ਼ਾਮਲ ਸੀ।

----

ਦੇਸ਼ ਦੁਆਬਾ

# EDUCATION, SOCIAL TRANSFORMATION AND EMPOWERMENT

**Prem K. Chumber**
**Editor-In-Chief: Ambedkar Times / Desh Doaba**

Babasaheb Dr. B. R. Ambedkar laid stress on 'Educate, Agitate, Organise' for the liberation of the Scheduled Castes (SCs) of India. He knew very well that education could not only stir the notion of self-respect among the downtrodden but also encourage them to locate viable solutions to the age-old evil of caste system and Untouchability in India. Educated SCs would challenge their tormentors and refuse to accept oppressive social structures around them. In fact, it was education that imbibed the glaring spirit in him of getting rid of caste system (annihilating caste) from Indian society; the most sought after goal of his life time mission.

Babasaheb Dr. B.R. Ambedkar was confident that once the downtrodden get educated they would never sit idly. They would definitely agitate against the system of social injustice around them and eventually organize themselves to put an end to the same. He himself set the example through his life-long struggle for the annihilation of caste. His philosophy was simple that an educated Dalit would agitate against the all-round system of injustice around him and indulge in a struggle to overcome it. It is his self-agitation against the blind system Untouchability that would force him and his fellow-beings to get organize to commence a struggle. The central thesis of his philosophy was to know the system first so that it can empower the downtrodden to challenge social injustice rationally then to set the pace for a long struggle to put an end to the age-old social evil of caste system and Untouchability.

After almost seventy four years of India's independence, is there available a viable system of education to SCs in India? Government rural school system has come to standstill. They have turned dysfunctional long ago. Those who can afford costly private school education have abandoned them, thus rendering them just into 'Dalit schools'. This is an open fact that in Government rural schools majority of the students are from the SCs community. There are, of course, some other students belonging to OBC and upper caste communities but they too belonged to poor families. There is no denying a fact, however, that that majority of the SCs families belong to the poor and most poor strata of the society.

Given the dysfunctional status of Government rural schools, the basic factor of education to change the system of Untouchability as advocated by Babasaheb Dr. B.R. Ambedkar has been pushed to side-line. It is not only depriving SCs of genuine education but also blocking their way to social transformation. So there is an urgent need to revamp the Government rural schools so that proper and useful education could be imparted to SCs students along with others who want to join such schools. In addition an effort should be made to introduce an intensive multi language course work to enable the students to understand the available material in different languages. Along with the existing subjects provisions should also be made prepare them for job oriented courses in higher education.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-180

## ਜਜਮਾਲਿਆ ਤੇ ਧਰਮਰਾਜ



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਅਸਲ 'ਚ ਜਜਮਾਲਿਆਂ ਕੁਸ਼ਟੀ (ਕੁਕਰਮੀ) ਤੇ ਧਰਮਰਾਜ (ਅੰਦਰਲਾ ਸੱਚਰਾਜ) ਹੈ। ਦੂਜੇ ਪਾਸੇ ਪੁਰਾਤਨ ਬ੍ਰਾਹਮਣੀ ਵਿਸ਼ਵਾਸ ਹਨ ਕਿ ਮਰਨ ਉਪ੍ਰੰਤ ਕੋਈ ਧਰਮਰਾਜ ਦੀ ਕਚਿਹਰੀ ਹੈ। ਇਹ ਵੀ ਕਿਹਾ ਹੈ ਕਿ ਧਰਮ-ਰਾਜ ਦੀ ਕਚਹਿਰੀ ਵਿਚ ਨਿਰੋਲ ਸੱਚ ਦੇ ਆਧਾਰ ਤੇ ਹੀ ਜੀਵਾਂ ਦੇ ਕਰਮਾਂ ਦਾ ਨਿਬੇੜਾ ਹੁੰਦਾ ਹੈ। ਮੰਦ-ਕਰਮੀ ਚੁਣ ਕੇ ਵੱਖ ਕੀਤੇ ਜਾਂਦੇ ਤੇ ਅਜੇਹੇ ਜੀਵਾਂ ਨੂੰ ਸੁਰਗ 'ਚ ਥਾਂ ਨਹੀਂ ਮਿਲਦੀ ਅਤੇ ਉਨ੍ਹਾਂ ਦਾ ਮੂੰਹ ਕਾਲਾ ਕਰ ਕੇ ਉਨ੍ਹਾਂ ਨੂੰ ਨਰਕ 'ਚ ਧੱਕ ਦਿਤਾ ਜਾਂਦਾ ਹੈ।

ਇਸ ਤੇ ਗੁਰਮਤਿ ਦਾ ਸਿਧਾਂਤ ਪ੍ਰਗਟ ਕਰਦੇ ਗੁਰੂ ਨਾਨਕ ਪਾਤਸ਼ਾਹ ਫ਼ੁਰਮਾਂਦੇ ਹਨ ਕਿ ਧਰਮਰਾਜ, ਜਮਰਾਜ, ਸੁਰਗ-ਨਰਕ ਆਦਿ ਵਾਲੀ ਕੋਈ ਹੋਂਦ ਨਹੀਂ। ਮਰਨ ਉਪ੍ਰੰਤ ਮਨੁੱਖਾ ਜੀਵਨ ਦੇ ਕੇਵਲ ਦੋ ਹੀ ਪੱਖ ਹਨ ਕਿ ਜੋ ਜੀਵ ਕਰਤੇ ਦੀ ਸਿਫ਼ਤ ਸਲਾਹ 'ਚ ਰੰਗੇ ਰਹਿੰਦੇ ਨੇ, ਉਹ ਅਪਣੇ ਜੀਵਨ ਦੀ ਬਾਜ਼ੀ ਜਿੱਤ ਕੇ ਅੰਤ ਕਰਤੇ 'ਚ ਹੀ ਅਭੇਦ ਹੋ ਜਾਂਦੇ ਤੇ ਮੁੜ ਜਨਮ-ਮਰਣ ਦੇ ਗੇੜ੍ਹ 'ਚ ਨਹੀਂ ਪੈਂਦੇ। ਦੂਜੇ ਜੀਵਨ 'ਚ ਠੱਗੀਆਂ ਆਦਿ ਕਰਨ ਵਾਲੇ ਮਨਮੁਖ, ਮਨੁੱਖਾ ਜਨਮ ਦੀ ਬਾਜ਼ੀ ਹਾਰ ਜਾਂਦੇ ਹਨ-ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥੨॥

ਜਜਮਾਲਿਆ ਲਫਜ਼ ਕੋੜ੍ਹੀ ਲਈ ਵਰਤਿਆ ਜਾਂਦ ਹੈ। ਆਮ ਤੌਰ 'ਤੇ ਕੋੜ੍ਹੀ ਨੂੰ ਕੋਈ ਨੇੜੇ ਨਹੀਂ ਲੱਗਣ ਦਿੰਦਾ ਕਿਉਂਕਿ ਉਸ ਤੋਂ ਛੂਤ ਕਾਰਣ ਰੋਗ ਲੱਗਣ ਦਾ ਡਰ ਹੁੰਦਾ ਹੈ। ਇਹ ਲਫਜ਼ ਹੁਣ ਘਟੀਆ, ਨੀਚ, ਝੂਠੇ ਲਈ ਵੀ ਵਰਤਿਆ ਜਾਣ ਲੱਗ ਪਿਆ ਹੈ। ਗੁਰਬਾਣੀ ਦਾ ਹਰ ਸ਼ਬਦ ਸਾਨੂੰ ਜੀਵਨ ਜਾਚ ਸਿਖਾਉਂਦਾ ਹੈ। ਕਈ ਵਾਰੀ ਅਸੀਂ ਸ਼ਬਦ ਦੇ ਭਾਵ ਅਰਥ ਨੂੰ ਸਮਝਦੇ ਨਹੀਂ ਹਾਂ ਕੇਵਲ ਅੱਖਰੀਂ ਅਰਥ ਤੀਕ ਹੀ ਸੀਮਤ ਰਹਿ ਜਾਂਦੇ ਹਾਂ। ਆਸਾ ਕੀ ਵਾਰ ਵਿਚਲੀ ਬਾਣੀ ਨੇ ਸਮਾਜ ਦੇ ਹਰੇਕ ਕਰਮ-ਕਾਂਡ ਦੀ ਖੁਲ੍ਹ ਕੇ ਗੱਲ ਕੀਤੀ ਹੈ। ਆਸਾ ਕੀ ਵਾਰ 'ਚ ਉਨ੍ਹਾਂ ਲੋਕਾਂ ਦਾ ਚਿਤਰ ਬਿਆਨਿਆ ਜਿਹੜੇ ਅੰਦਰ ਵੜ੍ਹ ਕੇ ਬਿਗਾਨਿਆਂ ਦੀ ਬੋਲੀ ਬੋਲਦੇ ਤੇ ਉਨ੍ਹਾਂ ਦਾ ਪਕਾਇਆ ਭੋਜਨ ਖਾਂਦੇ ਨੇ ਪਰ ਜਦੋਂ ਇਹ ਆਪਣੀ ਬਰਾਦਰੀ ਵਿੱਚ ਵਿਚਰਦੇ ਆ ਤਾਂ ਉਨ੍ਹਾਂ ਨੂੰ ਧਰਮ ਦੀ ਮਰਯਾਦਾ ਸਮਝਾਉਂਦੇ ਤੇ ਮੁਸਲਮਾਨ ਭਾਈਚਾਰੇ ਨੂੰ ਮਲੇਸ਼ ਆਖਦੇ ਹਨ। ਭਾਰਤੀ ਲੋਕਾਂ ਦੀ ਤਰਾਸਦੀ ਦਸਦੇ ਕਿਹਾ ਹੈ ਕਿ ਇਨ੍ਹਾਂ ਨੇ ਤੇ ਆਪਣੀ ਬੋਲੀ ਹੀ ਤਿਆਗ ਦਿੱਤੀ ਤੇ ਮਾਂ ਬੋਲੀ ਦਾ ਤਿਆਗ ਕਰਨ ਵਾਲਾ ਸਦੀਆਂ ਤੱਕ ਗੁਲਾਮ ਹੋ ਜਾਂਦਾ ਹੈ।

ਭਾਰਤੀ ਪੁਜਾਰੀ ਨੇ ਧਰਮਰਾਜ, ਨਰਕ-ਸਵਰਗ, ਚਿੱਤਰ-ਗੁਪਤ ਵਰਗੀਆਂ ਆਪਣੀਆਂ ਹੀ ਬਣਾਈਆਂ ਹੋਈਆਂ ਅਖੌਤੀ ਕਹਾਣੀਆਂ ਵਿੱਚ ਸਮਾਜ ਨੂੰ ਉਲਝਾਅ ਕੇ ਰੱਖਿਆ ਹੋਇਆ ਸੀ। ਇਹ ਮਨੌਤ ਅੱਜ ਵੀ ਉੱਥੇ ਹੀ ਖੜੀ ਏ ਜਿਵੇਂ-ਧਰਮਰਾਜ ਦਿਸਦਾ ਨਹੀਂ ਤੇ ਇਹ ਦੁਨੀਆਂ ਨਾਲੋਂ ਕਿਸੇ ਵੱਖਰੇ ਥਾਂ ਅਸਮਾਨ ਵਿੱਚ ਰਹਿੰਦਾ ਤੇ ਮੌਤ ਉਪ੍ਰੰਤ ਕੀਤੇ ਹੋਏ ਕਰਮਾਂ ਦੇ ਹਿਸਾਬ ਨਾਲ ਅਖੌਤੀ ਨਰਕ ਸਵਰਗ ਦਿੰਦਾ ਹੈ। ਆਓ ਧਰਮਰਾਜ ਬਾਰੇ ਆਸਾ ਕੀ ਵਾਰ ਦੀ ਇਸ ਪਉੜੀ ਚ ਸਮਝੀਏ ਕਿ-ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥ਲਿਖਿ ਨਾਵੈ ਧਰਮੁ ਬਹਾਲਿਆ॥੨॥ (ਮ:੧-੪੬੩)

ਗੁਰਦੇਵ ਆਖਦੇ ਨੇ ਕਿ ਜੀਵਾਂ ਨੂੰ ਪੈਦਾ ਕਰ ਪ੍ਰਭੂ ਨੇ ਸੱਚ-ਧਰਮ ਨੂੰ ਉਨ੍ਹਾਂ ਦੇ ਸਿਰ ਤੇ ਮੁਕੱਰਰ ਕੀਤਾ ਹੋਇਐ ਕਿ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ ਲਿਖਦਾ ਰਹੇ। ਧਰਮ-ਰਾਜ ਦੀ ਕਚਹਿਰੀ ਵਿੱਚ ਨਿਰੋਲ ਸੱਚ ਦੁਆਰਾ ਜੀਵਾਂ ਦੇ ਕਰਮਾਂ ਦਾ ਨਿਬੇੜਾ ਹੁੰਦੈ ਭਾਵ ਓਥੇ ਨਿਬੇੜੇ ਦਾ ਮਾਪ ਨਿਰੋਲ ਸੱਚ ਹੈ ਜਿਨ੍ਹਾਂ ਦੇ ਪੱਲੇ ਸਚ ਹੁੰਦੈ ਉਨ੍ਹਾਂ ਨੂੰ ਆਦਰ ਮਿਲਦੈ ਤੇ ਮੰਦ-ਕਰਮੀ ਜੀਵ ਚੁਣ ਕੇ ਵੱਖ ਕੀਤੇ ਜਾਂਦੇ ਹਨ। ਕੂੜ ਠੱਗੀ ਕਰਨ ਵਾਲੇ ਜੀਵਾਂ ਨੂੰ ਓਥੇ ਟਿਕਾਣਾ ਨਹੀਂ ਮਿਲਦਾ ਕਾਲਾ ਮੂੰਹ ਕਰ ਕੇ ਉਨ੍ਹਾਂ ਨੂੰ ਦੋਜ਼ਕ 'ਚ ਧੱਕਿਆ ਜਾਂਦਾ ਹੈ। ਹੇ ਪ੍ਰਭੂ! ਜੋ ਮਨੁੱਖ ਤੇਰੇ ਨਾਮ (ਗਿਆਨ ਰੰਗ) ਵਿੱਚ ਰੰਗੇ ਹੋਏ ਨੇ ਉਹ ਏਥੋਂ ਬਾਜ਼ੀ ਜਿੱਤ ਜਾਂਦੇ ਤੇ ਠੱਗੀ ਕਰਨ ਵਾਲੇ ਬੰਦੇ ਮਨੁੱਖਾ ਜਨਮ ਦੀ ਬਾਜ਼ੀ ਹਾਰ ਜਾਂਦੇ ਹਨ। ਹੇ ਪ੍ਰਭੂ! ਤੂੰ ਧਰਮ-ਰਾਜ ਨੂੰ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ ਲਿਖਣ ਵਾਸਤੇ ਉਨ੍ਹਾਂ 'ਤੇ ਮੁਕੱਰਰ ਕੀਤਾ ਹੋਇਆ ਹੈ।(ਪ੍ਰੋ। ਸਾਹਿਬ ਸਿੰਘ)

ਨੋਟ-ਪਉੜੀ ਦਾ ਵਿਸ਼ਾ-ਵਸਤੂ ਹਮੇਸ਼ਾਂ ਅਖੀਰਲੀ ਤੁਕ ਵਿੱਚ ਹੁੰਦਾ ਤੇ ਬਾਕੀ ਪਉੜੀ ਵਿੱਚ ਇਸ ਵਿਸ਼ੇ ਦੀ ਵਿਚਾਰ ਕੀਤੀ ਹੁੰਦੀ ਹੈ। ਇਸ ਪਉੜੀ ਦਾ ਵਿਸ਼ਾ ਧਰਮਰਾਜੁ ਹੈ। ਸੰਸਕ੍ਰਿਤ ਗ੍ਰੰਥਾਂ ਵਿੱਚ ਯਮ ਅਤੇ ਧਰਮਰਾਜ ਇਕੋ ਤੇ ਇਸ ਦੀ ਉਤਪਤੀ ਸੰਗਯਾ ਦੇ ਗਰਭ ਤੋਂ ਸੂਰਯ ਦਵਾਰਾ ਲਿਖੀ ਹੈ। ਅਰ ਯਮੀ ਭੀ ਆਪਣੇ ਭਾਈ ਨਾਲ ਉਸੇ ਸਮੇਂ ਜੰਮੀ ਅਰਥਾਤ ਯਮ ਅਤੇ ਯਮੀ ਦੋਵੇਂ ਜੌੜੇ ਸਨ। ਧਰਮਰਾਜ ਦੀ ਪੁਰੀ ਦਾ ਨਾਮ ਸੰਯਮਨੀ, ਉਸ ਦੇ ਮਹਿਲ ਦਾ ਨਾਮ ਕਾਲੀਚੀ, ਉਸ ਦੇ ਸਿੰਘਾਸਣ ਦਾ ਨਾਮ ਵਿਚਾਰਭੂ ਅਤੇ ਭਾਰੀ ਰਜਿਸਟਰ ਦਾ ਨਾਮ ਜੋ ਚਿੱਤਰ-ਗੁਪਤ ਦੇ ਸਪੁਰਦ ਅਗਰਸੰਧਾਨੀ ਹੈ।(ਮਹਾਨਕੋਸ਼)

ਹੁਣ ਤੱਕ ਪ੍ਰਚਲਤੈ ਕਿ ਅਸਮਾਨ ਵਿੱਚ ਧਰਮਰਾਜ ਦਾ ਦਫਤਰ ਹੈ ਜਿੱਥੇ ਸਾਡੇ ਜੀਵਨ ਦਾ ਸਾਰਾ ਹਿਸਾਬ-ਕਿਤਾਬ ਕਰਕੇ ਰੱਖਿਆ ਹੋਇਆ ਤੇ ਉਸ ਦੇ ਚਿੱਤਰ ਤੇ ਗੁਪਤ ਦੋ ਦੂਤ ਜੋ ਸਾਰੀ ਰਿਪੋਰਟ ਧਰਮ ਰਾਜ ਨੂੰ ਦੇਂਦੇ ਤੇ ਉਸ ਮੁਤਾਬਿਕ ਸਾਨੂੰ ਨਰਕ ਜਾਂ ਸਵਰਗ ਮਿਲਦਾ ਹੈ। ਅੱਜ ਤੀਕ ਸਾਨੂੰ ਇਸੇ ਧਰਮਰਾਜ ਦੇ ਅਧੀਨ ਹੀ ਪੁਜਾਰੀ ਨੇ ਰੱਖਿਆ ਤੇ ਇਸੇ ਦਾ "ਮਨੋਕਲਪਤ ਧਰਮਰਾਜ" ਨਾਂ ਲੈ ਕੇ ਲੋਕਾਂ ਨੂੰ ਡਰਾਇਆ ਹੋਇਆ ਹੈ। ਅਸਲ 'ਚ "ਗੁਰਬਾਣੀ ਵਾਲਾ ਧਰਮਰਾਜ" ਆਪਣੇ ਕਰਤੱਵ ਦਾ ਪਾਲਕ ਕਰਤਾਰ ਹੈ। ਕਰਤਾਰ ਸਾਡੇ ਸੁਭਾਅ 'ਚ ਤੇ ਉਹ ਕੋਈ ਦੇਖਣ ਵਾਲੀ ਵਸਤੂ ਨਹੀਂ ਹੈ। ਧਰਮ ਦਾ ਦੂਜਾ ਅਰਥ "ਫਰਜ਼" ਕਿ ਸਾਨੂੰ ਆਪਣੇ ਫ਼ਰਜ਼ ਦੀ ਪਹਿਚਾਨ ਕਰਨੀ ਚਾਹਦੀ ਹੈ।

ਗੁਰੂ ਨਾਨਕ ਸਾਹਿਬ ਇੱਕ ਹੋਰ ਥਾਂ ਉਪਦੇਸ਼ਦੇ ਨੇ ਕਿ ਸਾਡੇ ਮਨ ਵਿੱਚ ਬੁਰਾ ਭਲਾ ਦੋ ਵਿਚਾਰ ਹਰ ਵੇਲੇ ਚਲਦੇ ਰਹਿੰਦੇ ਹਨ। ਇਨ੍ਹਾਂ ਦੇ ਅਧੀਨ ਹੋ ਕੇ ਹੀ ਅਸੀਂ ਸਾਰੇ ਕਰਮ ਕਰਦੇ ਹਾਂ। ਇਹ ਸਾਰਾ ਕੁੱਝ ਸਾਡੇ ਦਿਮਾਗ਼ ਵਿੱਚ ਉਕਰਿਆ ਜਾਂਦਾ ਹੈ। ਬਾਰ-ਬਾਰ ਅਜੇਹੇ ਕਰਮ ਕਰਨ ਨਾਲ ਸਾਡਾ ਸੁਭਾਅ ਵੀ ਓਸੇ ਤਰ੍ਹਾਂ ਦਾ ਹੋ ਜਾਂਦਾ ਹੈ। ਗੁਰੂ ਸਾਹਿਬ ਦਾ ਫਰਮਾਨ ਹੈ-ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥੧॥(ਮਾਰੂ ਮ:੧-੯੯੦)

ਹੇ ਹਰੀ! ਤੇਰੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ ਤੂੰ ਅਚੱਰਜ ਖੇਡ ਰਚੀ ਹੈ ਕਿ ਤੇਰੀ ਕੁਦਰਤ ਵਿੱਚ ਜੀਵਾਂ ਦਾ ਆਚਰਨ ਮਾਨੋ, ਕਾਗ਼ਜ਼, ਮਨ ਦਵਾਤ ਅਤੇ ਉਸ ਬਣ ਰਹੇ ਆਚਰਨ-ਕਾਗ਼ਜ਼ ਉਤੇ ਮਨ ਦੇ ਸੰਸਕਾਰਾਂ ਦੀ ਸਿਆਹੀ ਨਾਲ ਚੰਗੇ-ਮੰਦੇ ਲੇਖ ਲਿਖੇ ਜਾ ਰਹੇ ਨੇ ਭਾਵ ਮਨ ਵਿੱਚ ਹੁਣ ਤਕ ਦੇ ਇਕੱਠੇ ਹੋਏ ਸੰਸਕਾਰਾਂ ਦੀ ਪ੍ਰੇਰਨਾ ਨਾਲ ਜੀਵ ਜਿਹੜੇ ਚੰਗੇ-ਮੰਦੇ ਕੰਮ ਕਰਦੇ ਨੇ ਉਹ ਕੰਮ ਆਚਰਨ-ਰੂਪ ਕਾਗ਼ਜ਼ ਉਤੇ ਨਵੇਂ ਚੰਗੇ ਮੰਦੇ ਸੰਸਕਾਰ ਉਕਰਦੇ ਜਾਂਦੇ ਹਨ। ਇਸ ਤਰ੍ਹਾਂ ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਦਾ ਇਕੱਠ-ਰੂਪ ਸੁਭਾਉ ਜਿਵੇਂ-ਜਿਵੇਂ ਜੀਵਾਂ ਨੂੰ ਪ੍ਰੇਰਦੈ ਤਿਵੇਂ-ਤਿਵੇਂ ਹੀ ਉਹ ਜੀਵਨ-ਰਾਹ ਤੇ ਤੁਰ ਸਕਦੇ ਹਨ।

"ਲਿਖਿ ਨਾਵੈ ਧਰਮੁ ਬਹਾਲਿਆ" ਨੂੰ ਆਪਣੇ ਜੀਵਨ ਵਿੱਚ ਸਮਝਾਂਗੇ ਤਾਂ ਸਮਝ ਪਵੇਗੀ ਕਿ ਜਿਹੜਾ ਵੀ ਅਸੀਂ ਕਰਮ ਕਰਾਂਗੇ ਉਹ ਹੀ ਸਾਡੇ ਸੁਭਾਅ ਦਾ ਅੰਗ ਬਣ ਸੁਭਾਅ ਵਿੱਚ ਉਕਰਿਆ ਜਾਂਦਾ ਹੈ। ਜਦੋਂ ਦਾ ਜੀਵ ਪੈਦਾ ਹੋਇਐ ਤਾਂ ਨਾਲ ਹੀ ਧਰਮਰਾਜ ਬੈਠਾ ਦਿੱਤੈ ਭਾਵ ਜੇਹਾ ਵੀ ਕਰਮ ਕਰਦੈ ਉਹੋ ਜੇਹਾ ਹੀ ਇਸ ਦਾ ਸੁਭਾਅ ਬਣਦਾ ਹੈ। ਜਿਵੇਂ ਵਿਦਿਆਰਥੀ ਨੇ ਜੋ ਪੜ੍ਹਾਈ ਕੀਤੀ ਉਸ ਮੁਤਾਬਿਕ ਹੀ ਉਸ ਦਾ ਕੈਰੀਅਰ ਬਣਦਾ ਹੈ। "ਲਿਖਿ ਨਾਵੈ ਧਰਮੁ ਬਹਾਲਿਆ" ਅਨੁਸਾਰ ਆਪਣੇ ਫ਼ਰਜ਼ ਦੀ ਪਹਿਚਾਨ ਕਰਨੀ ਹੈ। ਮਾੜੀ ਸੰਗਤ ਜਾਂ ਘਟੀਆ ਖਿਆਲਾਂ ਕਰਕੇ ਧਰਮ ਦੀ ਗੱਲ ਨੂੰ ਸਮਝਣ ਲਈ ਤਿਆਰ ਨਹੀਂ ਹੁੰਦਾ। ਬੇ-ਸ਼ੱਕ ਲੋਕਾਂ ਦੇ ਸਾਹਮਣੇ ਆਪਣੇ ਕਰਮ ਛੁਪਾ ਸਕਦੈ ਪਰ ਆਪਣੇ ਅੰਤਰ-ਆਤਮੇ ਤੋਂ ਇਹ ਨਹੀਂ ਛੁਪਾ ਸਕਦਾ ਕਿਉਂਕਿ-ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥ ਜਦੋਂ ਦਾ ਜੀਵ ਪੈਦਾ ਹੋਇਐ ਓਦੋਂ ਦਾ ਹੀ ਇਸ ਦਾ ਹਿਸਾਬ ਕਿਤਾਬ ਨਾਲ ਦੀ ਨਾਲ ਲਿਖਿਆ ਜਾਂਦੈ ਭਾਵ ਸੱਚ ਮਨੁੱਖ ਦੇ ਹਿਰਦੇ ਵਿੱਚ ਅੰਕਤ ਤੇ ਸੱਚ ਹੀ ਮਨੁੱਖ ਨੂੰ ਜ਼ਿੰਦਗੀ ਦੀ ਸੱਚੀ ਦਿਸ਼ਾ ਦਿਖਾਲਦਾ ਹੈ। ਸਕੂਲੀ ਵਿਦਿਅਰਥੀ ਦਾ ਇੱਕ ਹੀ ਅਰਦਸ਼ੈ ਕਿ ਉਹ ਮਨ ਮਾਰ ਕੇ ਸਖਤ ਮੇਹਨਤ ਕਰੇ ਪਰ ਦੇਖਣਾ ਇਹ ਹੈ ਕਿ ਉਹ ਆਪਣੇ ਫ਼ਰਜ਼ ਦੀ ਪਹਿਚਾਨ ਕਿੰਨੀ ਕੁ ਕਰਦੈ ਜਿਸ ਵਿਦਿਆਰਥੀ ਨੇ ਧਰਮ ਨੂੰ ਸਮਝ ਲਿਆ ਉਹ ਹੀ ਮਿੱਥੇ ਨਿਸ਼ਾਨੇ 'ਤੇ ਪਹੁੰਚਦਾ ਹੈ। ਸੱਚ ਮਨੁੱਖ ਦੇ ਅੰਦਰੈ ਪਰ ਉਸ ਦੀ ਵਰਤੋਂ ਕਿੰਨੀ ਕਰਦੈ ਇਹ "ਇਸ" 'ਤੇ ਨਿਰਭਰ ਕਰਦਾ ਹੈ।

ਧਰਮ-ਰਾਜ ਦੇ ਸਾਹਮਣੇ ਕੇਵਲ ਸੱਚ ਦੇ ਅਧਾਰਿਤ ਹੀ ਨਿਬੇੜਾ ਹੋਣੈ ਭਾਵ ਅਸੀਂ ਆਪਣੇ ਚੰਗੇ ਜਾਂ ਮੰਦੇ ਕਰਮਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਾਂ। ਪ੍ਰਵਾਰ ਜਾਂ ਸਮਾਜ ਪਾਸੋਂ ਅਸੀਂ ਆਪਣੇ ਕਰਮ ਲੁਕਾ ਸਕਦੇ ਹਾਂ ਪਰ ਆਪਣੇ ਅੰਤਰ ਆਤਮੇ ਤੋਂ ਨਹੀਂ ਛੁਪਾ ਸਕਦੇ ਕਿਉਂਕਿ ਸਾਡਾ ਅੰਦਰਲਾ( ਸੁਭਾਅ ਰੂਪ ਧਰਮਰਾਜ) ਸਭ ਕੁੱਝ ਜਾਣਦਾ ਹੈ। ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥ ਆਪਣੇ ਹਿਰਦੇ ਵਿੱਚ ਬੈਠੇ ਧਰਮਰਾਜ ਦੇ ਸਾਹਮਣੇ ਕੇਵਲ ਸੱਚ ਹੀ ਪ੍ਰਵਾਨ ਹੋਣਾ ਹੈ। ਜੇ ਸੱਚ ਦੀ ਸਮਝ ਆ ਗਈ ਤਾਂ ਫਿਰ ਉੱਥੇ ਕੂੜ ਨਹੀਂ ਰਹਿ ਸਕਦਾ-ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ॥ (ਮ:੪-੩੧੪) ਜਿਸ ਨੂੰ ਸੱਚ ਦੀ ਸਮਝ ਆ ਜਾਂਦੀਐ ਉਹ ਫਿਰ ਵਿਕਾਰਾਂ ਨੂੰ ਆਪਣੇ ਨੇੜੇ ਨਹੀਂ ਢੁੱਕਣ ਦੇਂਦਾ ਤੇ ਮੰਦਿਆਂ ਵਿਚਾਰਾਂ ਨੂੰ ਦੂਰੋਂ ਹੀ ਭਜਾਈ ਰੱਖਦਾ ਹੈ।

ਟਿਕੇ ਹੋਏ ਹਿਰਦੇ ਵਿੱਚ ਧਰਮਰਾਜ (ਸੱਚਰਾਜ) ਹੁੰਦਾ ਤੇ ਸੱਚੇ ਗੁਣ ਵਿਕਾਰਾਂ ਨੂੰ ਨੇੜੇ ਨਹੀਂ ਆਉਣ ਦੇਂਦੇ ਭਾਵ ਵਿਕਾਰਾਂ ਦਾ ਮੂੰਹ ਕਾਲ਼ਾ ਕਰਕੇ "ਸੱਚ" ਉੱਥੋਂ ਕੱਢ ਦੇਂਦਾ ਹੈ। ਦੂਜੇ ਪਾਸੇ ਜਦੋਂ ਕਦੇ ਕੋਈ ਵਿਦਿਆਰਥੀ ਸਲਾਨਾ ਇਮਤਿਹਾਨ ਵਿੱਚ ਨਕਲ ਮਾਰਦਾ ਫੜਿਆ ਜਾਂਦੈ ਤਾਂ ਸਬੰਧਿਤ ਨਿਗਰਾਨ ਉਸ ਨੂੰ ਇਮਤਿਹਾਨ ਚੋਂ ਬਾਹਰ ਕੱਢ ਦਿੰਦੈ। ਜੇ ਕੋਈ ਨਕਲ ਮਾਰ ਕੇ ਡਾਕਟਰੀ ਕਰ ਵੀ ਲੈਂਦੈ ਪਰ ਜਦੋਂ ਅਪ੍ਰੇਸ਼ਨ ਕਰਨਾ ਪੈ ਜਾਏ ਤਾਂ ਫਿਰ ਅਜੇਹੇ ਡਾਕਟਰ ਨੂੰ ਜੇਲ੍ਹ ਵੀ ਜਾਣਾ ਪੈਂਦੈ, ਉਸ ਵੇਲੇ ਉਸ ਦਾ ਕੋਈ ਵੀ ਸਾਥ ਨਹੀਂ ਦਿੰਦਾ। ਝੂਠਾ ਬੰਦਾ ਫਿਰ ਆਪਣੇ ਜੀਵਨ ਵਿੱਚ ਹੀ ਨਰਕ ਭੋਗਦੈ-ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥ਪੁਰਣੇ ਸਮੇ ਪੰਚਾਇਤਾਂ ਮਾੜੀ-ਹਰਕਤ ਕਰਨ ਵਾਲੇ ਦਾ ਮੂੰਹ ਕਾਲਾ ਕਰਕੇ ਗਧੇ 'ਤੇ ਚੜ੍ਹਾ ਕੇ ਸਾਰੇ ਪਿੰਡ ਵਿੱਚ ਫੇਰਦੀਆਂ ਸਨ। ਅੱਜ ਕੱਲ੍ਹ ਕਿਹਾ ਜਾਂਦੈ ਕਿ ਪੰਚਾਇਤ ਨੇ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈ ਲਿਆ। ਮੀਡੀਏ ਦਾ ਜ਼ਮਾਨਾ ਹੋਣ ਕਰਕੇ ਕਈ ਵਾਰੀ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਕਰਕੇ ਪੇਸ਼ ਕਰਦਾ ਹੈ। ਮੂੰਹ ਕਾਲੇ ਦਾ ਭਾਵ ਮਾੜੇ-ਕਰਮ ਕਰਨ ਵਾਲਾ ਆਪਣੇ ਅੰਤਰ-ਆਤਮੇ 'ਤੇ ਸ਼ਰਮਿੰਦਾ ਤੇ ਸਮਾਜ ਵਿੱਚ ਵੀ ਸ਼ਰਮਸਾਰ ਹੁੰਦਾ ਹੈ। ਜਿੱਤ ਹਮੇਸ਼ਾਂ ਸੱਚ ਦੀ ਹੀ ਹੁੰਦੀ ਹੈ-ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥ ਇਹ ਠੀਕ ਹੈ ਸਮਾਜ ਵਿੱਚ ਠੱਗੀਆਂ ਮਾਰਨ ਵਾਲੇ ਮਾਲਦਾਰ ਹੋ ਸਕਦੇ ਨੇ ਪਰ ਉਹ ਅਸਲ ਵਿੱਚ ਜੀਵਨ ਵਿਚੋਂ ਇਖ਼ਲਾਕ ਦੀ ਬਾਜ਼ੀ ਹਾਰ ਗਏ ਹੁੰਦੇ ਹਨ।

ਗੁਰਦੇਵ ਆਖਦੇ ਹਨ ਕਿ ਬੇ ਸ਼ੱਕ ਹੇਰਾ-ਫੇਰੀਆਂ ਨਾਲ ਆਪਣਾ ਕੰਮ ਕਰੀ ਜਾਵੇ ਪਰ ਜਿੱਤ ਓਸੇ ਇਨਸਾਨ ਦੀ ਹੁੰਦੀਐ ਜਿਹੜਾ ਸੱਚ ਦਾ ਧਾਰਨੀ ਹੁੰਦਾ ਹੈ। ਦੁਨੀਆਂ ਪਾਸੋਂ ਆਪਣੇ ਐਬ ਲਕਾਉਣ ਦੀ ਸਮਰੱਥਾ ਰੱਖਣ ਵਾਲਾ ਆਪਣੇ "ਅੰਦਰਲੇ ਧਰਮਰਾਜ" ਦੇ ਸਾਹਮਣੇ ਝੂਠਾ ਹੈ। ਅੰਤਰ-ਆਤਮੇ ਵਿੱਚ ਵੱਸੇ ਸੱਚ ਦਾ ਨਾਂ ਹੀ "ਧਰਮਰਾਜ" ਹੈ। ਇਸ ਸੱਚ ਦੇ ਸਾਹਮਣੇ ਕੇਵਲ ਸੱਚ ਅਨੁਸਾਰ ਹੀ ਫੈਸਲੇ ਹੁੰਦੇ ਨੇ ਜਦੋਂ "ਇਸ ਸੱਚ" ਨੂੰ ਦਬਾਇਆ ਜਾਂਦੈ ਤਾਂ ਝੂਠ ਪ੍ਰਧਾਨ ਹੋ ਜਾਂਦਾ ਹੈ।

ਲੋਕਾਂ ਦੇ ਸਾਹਮਣੇ ਭਾਵੇਂ ਮਨੁੱਖ ਧਰਮੀ ਪਰ ਆਪਣੇ ਕੀਤੇ ਕਾਲੇ ਕਾਰਨਾਮਿਆਂ ਕਰਕੇ ਨਰਕ ਹੀ ਭੋਗ ਰਿਹਾ ਹੁੰਦਾ ਤੇ ਜ਼ਿੰਦਗੀ ਦੇ ਰਹੱਸ ਨੂੰ ਸਮਝਣ ਵਾਲਾ ਹੀ ਆਪਣੇ ਜੀਵਨ ਦੀ ਬਾਜ਼ੀ ਜਿੱਤਦਾ ਹੈ। ਇਨ੍ਹਾਂ ਗੁਰਵਾਕਾਂ ਵਿੱਚ ਅੰਤਰ-ਆਤਮੇ ਵਿੱਚ ਪਏ ਹੋਏ ਸੱਚ ਦੀ ਵਰਤੋਂ ਕਰਨ ਦੀ ਜਾਚ ਸਿਖਾਈ ਗਈ ਹੈ। ਸੋ ਅੰਦਰਲਾ ਸੱਚ ਹੀ "ਧਰਮਰਾਜ" ਅਤੇ ਗੁਣਾਹ ਹੀ ਕੁਸ਼ਟ ਰੋਗ "ਜਜਮਾਲਿਆ" ਹਨ।

# ਟੈਕਸੀ ਡਰਾਈਵਰ ਰਹੇ ਅਮਰਜੀਤ ਸੋਹੀ ਐਡਮੰਟਨ ਤੇ ਜਯੋਤੀ ਗੌਂਡੇਕ ਕੈਲਗਰੀ ਦੇ ਮੇਅਰ ਬਣੇ

**ਐਡਮਿੰਟਨ-** ਕੈਨੇਡਾ ਦੇ ਅਲਬਰਟਾ ਸੂਬੇ 'ਚ ਦੋ ਪੰਜਾਬੀ ਮੂਲ ਦੇ ਮੇਅਰ ਚੁਣੇ ਜਾਣ ਨਾਲ ਨਵਾਂ ਇਤਿਹਾਸ ਸਿਰਜਿਆ ਗਿਆ। ਅਮਜੀਤ ਸੋਹੀ ਐਡਮੰਟਨ ਤੋਂ ਅਤੇ ਜਯੋਤੀ ਗੌਂਡੇਕ ਕੈਲਗਰੀ ਤੋਂ ਪੰਜਾਬੀ ਮੂਲ ਦੇ ਮੇਅਰ ਚੁਣੇ ਗਏ। ਅਲਬਰਟਾ ਦੇ ਇਤਿਹਾਸ 'ਚ ਇਹ ਪਹਿਲਾ ਮੌਕਾ ਹੈ ਜਦੋਂ ਕੋਈ ਪੰਜਾਬੀ ਮੂਲ ਦਾ ਵਿਅਕਤੀ ਮੇਅਰ ਚੁਣਿਆ ਗਿਆ ਹੋਵੇ। ਖਾਸ ਗੱਲ ਇਹ ਵੀ ਹੈ ਕਿ ਅਮਰਜੀਤ ਸੋਹੀ ਜੋ ਕਿ ਪਹਿਲਾਂ ਕੈਨੇਡਾ ਦੇ ਕੈਬਨਿਟ ਮੰਤਰੀ ਵੀ ਰਹਿ ਚੁੱਕੇ ਹਨ, ਨੇ 45 ਹਜ਼ਾਰ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਆਪਣੇ ਨੇੜਲੇ ਵਿਰੋਧੀ ਉਮੀਦਵਾਰ ਮਾਇਕ ਨਿੱਕਲ ਨੂੰ ਹਰਾਇਆ ਜਦੋਂਕਿ ਜਯੋਤੀ ਗੌਂਡੇਕ ਨੇ ਲਗਪਗ 58 ਹਜ਼ਾਰ ਵੋਟਾਂ ਦੇ ਫ਼ਰਕ ਨਾਲ ਆਪਣੇ ਨੇੜਲੇ ਵਿਰੋਧੀ



ਉਮੀਦਵਾਰ ਜੇਰੋਮੀ ਫਾਰਕਨ ਨੂੰ ਹਰਾਇਆ। ਦੋ ਪੰਜਾਬੀਆਂ ਦੇ ਮੇਅਰ ਚੁਣੇ ਜਾਣ ਨਾਲ ਦੁਨੀਆ ਭਰ ਵਿਚ ਪੰਜਾਬੀਆਂ ਦੀ ਬੱਲੇ-ਬੱਲੇ ਹੋ ਰਹੀ ਹੈ। ਭਾਰਤ ਤੋਂ ਆਏ 57 ਸਾਲਾ ਸੋਹੀ ਲਈ ਇਹ ਇਕ ਹੋਰ ਵੱਡੀ ਸਿਆਸੀ ਪ੍ਰਾਪਤੀ ਹੈ। 18 ਸਾਲ ਦੀ ਉਮਰ 'ਚ 1982 'ਚ ਐਡਮਿੰਟਨ ਆਏ ਸੋਹੀ ਨੇ ਮਾਈਕ ਨਿੱਕਲ ਨੂੰ ਹਰਾ ਕੇ ਲੀਡ ਹਾਸਲ ਕੀਤੀ। ਉਨ੍ਹਾਂ ਪਹਿਲਾਂ 2007 ਤੋਂ 2015 ਤਕ ਦੱਖਣ -ਪੂਰਬੀ ਵਾਰਡ 12 'ਚ ਐਡਮੰਟਨ ਸਿਟੀ ਕੌਂਸਲਰ ਵਜੋਂ ਸੇਵਾ ਨਿਭਾਈ। ਸੋਹੀ ਨੇ ਅੰਗਰੇਜ਼ੀ ਸਥਾਨਕ ਲਾਇਬ੍ਰੇਰੀਆਂ 'ਚ ਹੀ ਸਿੱਖੀ।

ਅਮਰਜੀਤ ਸੋਹੀ ਕੈਨੇਡਾ 'ਚ ਪ੍ਰਵਾਸੀਆਂ ਦੀ ਇੱਕ ਸਫਲਤਾ ਦੀ ਕਹਾਣੀ ਹੈ ਕਿਉਂਕਿ ਉਸਨੇ ਸਿਆਸਤ 'ਚ ਆਉਣ ਦਾ ਫੈਸਲਾ ਕਰਨ ਤੋਂ ਪਹਿਲਾਂ ਇੱਕ ਟੈਕਸੀ ਡਰਾਈਵਰ ਤੇ ਫਿਰ ਐਡਮੰਟਨ ਟ੍ਰਾਂਜ਼ਿਟ ਸੇਵਾ ਲਈ ਇੱਕ ਬੱਸ ਡਰਾਈਵਰ ਵਜੋਂ ਵੀ ਕੰਮ ਕੀਤਾ ਸੀ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਭਗਵਾਨ ਵਾਲਮੀਕ ਚੇਅਰ ਨੂੰ 5 ਕਰੋੜ ਦੇਣ ਤੇ ਸਤਿਕਾਰਯੋਗ ਸ.ਚਰਨਜੀਤ ਸਿੰਘ ਚੰਨੀ ਜੀ, ਦਾ ਕੋਟਿ-ਕੋਟਿ ਧੰਨਵਾਦ



ਸ਼੍ਰੀ ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ਼ ਮੌਕੇ ਪੰਜਾਬ ਸਰਕਾਰ ਵਲੋਂ ਭਗਵਾਨ ਵਾਲਮੀਕ ਆਸ਼ਰਮ, ਰਾਮਤੀਰਥ ਵਿਖੇ ਰਾਜਸੀ ਪੱਧਰ ਤੇ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿਚ ਸ. ਚਰਨਜੀਤ ਸਿੰਘ ਜੀ ਚੰਨੀ, ਮੁੱਖ ਮੰਤਰੀ ਪੰਜਾਬ, ਉਪ ਮੁੱਖ ਮੰਤਰੀ, ਸ਼੍ਰੀ ਓਮ ਪ੍ਰਕਾਸ਼ ਸੋਨੀ, ਸਪੀਕਰ ਸਾਹਿਬ, ਸ਼੍ਰੀ ਰਾਣਾ ਕੇ.ਪੀ. ਸਿੰਘ, ਅਤੇ ਪੰਜਾਬ ਦੀ ਆਨ ਅਤੇ ਸ਼ਾਨ, ਸਮਾਜਿਕ ਨਿਆਂ,ਅਧਿਕਾਰਤਾ ਅਤੇ ਘੱਟ ਗਿਣਤੀ, ਨਵੀਂ ਤੇ ਨਵਿਆਉਣ ਯੋਗ ਊਰਜਾ ਸਰੋਤ ਅਤੇ ਮੈਡੀਕਲ ਸਿੱਖਿਆ ਤੇ ਖੋਜ਼ ਮੰਤਰੀ ਸ਼੍ਰੀ ਡਾ. ਰਾਜ ਕੁਮਾਰ ਵੇਰਕਾ ਜੀ, ਅਤੇ ਐਮ.ਐਲ.ਏ. ਸ਼੍ਰੀ ਪਵਨ ਆਦਿਆ ਸ਼ਾਮ ਚੌਰਾਸੀ ਸਾਮਿਲ ਹੋਏ ਸਨ।


ਇਸ ਮੋਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਸਥਾਪਿਤ "ਮਹ-ਂਰਿਸ਼ੀ ਵਾਲਮੀਕ ਚੇਅਰ" ਨੂੰ ਪੰਜ ਕਰੋੜ ਰੁਪਏ ਗ੍ਰਾਂਟ ਦੇਣ ਦਾ ਭਰੋਸਾ ਕਰਵਾਇਆ ਅਤੇ ਇਸੀ ਮਹੀਨੇ ਦੀ 31 ਅਕਤੂਬਰ ਤੋਂ ਪਹਿਲਾ ਸਾਰੇ ਫੰਡ ਰਿਲੀਜ ਕਰਨ ਦਾ ਐਲਾਨ ਕੀਤਾ।ਇਸ ਮੌਕੇ ਤੇ "ਸ਼੍ਰੋਮਣੀ ਸਹੀਦ ਬਾਬਾ ਜੀਵਨ ਸਿੰਘ" ਦੀ ਚੇਅਰ ਸਥ-ਾਪਿਤ ਕਰਨ ਭਰੋਸਾ ਦਿਲਵਾਇਆ।ਇਸ ਮੌਕੇ ਤੇ ਪੈਨੋਰੋਮਾ ਦਾ ਨੀਂਹ ਪੱਥਰ ਰਖਿਆ ਗਿਆ।

ਸਾਡੀ ਸੰਸਥਾ ਡਾਂ ਅੰਬੇਦਕਰ ਲਈਬਰੇਰੀ ਅਤੇ ਸਟੱਡੀ ਸਰਕਲ ਪਟਿ-ਆਲਾ ਅਤੇ ਸਮੁੱਹ ਵਾਲਮੀਕੀ ਸਮਾਜ ਦੀਆ ਜੱਥੇਬੰਦੀਆ ਸਰਦਾਰ ਚਰਨਜੀਤ ਸਿੰਘ ਚੰਨੀ, ਮੁੱਖ ਮੰਤਰੀ ਪੰਜਾਬ ਦਾ ਅਤੇ ਸ਼੍ਰੀ ਰਾਜ ਕੁਮਾਰ ਵੇਰਕਾ ਜੀ ਦਾ ਸਾਡੇ ਸਮਾਜ ਵਲੋਂ ਕੋਟਿ-ਕੋਟਿ ਧੰਨਵਾਦ।

# ਸਹਾਇਤਾ ਸੰਸਥਾ ਨੇ ਸਮਾਜ ਭਲਾਈ ਕਾਰਜਾ 'ਚ ਆਤਮ ਪ੍ਰਗਾਸ ਸੰਸਥਾ ਨਾਲ ਮਿਲਾਇਆ ਹੱਥ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰੀਮਾਂਟ (ਕੈਲੀਫੋਰਨੀਆ)** ਸਮਾਜ ਭਲਾਈ ਲਈ ਕੰਮ ਕਰ ਰਹੀਆਂ ਸੰਸਥਾਵਾਂ ਸਹਾਇਤਾ ਤੇ ਆਤਮ ਪ੍ਰਗਾਸ ਵੱਲੋਂ ਸਮਾਜ ਭਲਾਈ ਦੇ ਕਾਰਜਾਂ ਦੇ ਲਈ ਹੱਥ ਮਲਾਉਣ ਦਾ ਫੈਸਲਾ ਕੀਤਾ ਗਿਆ ਹੈ।ਇਸ ਗੱਲ ਦੀ ਜਾਣਕਾਰੀ ਦਿੰਦਿਆਂ ਅੱਜ ਇਥੇ ਇਹਨਾਂ ਸੰਸਥਾਵਾਂ ਦੇ ਆਗੂਆਂ ਨੇ ਦੱਸਿਆ ਕਿ ਇਸ ਨਵੇਂ ਉਪਰਾਲੇ ਦੇ ਨਾਲ ਸਹਾਇਤਾ ਕੋਈ 70 ਦੇ ਕਰੀਬ ਉਹਨਾਂ ਕਿਸਾਨ ਪਰਿਵਾਰਾਂ ਦੀ ਮੱਦਦ ਕਰਨ ਵਿਚ ਕਾਮਯਾਬ ਹੋਵੇਗੀ ਜਿਹਨਾਂ ਨੇ ਦਿੱਲੀ ਦੇ ਕਿਸਾਨ ਮੋਰਚੇ ਵਿੱਚ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ ਹਨ। ਇਹਨਾਂ ਆਗੂਆਂ ਨੇ ਦੱਸਿਆ ਕਿ ਸੰਨ 2005 ਵਿੱਚ ਇਸ ਸੰਸਥਾ ਦੇ ਹੋਂਦ ਦੇ ਵਿੱਚ ਆਉਣ ਦੇ ਬਾਅਦ ਸਹਾਇਤਾ ਸੰਸਥਾ ਭਾਂਵੇ ਦੇਸ਼ ਹੋਵੇ ਜਾਂ ਵਿਦੇਸ਼, ਵਿੱਚ ਇਹ ਆਮ ਲੋਕਾਂ ਦੀਆਂ ਮੁੱਢਲੀਆ ਜਰੂਰਤਾਂ ਨੂੰ ਸਮਝਣ ਤੇ ਪੂਰਾ ਕਰਨ ਵਿੱਚ ਕਾਮਯਾਬ ਰਹੀ ਹੈ। ਪਿਛਲੇ ਪੰਜ ਸਾਲ ਤੋਂ ਸਹਾਇਤਾ ਸੰਸਥਾ ਪੰਜਾਬ ਦੇ ਸਿੱਖ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਬੱਚਿਆਂ ਦੀ ਪੜਾਈ 'ਤੇ ਜ਼ੋਰ ਦੇ ਰਹੀ ਹੈ ਤਾਂ ਜੋ ਉਹ ਪੜ੍ਹ ਲਿਖ ਕੇ ਕੋਈ ਨੌਕਰੀ ਜਾਂ ਕਿੱਤਾ ਚੁਣਕੇ ਆਪਣੇ ਪਰਵਿਾਰ ਨੂੰ ਆਰਥਕਿ ਤੇ ਸਮਾਜਕਿ ਪੱਧਰ 'ਤੇ ਉੱਚਾ ਚੁੱਕ ਸਕਣ। ਸਹਾਇਤਾ ਸੰਸਥਾ ਇਸ ਵੇਲੇ ਪੰਜਾਬ ਦੇ 250 ਕਿਸਾਨ ਪਰਵਿਾਰਾਂ ਦੇ ਕੋਈ 300 ਵਿਦਿਆਰਥੀਆਂ ਦੀ ਆਰਥਿਕ ਮੱਦਦ ਕਰਕੇ ਉਹਨਾਂ ਪਰਵਿਾਰਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਦੀ ਕੋਸ਼ਸ਼ਿ ਕਰ ਰਹੀ ਹੈ। ਅੱਗੇ ਚਲ ਕੇ ਇਹਨਾਂ ਆਗੂਆਂ ਨੇ ਦੱਸਿਆ ਕਿ ਇਸ ਉਪਰਾਲੇ ਤੇ ਕਿਸਾਨਾਂ ਦੀ ਮਦਦ ਨੂੰ ਅੱਗੇ ਵਧਾਉਂਦੇ ਹੋਏ, ਸਹਾਇਤਾ ਨੇ ਆਤਮ ਪ੍ਰਗਾਸ ਸਮਾਜ ਭਲਾਈ ਕੌਂਸਲ ਦੇ ਨਾਲ ਹੱਥ ਮਲਾਉਣ ਦਾ ਫੈਸਲਾ ਕੀਤਾ ਹੈ। ਇਸ ਨਵੇਂ ਉਪਰਾਲੇ ਦੇ ਨਾਲ ਸਹਾਇਤਾ ਕੋਈ 70 ਦੇ ਕਰੀਬ ਉਹਨਾਂ ਕਿਸਾਨ ਪਰਵਿਾਰਾਂ ਦੀ ਮੱਦਦ ਕਰਨ ਵਿਚ ਕਾਮਯਾਬ ਹੋਵ-ੇਗੀ ਜਿਹਨਾਂ ਨੇ ਦਿਲੀ ਦੇ ਕਿਸਾਨ ਮੋਰਚੇ ਵਿੱਚ ਆਪਣੀਆਂ ਜਾਨਾਂ ਦੇ ਦਿੱਤੀਆਂ।




ਆਤਮ ਪ੍ਰਗਾਸ ਜਿਸ ਦੀ ਅਗਵਾਈ ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ ਲੁਧਆਿਣਾ ਦੇ ਮੁੱਖ ਮਿੱਟੀ ਸਾਇੰਸਦਾਨ ਡਾਕਟਰ ਵਰਿੰਦਰ ਸਿੰਘ ਆਪਣੇ ਬੋਰਡ ਤੇ ਤਾਲਮੇਲ ਕਮੇਟੀ ਨਾਲ ਕਰਦੇ ਹਨ। ਇਸ ਕਮੇਟੀ ਵੱਲੋਂ ਹਰ ਪਰਿਵਾਰ 'ਤੇ ਕੋਈ 60 ਘੰਟੇ ਦੇ ਆਸ ਪਾਸ ਦਾ ਸਮਾਂ ਬਤੀਤ ਕੀਤਾ ਗਿਆ ਹੈ ਜਿਸ ਦੀ ਮੱਦਦ ਨਾਲ ਹਰ ਪਰਵਿਾਰ ਦੀ ਆਮਦਨ, ਕਰਜ਼ੇ, ਰੁਜ਼ਗਾਰ ਦੇ ਸਾਧਨ ਤੇ ਉਹਨਾਂ ਨੂੰ ਹੋਰਨਾਂ ਸੰਸਥਾਵਾਂ ਤੋਂ ਮਿਲੀ ਵਿੱਤੀ ਮੱਦਦ ਨੂੰ ਧਿਆਨ ਵਿਚ ਰੱਖਦੇ ਹੋਏ ਰਿਪੋਰਟ ਤਿਆਰ ਕੀਤੀ ਗਈ ਹੈ। ਆਤਮ ਪ੍ਰਗਾਸ ਸੰਸਥਾ ਦੁਆਰਾ ਕੀਤੀ ਜਾਂਚ ਪੜਤਾਲ ਦੇ ਅਧਾਰ 'ਤੇ ਹਰ ਪਰਿਵਾਰ ਦੇ ਲਈ ਇੱਕ ਯੋਜਨਾ ਬਣਾਈ ਗਈ ਹੈ, ਜਿਸ ਦੇ ਵਿੱਚ ਕੁੱਝ ਪਰਿਵਾਰਾਂ ਨੂੰ ਆਮਦਨ ਦਾ ਸਾਧਨ ਪੈਦਾ ਕਰਨ ਲਈ ਇੱਕ ਵਾਰ ਮੱਦਦ, ਬਾਕੀ ਕੇਸਾਂ ਵਿੱਚ ਕੁੱਝ ਪਰਵਿਾਰਾਂ ਨੂੰ ਮਹੀਨੇ ਵਾਰ ਸਹਾਇਤਾ ਦੇਣ ਦਾ ਫੈਸਲਾ ਕੀਤਾ ਗਿਆ ਹੈ ਤਾਂ ਜੋ ਉਹ ਆਪਣਾ ਗੁਜ਼ਾਰਾ ਕਰ ਸਕਣ। ਉਧਰ ਪਤਾ ਲੱਗਾ ਹੈ ਕਿ ਸਹਾਇਤਾ ਸੰਸਥਾ ਦੇ ਬੋਰਡ ਨੇ 70 ਪਰਵਿਾਰਾਂ ਦੀ ਮਦਦ ਕਰਨ ਦੇ ਲਈ ਫੰਡ ਨੂੰ ਮਨਜ਼ੂਰੀ ਦੇ ਦਿੱਤੀ ਹੈ, ਕਈ ਪਰਵਿਾਰਾਂ ਨੂੰ ਕਰਜ਼ਾ ਮੁਕਤ ਹੋਣ ਲਈ ਸਿਰਫ ਇੱਕ ਵਾਰ ਉੱਕਾ ਪੁੱਕਾ ਮੱਦਦ ਦੀ ਲੋੜ ਹੈ ਤੇ ਹੋਰ ਕਈ ਪਰਵਿਾਰਾਂ ਨੂੰ ਆਪਣੇ ਗੁਜਾਰੇ ਦੇ ਲਈ ਹਰ ਮਹੀਨੇ ਇੱਕ ਬੱਝਵੀ ਰਕਮ ਦੀ ਜਰੂਰਤ ਹੈ।ਇਸ ਤੋਂ ਇਲਾਵਾ ਸਹਾਇਤਾ ਸੰਸਥਾ ਕਾਫ਼ੀ ਪਰਵਿਾਰਾਂ ਦੀ ਡੇਅਰੀ ਫ਼ਾਰਮ ਖੋਲ੍ਹਣ ਵਿੱਚ ਮਦਦ ਕਰ ਰਹੀ ਹੈ ਆਤਮ ਪ੍ਰਗਾਸ ਨਾਲ ਇਸ ਯੋਜਨਾ ਦੇ ਵਿੱਚ ਭਾਈਵਾਲ ਬਣਨ ਦੇ ਬਾਅਦ ਸਹਾਇਤਾ ਇੱਕ ਕੋਆਰਡੀਨੇਟਰ ਦੀ ਨਿਯੁਕਤੀ ਕਰੇਗੀ, ਜਿਸਦਾ ਮੁੱਖ ਕੰਮ ਦੋਵੇਂ ਸੰਸਥਾਵਾਂ ਦੇ ਇਸ ਸਾਂਝੇ ਪਰੋਜੈਕਟ ਦੀਆਂ ਜ਼ੁੰਮੇਵਾਰੀਆਂ ਨੂੰ ਦੇਖਣਾ ਤੇ ਦੋਵੇਂ ਟੀਮਾਂ ਦੇ ਵਿੱਚ ਤਾਲਮੇਲ ਬਿਠਾਉਣਾ ਹੋਵੇਗਾ। ਯੂ ਐਸ ਏ ਤੇ ਕੈਨੇਡਾ ਵਿੱਚ "ਸਹਾਇਤਾ" 100+ ਵਾਲੰਟੀਅਰ ਦੁਆਰਾ ਚਲਾਈ ਜਾਣ ਵਾਲੀ ਸੰਸਥਾ ਹੋਣ 'ਤੇ ਮਾਣ ਮਹਿਸੂਸ ਕਰਦੀ ਹੈ, ਜਿਸ ਨਾਲ ਲੋਕਾਂ ਵੱਲੋਂ ਦਿੱਤੇ ਗਏ ਦਾਨ ਦੇ ਪੈਸੇ ਬੋਰਡ ਦੇ ਮੈਂਬਰਾਂ ਨੂੰ ਤਨਖ਼ਾਹ ਦੇਣ ਤੇ ਨਹੀਂ ਖ਼ਰਚੇ ਜਾਂਦੇ। ਸਾਡੀ ਆਤਮ ਪ੍ਰਗਾਸ ਨਾਲ ਭਾਈਵਾਲੀ ਵੀ ਆਪਣੇ ਵਰਗੀਆਂ ਸੰਸਥਾਵਾਂ ਦੇ ਨਾਲ ਕੰਮ ਕਰਨ ਦੀ ਵਿਉਂਤਬੰਦੀ ਦਾ ਹੀ ਹਿੱਸਾ ਹੈ ਤਾਂ ਜੋ ਮਿਲਣ ਵਾਲੇ ਦਾਨ ਦੇ ਪੈਸੇ ਨਾਲ ਜ਼ਮੀਨੀ ਪੱਧਰ 'ਤੇ ਵੱਧ ਤੋਂ ਵੱਧ ਮੱਦਦ ਕੀਤੀ ਜਾ ਸਕੇ। ਦੋਵੇਂ ਸੰਸਥਾਵਾਂ ਵੈੱਬਸਾਈਟ ਤੇ ਇਸ ਪ੍ਰੋਜੈਕਟ ਦੇ ਅਧੀਨ ਮਦਦ ਲੈਣ ਵਾਲੇ ਪਰਿਵਾਰਾਂ ਦੀ ਜਾਣਕਾਰੀ ਲਈ ਜਾਣਕਾਰੀ ਦੇਣਗੀਆਂ ਤੇ ਇਸ ਤੋਂ ਬਗੈਰ ਜੇ ਕਿਸੇ ਦਾਨੀ ਸੱਜਣ ਨੇ ਕੋਈ ਪਰਵਿਾਰ ਮਦਦ ਕਰਨ ਲਈ ਗੋਦ ਲੈਣਾ ਹੋਵੇ, ਤਾਂ ਉਹ ਇਸ ਵੈੱਬਸਾਈਟ ਤੇ ਕਰ ਸਕਦੇ ਹਨ। ਇਹਨਾਂ ਆਗੂਆਂ ਨੇ ਦੱਸਿਆ ਕਿ 30 ਅਕਤੂਬਰ 2021 ਨੂੰ ਸਹਾਇਤਾ ਵੱਲੋਂ ਸਲਾਨਾ ਮੱਦਦ ਇਕੱਠਾ ਕਰਨ ਲਈ ਪਲੇਸੇਨਟਨ ਸੀਨੀਅਰ ਸੈਂਟਰ, ਸੈਨਟੇਨੀਅਲ ਪਾਰਕ, 5353 ਸੁਨੋਲ ਬੁਲੇਵਡ, ਪਲੇਸੇਨਟਨ, ਕੈਲੀਫੋਰਨੀਆਂ ਵਿਖੇ ਪ੍ਰੋਗਰਾਮ ਕੀਤਾ ਜਾ ਰਿਹਾ ਹੈ। ਜਿਸ ਦੇ ਵਿਚ ਉੱਘੇ ਗੀਤਕਾਰ ਤੇ ਗਾਇਕ ਰਾਜ ਕਾਕੜਾ ਸ਼ਾਮਲ ਹੋਣਗੇ। ਸਹਾਇਤਾ ਬੋਰਡ ਮੈਂਬਰ ਵੀ ਇਸ ਵਕਤ ਹਾਜ਼ਰ ਹੋਣਗੇ ਤੇ 2021 ਦੇ ਵਿਚ ਚੱਲ ਰਹੇ ਤੇ ਭਵਿੱਖ ਦੇ ਵਿਚ ਸ਼ੁਰੂਹੋਣ ਵਾਲੇ ਸਮਾਜ ਭਲਾਈ ਦੇ ਕੰਮਾਂ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਦੇ ਲਈ ਸਹਾਇਤਾ ਸੰਸਥਾ ਦੇ ਫੇਸਬੁੱਕ ਪੇਜ ਲਿੰਕ ਤੇ ਕਲਿਕ ਕਰ ਸਕਦੇ ਹੋ।

# ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ 8 ਨਵੰਬਰ ਨੂੰ

**(ਸਫਾ 1 ਦੀ ਬਾਕੀ)**

ਮੁਤਾਬਿਕ ਸੂਬਾ ਸਰਕਾਰ ਆਪਣੀ ਮੌਜੂਦਾ ਉਦਯੋਗਿਕ ਨੀਤੀ 'ਚ ਲੋੜੀਂਦੀਆਂ ਸੋਧਾਂ ਕਰਕੇ ਇਸ ਨੂੰ ਹੋਰ ਵੀ ਨਿਵੇਸ਼ ਪੱਖੀ ਬਣਾਏਗੀ । ਉਨ੍ਹਾਂ ਨਵੇਂ ਉਦਮੀਆਂ ਨੂੰ ਆਪਣੇ ਸੂਬੇ 'ਚ ਆਪਣੇ ਯੂਨਿਟ ਸਥਾਪਤ ਕਰਨ ਲਈ ਹਰ ਤਰ੍ਹਾਂ ਦੀ ਸਹੂਲਤਾਂ ਦੇਣ ਦਾ ਵਾਅਦਾ ਕੀਤਾ । ਉਨ੍ਹਾਂ ਕਿਹਾ ਕਿ ਸੂਬੇ ਵਲੋਂ 'ਸਨਅਤ ਲਾਓ ਤੇ ਚਲਾਓ' ਦੀ ਸਹੂਲਤ ਨਾਲ ਲੈਸ 6000 ਏਕੜ ਦੀ ਲੈਂਡ ਬੈਂਕ ਵਿਕਸਤ ਕੀਤੀ ਗਈ ਹੈ । ਇਸ ਮੌਕੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸੂਬੇ ਵਿਚ ਉਦਯੋਗੀਕਰਨ ਦਾ ਨਵਾਂ ਅਧਿਆਏ ਲਿਖਣ ਲਈ ਉਦਯੋਗ ਜਗਤ ਦੇ ਦਿੱਗਜਾਂ ਵਲੋਂ ਪਾਏ ਵੱਡਮੁੱਲੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ । ਇਸ ਤੋਂ ਪਹਿਲਾਂ ਆਪਣੇ ਸੁਆਗਤੀ ਭਾਸ਼ਣ 'ਚ ਉਦਯੋਗ ਅਤੇ ਵਣਜ ਮੰਤਰੀ ਗੁਰਕੀਰਤ ਸਿੰਘ ਕੋਟਲੀ ਨੇ ਕਿਹਾ ਕਿ ਇਹ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਸੰਭਾਵੀ ਉਦਯੋਗਪਤੀਆਂ ਅਤੇ ਨਿਵੇਸ਼ਕਾਂ ਦੇ ਵਿਸ਼ਵਾਸ ਨੂੰ ਹੁਲਾਰਾ ਦੇਣ ਵਿਚ ਅਹਿਮ ਸਾਬਤ ਹੋਵੇਗਾ ਅਤੇ ਪੰਜਾਬ ਨੂੰ ਨੂੰ ਨਾ ਸਿਰਫ਼ ਦੇਸ਼ ਵਿਚ ਸਗੋਂ ਵਿਸ਼ਵ ਭਰ ਵਿਚ ਸਭ ਤੋਂ ਵੱਧ ਪਸੰਦੀਦਾ ਸਥਾਨ ਵਜੋਂ ਪੇਸ਼ ਕਰੇਗਾ । ਮੁੱਖ ਸਕੱਤਰ ਅਨਿਰੁਧ ਤਿਵਾੜੀ ਨੇ ਕਿਹਾ ਕਿ ਸੂਬੇ ਦੇ ਸਰਵਪੱਖੀ ਵਿਕਾਸ ਅਤੇ ਸੰਤੁਲਿਤ ਖੇਤਰੀ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਹਿਯੋਗੀ ਭਾਈਵਾਲੀ ਵਿਚ ਵਿਸ਼ਵਾਸ ਰੱਖਦਾ ਹੈ । ਇਸ ਮੌਕੇ ਚੰਨੀ ਨੇ ਨਿਵੇਸ਼ਕ ਸੰਮੇਲਨ 2021 ਦੀ ਯਾਦ ਵਿਚ ਕੈਂਪਸ ਵਿਚ ਅੰਬ ਦਾ ਬੂਟਾ ਲਗਾਇਆ । ਧੰਨਵਾਦ ਦਾ ਮਤਾ ਪੇਸ਼ ਕਰਦਿਆਂ ਉਦਯੋਗ ਅਤੇ ਵਣਜ ਦੇ ਪ੍ਰਮੁੱਖ ਸਕੱਤਰ ਤੇਜਵੀਰ ਸਿੰਘ ਨੇ ਕਿਹਾ ਕਿ ਸੂਬੇ ਵਿਚ ਵਪਾਰਕ ਮਾਹੌਲ ਨੂੰ ਹੋਰ ਬਿਹਤਰ ਬਣਾਉਣ ਅਤੇ ਨੀਤੀਆਂ ਵਿਚ ਸਥਿਰਤਾ ਅਤੇ ਨਿਰੰਤਰਤਾ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੀ ਦ੍ਰਿੜ ਵਚਨਬੱਧਤਾ ਸੂਬੇ ਦੇ ਉਦਯੋਗਿਕ ਵਿਕਾਸ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਕੇ ਜਾਵੇਗੀ ਅਤੇ ਉਦਯੋਗ, ਕਾਰੋਬਾਰ ਅਤੇ ਰੁਜ਼ਗਾਰ 'ਤੇ ਸੂਬੇ ਦਾ ਧਿਆਨ ਕੇਂਦਰਤ ਕਰੇਗੀ ।

# ਕੈਪਟਨ ਦੁਆਰਾ ਨਵੀਂ ਪਾਰਟੀ ਦਾ ਐਲਾਨ, ਪੰਜਾਬ ਦੀ ਸਿਆਸਤ ਭਖੀ

## ਪਹਿਲਾਂ ਪਾਰਟੀ ਬਣਾਈ ਸੀ ਤੇ ਉਸ ਦਾ ਹਸ਼ਰ ਸਾਰੇ ਜਾਣਦੇ ਹਨ- ਸਿੱਧੂ



ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰੈੱਸ ਕਾਨਫ਼ਰੰਸ ਦੌਰਾਨ ਕਾਂਗਰਸ ਨੇ ਨਵਜੋਤ ਸਿੰਘ ਸਿੱਧੂ ਵਲੋਂ ਟਵੀਟ ਕੀਤੇ ਗਏ। ਉਨ੍ਹਾਂ ਕਿਹਾ ਕਿ ਕੈਪਟਨ ਭਾਜਪਾ ਦੇ ਵਫ਼ਾਦਾਰ ਹਨ। ਕੈਪਟਨ ਨੇ ਆਪਣੇ ਆਪ ਨੂੰ ਬਚਾਉਣ ਲਈ ਪੰਜਾਬ ਦੇ ਹਿੱਤ ਵੇਚ ਦਿੱਤੇ। ਸਿੱਧੂ ਨੇ ਕਿਹਾ,' ਕੈਪਟਨ ਨੇ ਮੇਰੇ ਲਈ ਪਾਰਟੀ ਦੇ ਬੂਹੇ ਬੰਦ ਕਰਨ ਲਈ ਪੂਰੀ ਵਾਹ ਲਗਾਈ, ਕਿਉਂਕਿ ਮੈਂ ਲੋਕਾਂ ਦੀ ਆਵਾਜ਼ ਉਠਾਉਂਦਾ ਸੀ। ਕੈਪਟਨ ਨੇ ਪਹਿਲਾਂ ਵੀ ਪਾਰਟੀ ਬਣਾਈ ਸੀ ਤੇ ਉਸ ਦਾ ਹਸ਼ਰ ਸਾਰੇ ਜਾਣਦੇ ਹਨ। ਪੰਜਾਬ ਦੇ ਲੋਕ ਹੁਣ ਦੁਬਾਰਾ ਸਬਕ ਸਿਖਾਉਣ ਲਈ ਤਿਆਰ ਹੈ।

**ਚੰਡੀਗੜ੍ਹ (ਬਿਊਰੋ)–** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਨਵੀਂ ਪਾਰਟੀ ਬਣਾਉਣ ਦੇ ਐਲਾਨ ਤੋਂ ਬਾਅਦ ਪੰਜਾਬ ਦੀ ਸਿਆਸਤ ਭਖ ਗਈ ਹੈ। ਕਾਂਗਰਸ ਆਪਣੇ ਵਿਧਾਇਕਾਂ ਤੇ ਆਗੂਆਂ ਨੂੰ ਸਾਂਭਣ 'ਚ ਲੱਗੀ ਹੋਈ ਹੈ। ਦੂਜੇ ਪਾਸੇ ਕੁਝ ਸਿਆਸੀ ਆਗੂ ਕੈਪਟਨ ਦੀ ਪਾਕਿਸਤਾਨੀ ਦੋਸਤ ਆਰੂਸਾ ਆਲਮ 'ਤੇ ਤਨਜ਼ ਕੱਸਣ ਲੱਗੇ ਹਨ। ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ 'ਉਹ ਪੰਜਾਬ ਅਤੇ ਪੰਜਾਬੀਆਂ ਲਈ ਪਿੱਛੇ ਨਹੀਂ ਹਟਣਗੇ। ਉਹ ਨਵੀਂ ਪਾਰਟੀ ਰਾਹੀ ਪੰਜਾਬ ਦੇ ਲੋਕਾਂ ਲਈ ਕੰਮ ਕਰਨਗੇ।' ਉਨ੍ਹਾਂ ਕਿਹਾ ਸੀ ਕਿ ਜੇ ਭਾਜਪਾ ਤਿੰਨੋਂ ਖੇਤੀ ਕਾਨੂੰਨ ਵਾਪਸ ਲੈਂਦੀ ਹੈ ਤਾਂ ਉਸ ਨਾਲ ਗੱਠਜੋੜ ਲਈ ਗੱਲਬਾਤ ਅੱਗੇ ਤੋਰੀ ਜਾ ਸਕਦੀ ਹੈ। ਕੈਪਟਨ ਅਮਰਿੰਦਰ ਸਿੰਘ ਦੇ ਐਲਾਨ ਤੋਂ ਬਾਅਦ ਕਾਂਗਰਸ ਪਾਰਟੀ ਉਨ੍ਹਾਂ ਦੇ ਸੰਪਰਕ 'ਚ ਆਉਣ ਵਾਲੇ ਵਿਧਾਇਕਾਂ 'ਤੇ ਪਹਿਲਾਂ ਤੋਂ ਨਜ਼ਰ ਰੱਖ ਰਹੀ ਸੀ। ਪ੍ਰੈੱਸ ਕਾਨਫਰੰਸ ਦੇ ਸੱਦੇ ਤੋਂ ਬਾਅਦ ਤਾਂ ਨਿਗਰਾਨੀ ਹੋਰ ਵੀ ਵਧਾ ਦਿੱਤੀ ਗਈ ਹੈ। ਸਾਬਕਾ ਮੁੱਖ ਮੰਤਰੀ ਭਲਕੇ ਬੀਐੱਸਐਫ ਦਾ ਅਧਿਕਾਰ ਖੇਤਰ ਵਧਾਉਣ ਅਤੇ ਕੇਂਦਰੀ ਖੇਤੀ ਕਾਨੂੰਨਾਂ ਬਾਰੇ ਵੀ ਆਪਣਾ ਸਟੈਂਡ ਸਪੱਸ਼ਟ ਕਰ ਸਕਦੇ ਹਨ। ਦੱਸਣਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਮਹੀਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਪਾਰਟੀ 'ਚ ਉਹ ਖੁਦ ਨੂੰ ਅਪਮਾਨਿਤ ਮਹਿਸੂਸ ਕਰ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਚੰਡੀਗੜ੍ਹ ਵਿੱਚ ਪ੍ਰੈੱਸ ਕਾਨਫਰੰਸ ਕਰਦਿਆਂ ਆਪਣੇ ਸਾਢੇ ਚਾਰ ਸਾਲ ਦੇ ਕਾਰਜਕਾਲ ਵਿੱਚ ਕੀਤੇ ਕੰਮਾਂ ਦਾ ਜ਼ਿਕਰ ਕੀਤਾ। ਇਸ ਦੌਰਾਨ ਉਨ੍ਹਾਂ ਨੇ ਆਪਣੀ ਨਵੀਂ ਪਾਰਟੀ ਬਣਾਉਣ ਵੀ ਗੱਲਬਾਤ ਕੀਤੀ ਤੇ ਖੇਤੀ ਕਾਨੂੰਨਾਂ 'ਤੇ ਗ੍ਰਹਿ ਮੰਤਰੀ ਨਾਲ ਮੁਲਾਕਾਤ ਕਰਨ ਦੀ ਗੱਲ ਵੀ ਆਖੀ। ਕੈਪਟਨ ਨੇ ਪ੍ਰੈੱਸ ਕਾਨਫਰੰਸ ਦੇ ਸ਼ੁਰੂ ਵਿੱਚ ਪੱਤਰਕਾਰਾਂ ਨਾਲ ਇੱਕ ਦਸਤਾਵੇਜ਼ ਸਾਂਝਾ ਕੀਤਾ। ਦਸਤਾਵੇਜ਼ ਵਿੱਚ ਦੱਸਿਆ ਗਿਆ ਹੈ ਕਿ ਉਨ੍ਹਾਂ ਨੇ ਕਾਂਗਰਸ ਦੇ ਚੋਣ ਮਨੋਰਥ ਪੱਤਰ ਦੀ ਤੁਲਨਾ ਵਿੱਚ ਕੀ ਕੁਝ ਹਾਸਲ ਕੀਤਾ ਅਤੇ ਉਸ ਤੋਂ ਇਲਾਵਾ ਹੋਰ ਕੀ ਕੁਝ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਸਾਢੇ ਚਾਰ ਸਾਲ ਦੇ ਅਰਸੇ ਦੌਰਾਨ ਚੋਣ ਮਨੋਰਥ ਪੱਤਰ ਦੇ 70 ਫ਼ੀਸਦੀ ਵਾਅਦੇ ਪੂਰੇ ਕੀਤੇ। 18 ਨੁਕਾਤੀ ਪ੍ਰੋਗਰਾਮ ਬਾਰੇ ਉਨਾਂ ਨੇ ਕਿਹਾ ਕਿ ਇਹ ਚੋਣ ਮਨੋਰਥ ਪੱਤਰ ਵਿੱਚੋਂ ਹੀ ਲਿਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਖੜਗੇ ਕਮੇਟੀ ਨੂੰ ਵੀ ਦਿਖਾਇਆ ਸੀ ਕਿ ਇਹ ਤਾਂ ਹੋ ਚੁੱਕੇ ਹਨ। ਕਾਂਗਰਸ ਪਾਰਟੀ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਤੋਂ ਲਾਂਭੇ ਕੀਤੇ ਜਾਣ ਤੋਂ ਬਾਅਦ ਦੇ ਹੀ ਕੈਪਟਨ ਦਾ ਰੁੱਖ ਪਾਰਟੀ ਪ੍ਰਤੀ ਹਮਲਾਵਰ ਰਿਹਾ ਹੈ। ਸਕਿਊਰਿਟੀ ਨੂੰ ਲੈ ਕੇ ਉੱਠੇ ਸਵਾਲਾਂ 'ਤੇ ਕੀ ਕਿਹਾ ਰੱਖਿਆ ਮਸਲਿਆਂ ਬਾਰੇ ਆਪਣੇ ਉੱਪਰ ਹਮਲਾ ਕਰਨ ਵਾਲਿਆਂ ਨੂੰ ਉਨ੍ਹਾਂ ਨੇ ਕਿਹਾ, "ਮੇਰੀ ਮੁਢਲੀ ਸਿਖਲਾਈ ਇੱਕ ਫ਼ੌਜੀ ਦੀ ਰਹੀ ਹੈ।" ਮੈਂ ਸਾਢੇ ਨੌਂ ਸਾਲ ਪੰਜਾਬ ਦਾ ਮੁੱਖ ਮੰਤਰੀ ਰਿਹਾ ਹਾਂ ਅਤੇ ਕੋਈ ਵਿਅਕਤੀ ਜੋ ਇੱਕ ਮਹੀਨੇ ਤੋਂ ਗ੍ਰਹਿ ਮੰਤਰੀ ਹੈ ਕਹਿ ਰਿਹਾ ਹੈ ਕਿ ਉਸ ਨੂੰ ਮੇਰੇ ਨਾਲ਼ੋਂ ਜ਼ਿਆਦਾ ਪਤਾ ਹੈ। ਪੰਜਾਬ ਦਾ ਮੁੱਖ ਮੰਤਰੀ ਹੁੰਦਿਆ ਮੇਰੀ ਜ਼ਿੰਮੇਵਾਰੀ ਸੀ ਕਿ ਮੈਂ ਭਾਰਤ ਸਰਕਾਰ ਨਾਲ ਮਸਲੇ ਵਿਚਾਰਾਂ।




ਸਾਡੀ ਸਰਕਾਰ ਤੋਂ ਪਹਿਲਾਂ ਤਾਰ ਦੇ ਥੱਲੇ ਦੀ ਸੁਰੰਗ ਰਾਹੀਂ ਜਾਂ ਨਦੀਆਂ ਰਾਹੀਂ ਹਥਿਆਰ ਅਤੇ ਹੈਰੋਇਨ ਇੱਧਰ ਪਹੁੰਚਾਏ ਜਾਂਦੇ ਸਨ। ਫਿਰ ਬਾਅਦ ਵਿੱਚ ਡਰੋਨ ਦੀ ਵਰਤੋਂ ਸ਼ੁਰੂ ਹੋਈ। ਤਕਨੀਕ ਦੇ ਵਿਕਾਸ ਨਾਲ ਡਰੋਨ ਦੀ ਸਮਰੱਥਾ ਵਧ ਰਹੀ ਹੈ ਕੀ ਪਤਾ ਕੱਲ ਨੂੰ ਇਹ ਚੰਡੀਗੜ੍ਹ ਪਹੁੰਚ ਜਾਣ। ਸ਼ੁਰੂ ਵਿੱਚ ਡਰੋਨ ਏਕੇ-47, ਲਾਈਟ ਮਸ਼ੀਨ ਗੰਨ, ਹੈਰੋਇਨ, ਹੈਂਡਗਰੇਨੇਡ ਤੇ ਨਗਦੀ ਵਗੈਰਾ ਲੈ ਕੇ ਆਉਂਦੇ ਸਨ। ਜੋ ਕੁਝ ਅਸੀਂ ਫੜ ਸਕੇ ਉਹ ਤਾਂ ਠੀਕ ਹੈ ਪਰ ਮੈਨੂੰ ਫਿਕਰ ਹੈ ਕਿ ਜੋ ਨਹੀਂ ਫੜੇ ਗਏ ਉਹ ਕਿੱਥੇ ਹਨ ਅਤੇ ਉਨ੍ਹਾਂ ਨਾਲ ਕੀ ਕੀਤਾ ਜਾਣਾ ਹੈ। ਉਨ੍ਹਾਂ ਨੇ ਕਿਹਾ ਕਿ ਬੀਐੱਸੈਫ਼ ਪੰਜਾਬ ਵਿੱਚ ਸਾਡੇ ਤੋਂ ਪ੍ਰਸ਼ਾਸਨ ਖੋਹਣ ਨਹੀਂ ਆਈ ਸਗੋਂ ਮਦਦ ਲਈ ਆਈ ਹੈ।

ਉਨ੍ਹਾਂ ਨੇ ਅੱਗੇ ਕਿਹਾ ਕਿ ਹੁਣ ਡਰੋਨ 31 ਕਿੱਲੋਮੀਟਰ ਤੱਕ ਅੰਦਰ ਆ ਰਹੇ ਹਨ। ਇਸੇ ਦੇ ਮੱਦੇਨਜ਼ਰ ਬੀਐੱਸਐੱਫ਼ ਦਾ ਕਾਰਜਖੇਤਰ ਪੰਜਾਬ ਵਿੱਚ 50 ਕਿਲੋਮੀਟਰ ਵਧਾਇਆ ਗਿਆ ਹੈ। ਆਪਣੀ ਸਿਆਸੀ ਪਾਰਟੀ ਬਾਰੇ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਵਕੀਲ ਚੋਣ ਕਮਿਸ਼ਨ ਨਾਲ ਸਪੰਰਕ ਵਿੱਚ ਹਨ। ਉਨ੍ਹਾਂ ਨੇ ਕਿਹਾ ਕਿ ਜਦੋਂ ਚੋਣ ਕਮਿਸ਼ਨ ਵੱਲੋਂ ਸਭ ਕੁਝ ਤੈਅ ਹੋ ਜਾਵੇਗਾ ਤਾਂ ਉਹ ਪਾਰਟੀ ਦੇ ਨਾਮ ਅਤੇ ਚਿੰਨ੍ਹ ਬਾਰੇ ਐਲਾਨ ਕੀਤਾ ਜਾਵੇਗਾ।

ਭਾਜਪਾ ਨਾਲ ਗਠਜੋੜ ਕਰਨ ਦੀ ਗੱਲ 'ਤੇ ਉਨ੍ਹਾਂ ਨੇ ਕਿਹਾ ਕਿ ਉਹ ਭਾਜਪਾ ਨਾਲ ਸੀਟ ਸ਼ੇਅਰ ਕਰਨਗੇ, ਪਰ ਗਠਜੋੜ ਨਹੀਂ। ਉਨ੍ਹਾਂ ਨੇ ਕਿਹਾ ਕਿ ਆਉਣ ਵਾਲੀਆਂ ਚੋਣਾਂ ਵਿੱਚ ਸਾਡੀ ਪਾਰਟੀ ਸਾਰੀਆਂ 117 ਸੀਟਾਂ ਉੱਪਰ ਚੋਣਾਂ ਲੜੇਗੀ। ਉਹ ਭਾਵੇਂ ਅਸੀਂ ਸੀਟਾਂ ਦੀ ਵੰਡ ਨਾਲ ਲੜੀਏ ਜਾਂ ਇੱਕਲੇ ਪਰ ਅਸੀਂ ਲੜਾਂਗੇ। ਉਨ੍ਹਾਂ ਨੇ ਕਿਹਾ ਕਿ ਬਹੁਤ ਸਾਰੇ ਕਾਂਗਰਸੀ ਆਗੂ ਵੀ ਉਨ੍ਹਾਂ ਦੇ ਨਾਲ ਆਉਣਗੇ। ਇਸੇ ਕਾਰਨ ਰਾਹੁਲ ਗਾਂਧੀ ਮੇਰੇ ਵੱਲੋਂ ਪਾਰਟੀ ਬਣਾਏ ਜਾਣ ਦੇ ਐਲਾਨ ਮਗਰੋਂ ਇੱਕ ਤੋਂ ਬਾਅਦ ਇੱਕ ਬੈਠਕਾਂ ਕਰ ਰਹੇ ਹਨ।

# ਭਾਰਤੀ ਮੂਲ ਦੇ ਡਾਕਟਰ ਮਦਾਨ ਲੂਥਰਾ ਦਾ 'ਵਾਲੰਟੀਅਰ ਆਫ ਦਾ ਯੀਅਰ' ਪੁਰਸਕਾਰ ਨਾਲ ਸਨਮਾਨ

**ਸੈਕਰਾਮੈਂਟੋ 26 ਅਕਤੂਬਰ (ਹੁਸਨ ਲੜੋਆ ਬੰਗਾ)**-ਹੋਸਟਨ ਵਾਸੀ ਭਾਰਤੀ ਮੂਲ ਦੇ ਡਾਕਟਰ ਮਦਾਨ ਲੂਥਰਾ ਦਾ ਟੈਕਸਾਸ ਦੇ ਗਵਰਨਰ ਗਰੇਗ ਅਬੋਟ ਦੁਆਰਾ 'ਵਾਲੰਟੀਅਰ ਆਫ ਦਾ ਯੀਅਰ' ਪੁਰਸਕਾਰ ਨਾਲ ਸਨਮਾਨ ਕੀਤਾ ਗਿਆ ਹੈ। ਸੇਵਾ ਇੰਟਰਨੈਸ਼ਨਲ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਉਨਾਂ ਨੂੰ ਇਹ ਪੁਰਸਕਾਰ ਸ਼ਾਨਦਾਰ ਸਮਾਜਿਕ ਸੇਵਾਵਾਂ ਨਿਭਾਉਣ ਲਈ ਦਿੱਤਾ ਗਿਆ ਹੈ। ਇਸ ਸਬੰਧੀ ਹੋਏ ਸਮਾਗਮ 'ਗਵਰਨਰ ਵਾਲੰਟੀਅਰ ਐਵਾਰਡ 2021' ਦੀ ਪ੍ਰਧਾਨਗੀ ਟੈਕਸਾਸ ਦੀ ਫਸਟ ਲੇਡੀ ਸੇਸੀਲੀਆ ਅਬੋਟ ਨੇ ਕੀਤੀ। ਹਰ ਸਾਲ ਦਿੱਤੇ ਜਾਂਦੇ ਇਸ ਪੁਰਸਕਾਰ ਦਾ ਇਹ 38 ਵਾਂ ਸਮਾਗਮ ਸੀ। ਪੁਰਸਕਾਰ ਜੇਤੂ ਦਾ ਐਲਾਨ 12 ਅਕਤੂਬਰ ਨੂੰ ਕੀਤਾ ਗਿਆ ਸੀ। ਇਸ ਮੌਕੇ ਸੇਸੀਲੀਆ ਅਬੋਟ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਇਹ ਪੁਰਸਕਾਰ ਪਿਛਲੇ ਸਾਲ ਵਿਅਕਤੀਗਤ ਜਾਂ ਸੰਗਠਨਾਤਮਿਕ ਤੌਰ 'ਤੇ ਟੈਕਸਾਸ ਵਿਚ ਰਹਿੰਦੇ ਲੋਕਾਂ ਲਈ ਮਿਸਾਲੀ ਸੇਵਾ ਪ੍ਰਦਾਨ ਕਰਨ ਲਈ ਦਿੱਤਾ ਜਾਂਦਾ ਹੈ। ਉਨਾਂ ਕਿਹਾ ਕਿ ਅਜਿਹੇ ਪੁਰਸਕਾਰਾਂ ਨਾਲ ਹੋਰ ਲੋਕਾਂ ਵਿਚ ਭਾਈਚਾਰੇ ਪ੍ਰਤੀ ਸੇਵਾਵਾਂ ਨਿਭਾਉਣ ਦੀ ਇੱਛਾ ਪੈਦਾ ਹੁੰਦੀ ਹੈ। ਪੁਰਸਕਾਰ ਦਾ ਸਮਾਜ ਉਪਰ ਬਹੁਤ ਸਾਕਾਰਾਤਮਿਕ ਅਸਰ ਪੈਂਦਾ ਹੈ। ਇਸ ਸਮਾਗਮ ਵਿਚ ਲੂਥਰਾ ਤੋਂ ਇਲਾਵਾ 8 ਹੋਰ ਵਿਅਕਤੀਆਂ ਤੇ 4 ਸੰਸਥਾਵਾਂ ਨੂੰ ਵੀ ਵੱਖ ਵੱਖ ਸ਼੍ਰੇਣੀਆਂ ਵਿਚ ਸਨਮਾਨਿਤ ਕੀਤਾ ਗਿਆ। ਸੇਵਾ ਇੰਟਰਨੈਸ਼ਨਲ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਕੋਵਿਡ-19 ਮਹਾਮਾਰੀ ਦੌਰਾਨ ਡਾਕਟਰ ਲੂਥਰਾ ਜੋ ਸੇਵਾ ਮੁਕਤ ਵਿਗਿਆਨੀ ਹਨ, ਨੇ 'ਪਰਿਵਾਰ ਸੇਵਾ ਪ੍ਰੋਗਰਾਮ' ਤਹਿਤ ਪ੍ਰਭਾਵਿਤ ਪਰਿਵਾਰਾਂ ਦੀ ਮੱਦਦ ਲਈ ਇਕ ਹਫਤੇ ਦੌਰਾਨ ਨਿਰੰਤਰ 30 ਘੰਟਿਆਂ ਤੋਂ ਵਧ ਸਮਾਂ ਕੰਮ ਕੀਤਾ। ਡਾ ਲੂਥਰਾ ਨੇ ਕੋਵਿਡ-19 ਟੀਕਾਕਰਣ ਮੁਹਿੰਮ ਵਿਚ ਵੀ ਆਪਣੀਆਂ ਵੱਡਮੁੱਲੀਆਂ ਸੇਵਾਵਾਂ ਦਿੱਤੀਆਂ।



# ਅਨੁਸੂਚਿਤ ਜਾਤੀ ਕਮਿਸ਼ਨ 'ਚ ਗੈਰ ਐਸਸੀ ਚੇਅਰਪਰਸਨ ਦੀ ਅਸਥਾਈ ਨਿਯੁਕਤੀ ਕਾਂਗਰਸ ਸਰਕਾਰ ਦਾ ਫੈਸਲਾ ਗੈਰ-ਸੰਵਿਧਾਨਕ- ਕੈਂਥ

**ਚੰਡੀਗੜ੍ਹ–** ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਨੇ ਪੰਜਾਬ ਸਰਕਾਰ ਦੇ ਉਸ ਫੈਸਲੇ ਤੇ ਹੈਰਾਨੀ ਪ੍ਰਗਟਾਈ ਕਿ ਅਨੁਸੂਚਿਤ ਜਾਤੀ ਕਮਿਸ਼ਨ ਦੀ ਚੇਅਰਪਰਸਨ ਪੋਸਟ ਜੋ ਪਿਛਲੇ ਸਮੇਂ ਮਿਆਦ ਖਤਮ ਹੋਣ ਕਾਰਨ ਖਾਲੀ ਹੋਈ ਉਸ ਉੱਤੇ ਗੈਰ-ਅਨੁਸੂਚਿਤ ਨੂੰ ਅਸਥਾਈ ਤੌਰ ਤੇ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।

ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਸ਼੍ਰੀਮਤੀ ਰਾਜੀ। ਪੀ। ਸ਼੍ਰੀਵਾਸਤਵ, ਇੱਕ ਗੈਰ ਅਨੁਸੂਚਿਤ ਜਾਤੀ ਦੇ ਵਿਅਕਤੀ ਨੂੰ ਐਸਸੀ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ (ਭਾਵੇਂ ਅਸਥਾਈ ਆਧਾਰ 'ਤੇ ਵੀ) ਅਤੇ ਹੋਰ ਹੈਰਾਨੀ ਦੀ ਗੱਲ ਇਹ ਹੈ ਕਿ ਇਹ ਵਿਅਕਤੀ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਵਿਭਾਗ ਦੇ ਪ੍ਰਮੁੱਖ ਸਕੱਤਰ ਹੁੰਦਿਆਂ ਆਪਣੇ ਆਪ ਨੂੰ ਚੇਅਰਮੈਨ ਦੇ ਅਹੁਦੇ 'ਤੇ ਨਿਯੁਕਤ ਕਰ ਰਿਹਾ ਹੈ।

ਪੰਜਾਬ ਐਸਸੀ ਕਮਿਸ਼ਨ ਐਕਟ 2004 ਦੇ ਅਧੀਨ ਧਾਰਾਵਾਂ ਦੀ ਉਲੰਘਣਾ ਦੇ ਨਾਲ-ਨਾਲ ਇੱਥੇ ਹਿੱਤਾਂ ਦਾ ਸਪੱਸ਼ਟ ਟਕਰਾਅ ਹੈ।ਪੰਜਾਬ ਐਸ।ਸੀ। ਕਮਿਸ਼ਨ ਐਕਟ 2004 ਦੇ ਅਨੁਸਾਰ ਕਮਿਸ਼ਨ ਦਾ ਚੇਅਰਪਰਸਨ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਅਕਤੀ ਹੋਵੇਗਾ। ਮੁਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦਾ ਫੈਸਲਾ ਗੈਰ-ਸੰਵਿਧਾਨਕ ਹੈ। ਸ੍ਰ ਕੈਂਥ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਫੈਸਲੇ ਲੈਣ ਤੋ ਪਹਿਲਾ ਸੰਵਿਧਾਨਕ ਅਧਿਕਾਰਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਅਪੀਲ ਕਰਦਿਆ ਸ੍ਰ ਕੈਂਥ ਨੇ ਕਿਹਾ ਕਿ ਅਨੁਸੂਚਿਤ ਜਾਤੀ ਦੇ ਵਿਆਕਤੀ ਨੂੰ ਹੀ ਮਹੱਤਵਪੂਰਨ ਅਹੁਦੇ ਉਤੇ ਨਿਯੁਕਤ ਕੀਤਾ ਜਾਵੇ।

# ਕਾਮਿਆਂ ਦੀ ਘਾਟ ਕਾਰਨ ਬੰਦਰਗਾਹਾਂ 'ਤੇ ਸਮਾਨ ਲਾਹੁਣ ਵਿਚ ਹੋ ਰਹੀ ਦੇਰੀ ਦੇ ਸਿੱਟੇ ਵਜੋਂ ਮੰਗ ਤੇ ਸਪਲਾਈ ਵਿਚ ਪਾੜਾ ਵਧਿਆ

**ਸੈਕਰਾਮੈਂਟੋ 26 ਅਕਤੂਬਰ (ਹੁਸਨ ਲੜੋਆ ਬੰਗਾ)**-ਕੈਲੀਫੋਰਨੀਆ ਦੀਆਂ ਵੱਡੀਆਂ ਬੰਦਰਗਾਹਾਂ ਉਪਰ ਵਰਕਰਾਂ ਦੀ ਘਾਟ ਕਾਰਨ ਸਮੁੰਦਰੀ ਜਹਾਜ਼ਾਂ ਵਿਚੋਂ ਸਮਾਨ ਲਾਹੁਣ ਵਿਚ ਹੋ ਰਹੀ ਦੇਰੀ ਦੇ ਸਿੱਟੇ ਵਜੋਂ ਸਪਲਾਈ ਤੇ ਮੰਗ ਵਿਚ ਪਾੜਾ ਵਧ ਰਿਹਾ ਹੈ ਜਿਸ ਕਾਰਨ ਖਪਤਕਾਰਾਂ ਨੂੰ ਵਧ ਕੀਮਤਾਂ ਦੇਣੀਆਂ ਪੈ ਰਹੀਆਂ ਹਨ। ਲਾਸ ਏਂਜਲਸ ਤੇ ਲਾਂਗ ਬੀਚ ਬੰਦਰਗਾਹਾਂ ਉਪਰ ਦਰਜਨਾਂ ਕੰਟੇਨਰ ਸ਼ਿੱਪ ਸਮਾਨ ਲਾਹੁਣ ਲਈ ਆਪਣੀ ਵਾਰੀ ਦੀ ਉਡੀਕ ਵਿਚ ਖੜੇ ਹਨ। ਅਮਰੀਕਾ ਦੀ ਬਹੁ ਕੌਮੀ ਨਿਵੇਸ਼ ਬੈਂਕ ਤੇ ਵਿੱਤੀ ਸੇਵਾਵਾਂ ਦੇਣ ਵਾਲੀ ਕੰਪਨੀ ਗੋਲਡਮੈਨ ਸੱਚ ਗਰੁੱਪ ਇੰਕ ਦੇ ਇਕ ਅਨੁਮਾਨ ਅਨੁਸਾਰ ਇਨਾਂ ਦੋ ਬੰਦਰਗਾਹਾਂ ਉਪਰ ਹੀ 24 ਅਰਬ ਡਾਲਰ ਤੋਂ ਵਧ ਦਾ ਸਮਾਨ ਸਮੁੰਦਰੀ ਮਾਲ ਵਾਹਕ ਜਹਾਜ਼ਾਂ ਵਿਚ ਭਰਿਆ ਪਿਆ ਹੈ। ਬੈਂਕ ਨਾਲ ਜੁੜੇ ਆਰਥਕ ਮਾਹਿਰਾਂ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਇਸ ਸਮੱਸਿਆ ਦਾ ਫੌਰੀ ਹੱਲ ਨਜਰ ਨਹੀਂ ਆ ਰਿਹਾ ਜਿਸ ਕਾਰਨ ਸਪਲਾਈ ਤੇ ਮੰਗ ਵਿਚਾਲੇ ਅਸੰਤੁਲਣ ਬਣਿਆ ਰਹੇਗਾ। ਖਪਤਕਾਰਾਂ ਕੋਲ ਵਧ ਪੈਸੇ ਦੇਣ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਬਚਿਆ ਹੈ। ਸਤੰਬਰ ਮਹੀਨੇ ਵਿਚ ਲਾਸ ਏਂਜਲਸ ਤੇ ਲਾਂਗ ਬੀਚ ਬੰਦਰਗਾਹਾਂ ਉਪਰ ਤਕਰੀਬਨ ਇਕ ਤਿਹਾਈ ਕੰਟੇਨਰਾਂ ਨੂੰ ਖਾਲੀ ਕਰਨ ਲਈ 5 ਦਿਨਾਂ ਤੋਂ ਵਧ ਸਮਾਂ ਉਡੀਕ ਕਰਨੀ ਪਈ ਸੀ। ਕੰਪਨੀ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਸ ਸਬੰਧੀ ਕੋਈ ਕਾਰਗਰ ਕਾਰਵਾਈ ਨਾ ਕੀਤੀ ਗਈ ਤਾਂ ਇਹ ਸੰਕਟ ਅਗਲੇ ਸਾਲ ਵੀ ਬਣੇ ਰਹਿਣ ਦੀ ਸੰਭਾਵਨਾ ਹੈ। ਇਥੇ ਜਿਕਰਯੋਗ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿਚ ਵਾਈਟ ਹਾਊਸ ਨੇ ਲਾਸ ਏਂਜਲਸ ਬੰਦਰਗਾਹ, ਯੁਨੀਅਨਾਂ ਤੇ ਅਨੇਕਾਂ ਵੱਡੀਆਂ ਕੰਪਨੀਆਂ ਵੱਲੋਂ ਸੰਕਲਪ ਦਾ ਐਲਾਨ ਕੀਤਾ ਸੀ ਕਿ ਉਹ ਕੰਨਟੇਨਰਾਂ ਨੂੰ ਖਾਲੀ ਕਰਨ ਲਈ ਹਫਤੇ ਦੇ ਸੱਤੇ ਦਿਨ 24 ਘੰਟੇ ਕੰਮ ਕਰਨਗੇ।



ਗੋਲਡਮੈਨ ਸੱਚ ਬੈਂਕ ਨੇ ਕਿਹਾ ਹੈ ਕਿ ਵਾਈਟ ਹਾਊਸ ਦੇ ਐਲਾਨ ਨਾਲ ਬਹੁਤਾ ਫਰਕ ਨਹੀਂ ਪਵੇਗਾ ਕਿਉਂਕਿ ਇਸ ਵਾਸਤੇ ਹੋਰ ਬੰਦਰਗਾਹਾਂ, ਟਰੱਕ ਡਰਾਈਵਰਾਂ, ਰੇਲ ਆਪਰੇਟਰਾਂ ਤੇ ਵੇਅਰ ਹਾਊਸਜ ਤੋਂ ਵੀ ਸਹਿਯੋਗ ਦੀ ਲੋੜ ਹੈ। ਬੈਂਕ ਅਨੁਸਾਰ ਸਭ ਤੋਂ ਵੱਡਾ ਮੁੱਦਾ ਟਰੱਕ ਡਰਾਈਵਰਾਂ ਸਮੇਤ ਵਰਕਰਾਂ ਦੀ ਘਾਟ ਹੈ। ਇਸ ਘਾਟ ਨੂੰ ਪੂਰਾ ਕਰਕੇ ਹੀ ਸਮੱਸਿਆ ਦਾ ਹੱਲ ਸੰਭਵ ਹੈ।


'Unhain Parmeshvar Kay Raajha Ka Prachaar Karnay Aur Beemaron Ko Achaa Karnay Kay Leay Bheja' (Luke 9:2)

THE SAVIOR'S CHURCH

HINDI, PUNJABI, URDU

You are invited to be our guest

Sunday Service

12:00 PM

913 FLOYD AVE. MODESTO, CA 95350

FOR FURTHER INFORMATION CONTACT: +1 (209) 300-9483

ਇਥੇ ਬਿਮਾਰਾਂ ਲਈ ਖਾਸ ਤੋਰ ਤੇ ਦੁਆਵਾਂ ਕੀਤੀਆਂ ਜਾਂਦੀਆਂ ਹਨ, ਆਉ ਅਤੇ ਆਪਣੀ ਚੰਗੀਆਈ ਨੂੰ ਪ੍ਰਾਪਤ ਕਰੋ। ਇਹ ਸਾਰੀ ਸੇਵਾ ਮੁਫ਼ਤ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਪਾਸਟਰ ਐਰੀਕ ਰਾਏ ਜੀ ਨਾਲ ਗੱਲ ਕਰੋ, ਅਸੀਂ ਪੰਜਾਬੀ ਹਿੰਦੀ ਅਤੇ ਉਰਦੂ ਬੋਲਦੇ ਹਾਂ।

209 687 6548, 209 300 9483

ਸਾਡੀ ਵੈਬ ਸਾਈਟ www.thesaviorschurch.net



A & S

Auto Repair & Services

Specializing in Brakes & Axles

Mon-Fri 9:00 AM to 6:00 PM
Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਪਰਮਜੀਤ ਕੈਂਥ ਦੀ ਅਗਵਾਈ ਹੇਠ ਲਖਬੀਰ ਸਿੰਘ ਦਾ ਪਰਿਵਾਰ ਦਿੱਲੀ ਵਿਖੇ ਐਸਸੀ ਕਮਿਸ਼ਨ ਨੂੰ ਮਿਲਿਆ

## ਹੱਤਿਆਕਾਂਡ ਦੀ ਆਲੋਚਨਾ ਕਰਨ ਵਿੱਚ ਸਿਆਸੀ ਅਤੇ ਹੋਰ ਸਮਾਜ ਚੁੱਪ ਕਿਉਂ : ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ






**ਨਵੀਂ ਦਿੱਲੀ/ ਚੰਡੀਗੜ੍ਹ–** ਹਰਿਆਣਾ-ਦਿੱਲੀ ਦੇ ਸਿੰਘੂ ਸਰਹੱਦ 'ਤੇ ਨਿਹੰਗਾਂ ਵੱਲੋਂ ਮਾਰੇ ਗਏ ਦਲਿਤ ਨੌਜਵਾਨ ਲਖਬੀਰ ਸਿੰਘ ਦੇ ਪਰਿਵਾਰ ਦਾ ਵਫ਼ਦ ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਦੀ ਅਗਵਾਈ ਹੇਠ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਨੂੰ ਦਿੱਲੀ ਵਿੱਚ ਮਿਲਿਆ। ਇਸ ਵਫ਼ਦ ਵਿੱਚ ਮ੍ਰਿਤਕ ਲਖਬੀਰ ਸਿੰਘ ਦੀ ਪਤਨੀ ਜਸਪ੍ਰੀਤ ਕੌਰ, ਭੈਣ ਰਾਜ ਕੌਰ ਅਤੇ ਮ੍ਰਿਤਕ ਦੀਆਂ 3 ਧੀਆਂ ਸਮੇਤ ਪਰਿਵਾਰ ਦੇ ਹੋਰ ਮੈਂਬਰ ਸ਼ਾਮਲ ਸਨ, ਜਿਨ੍ਹਾਂ ਨੇ ਕਮਿਸ਼ਨ ਅੱਗੇ ਇਸ ਕਤਲੇਆਮ ਬਾਰੇ ਆਪਣੀਆਂ ਚਿੰਤਾਵਾਂ ਅਤੇ ਦੁੱਖ ਪ੍ਰਗਟ ਕੀਤੇ।

ਕੈਂਥ ਨੇ ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮ੍ਰਿਤਕ ਲਖਬੀਰ ਸਿੰਘ ਦੇ ਪੀੜਤ ਪਰਿਵਾਰ ਨੂੰ ਇੱਥੇ ਲਿਆਂਦਾ ਗਿਆ ਹੈ ਕਿਉਂਕਿ ਹੁਣ ਤੱਕ ਉਹਨਾਂ ਦੀ ਕਿਸੇ ਵੱਲੋਂ ਕੋਈ ਆਰਥਿਕ, ਕਾਨੂੰਨੀ ਜਾਂ ਕੋਈ ਹੋਰ ਮਦਦ ਨਹੀਂ ਕੀਤੀ ਗਈ। ਪਰਿਵਾਰ ਦੇ ਇਕਲੌਤੇ ਰੋਟੀ-ਰੋਜ਼ੀ ਕਮਾਉਣ ਵਾਲੇ ਦੇ ਦੇਹਾਂਤ ਨਾਲ ਪਰਿਵਾਰ ਦਾ ਗੁਜ਼ਾਰਾ ਚਲਾਉਣਾ ਮੁਸ਼ਕਿਲ ਹੋ ਗਿਆ ਹੈ। ਕੈਂਥ ਨੇ ਕਿਹਾ ਕਿ ਮ੍ਰਿਤਕ ਲਖਬੀਰ ਸਿੰਘ ਦੇ ਅੰਤਿਮ ਸੰਸਕਾਰ ਸਮੇਂ ਪਰਿਵਾਰ ਨੂੰ ਅੰਤਿਮ ਸੰਸਕਾਰ ਦੀ ਅਰਦਾਸ ਵੀ ਨਹੀਂ ਕਰਨ ਦਿੱਤੀ ਗਈ। ਲਖਬੀਰ ਦਾ ਨਾ ਸਿਰਫ ਕਤਲ ਕੀਤਾ ਗਿਆ, ਸਗੋਂ ਉਸ ਦੀ ਲਾਸ਼ ਨੂੰ ਵੀ ਬਿਨਾਂ ਕਿਸੇ ਲੋਕ-ਮਰਿਆਦਾ ਦੇ ਡੀਜ਼ਲ ਪਾ ਕੇ ਪਲਾਸਟਿਕ ਦੇ ਥੈਲੇ ਵਿਚ ਸਾੜਿਆ ਗਿਆ।

ਕੈਂਥ ਨੇ ਕਿਹਾ ਕਿ ਕਥਿਤ ਬੇਅਦਬੀ ਦੇ ਮਾਮਲੇ ਦਾ ਫੈਸਲਾ ਕਾਨੂੰਨੀ ਜਾਂਚ ਰਾਹੀਂ ਕੀਤਾ ਜਾਵੇਗਾ, ਪਰ ਇਸ ਦੌਰਾਨ ਇਸ ਅਣਮਨੁੱਖੀ ਅਪਰਾਧ ਦੇ ਦੋਸ਼ੀ ਸਖਤ ਤੋਂ ਸਖਤ ਸਜ਼ਾ ਦੇ ਹੱਕਦਾਰ ਹਨ। ਤਾਲਿਬਾਨ-ਸ਼ੈਲੀ ਦੇ ਇਸ ਕਤਲੇਆਮ ਦੀ ਅਖੌਤੀ 'ਲੋਕ ਪ੍ਰਤੀਨਿਧੀਆਂ', ਵਿਧਾਇਕਾਂ, ਸੰਸਦ ਮੈਂਬਰਾਂ ਅਤੇ ਹੋਰ ਰਾਜਨੀਤਿਕ ਨੇਤਾਵਾਂ ਦੇ ਨਾਲ-ਨਾਲ ਸਿਵਲ ਸੁਸਾਇਟੀਆਂ ਦੇ ਆਗੂਆਂ ਵਲੋਂ ਵੀ ਆਲੋਚਨਾ ਨਹੀਂ ਕੀਤੀ ਗਈ। ਜਾਪਦਾ ਹੈ ਕਿ ਅਨੁਸੂਚਿਤ ਜਾਤੀ ਦੇ ਵਿਅਕਤੀ ਦੀ ਜ਼ਿੰਦਗੀ ਇਨ੍ਹਾਂ ਸਿਆਸੀ ਪਾਰਟੀਆਂ ਦੀਆਂ ਨਜ਼ਰਾਂ ਵਿੱਚ ਕੋਈ ਮਾਇਨੇ ਨਹੀਂ ਰੱਖਦੀ। ਕੈਂਥ ਨੇ ਮੰਗ ਕੀਤੀ ਕਿ ਸਰਕਾਰ ਇਸ ਪੀੜਤ ਪਰਿਵਾਰ ਨੂੰ ਬਣਦਾ ਮੁਆਵਜ਼ਾ ਦੇਵੇ ਅਤੇ ਤਿੰਨ ਲੜਕੀਆਂ ਦੀ ਪੜ੍ਹਾਈ ਦਾ ਪ੍ਰਬੰਧ ਕਰੇ। ਐਨਐਸਸੀਏ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੀੜਤ ਪਰਿਵਾਰ ਨੂੰ ਵਿੱਤੀ ਸਹਾਇਤਾ ਦੇ ਨਾਲ ਪਰਿਵਾਰ ਦੇ ਕਿਸੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।



Fax No. 011-24824731
Web Site: www.ncsc.nic.in

Government of India
National Commission for Scheduled Castes
(A Constitutional body set up under Article 338 of the Constitution of India)

File No. Haryana/Dic/2021-APCR/PC15
Har/162/2021-APCR

5th Floor, Lok Nayak Bhawan
Khan Market, New Delhi-110003
Dated: 16.10.2021

To,

1. The Director General of Police, Haryana Police Headquarters, Sector 6, Panchkula, Haryana 134109
2. The Divisional Commissioner, Rohtak Division, Rohtak, Haryana
3. The Inspector General of Police, Rohtak Range, Rohtak, Haryana
4. The Deputy Commissioner, District Sonipat, Haryana
5. The Superintendent of Police, District Sonipat, Haryana

Sub: A news item appeared in daily newspapers dated 15.10.2021 under captioned "At Singhu protest site, man tied to barricade, arm chopped off and lynched; police probe role of Nihang Sikhs-reg.

Sir,

This is in continuation of this Commission's letter of even number dated 15.10.2021 wherein it was requested to send an action taken report in the matter by return FAX/Email. But no reply has been received in the matter.

A copy of representation dated 16.10.2021 submitted by Shri Paramjit Singh Kainth, President, National Scheduled Castes Alliance, Head Office 802/8 Tafazalpura, Patiala-147003, Punjab relating to the incidence happened at Singhu Border is also enclosed herewith.

You are hereby once again requested to submit action taken report to the undersigned by return fax/post/email (Fax No. 011-24624731, email : <dirho-ncsc@gov.in>, <dirho.ncsc@gmail.com> in the following format without any further delay.

| Date of Incident/ Thana and Brief | Name & | Name of | Details of Action | Details of Compensation Amount given to Victim & |
|---|---|---|---|---|

ਐਨਐਸਸੀਏ ਦੇ ਜਨਰਲ ਸਕੱਤਰ ਐਡਵੋਕੇਟ ਯਾਦਵਿੰਦਰ ਚੌਹਾਨ, ਜੋ ਵਫ਼ਦ ਦਾ ਹਿੱਸਾ ਸਨ, ਨੇ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਨੂੰ ਅਪੀਲ ਕੀਤੀ ਕਿ ਉਹ ਕੇਂਦਰ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਯੋਜਨਾਵਾਂ ਰਾਹੀਂ ਪਰਿਵਾਰ ਨੂੰ ਆਰਥਿਕ ਰਾਹਤ ਪ੍ਰਦਾਨ ਕਰਨ।

ਜਸਪ੍ਰੀਤ ਕੌਰ, ਪਿਤਾ ਬਲਦੇਵ ਸਿੰਘ ਅਤੇ ਭਰਾ ਸੁਖਚੈਨ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਘਟਨਾ ਤੋਂ ਬਾਅਦ ਸਾਡੇ ਪਾਰਿਵਾਰ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ।

ਲੋਕ ਸਾਡੇ ਪਰਿਵਾਰ ਨਾਲ ਅਜਿਹਾ ਸਲੂਕ ਕਰ ਰਹੇ ਹਨ ਜਿਵੇਂ ਅਸੀਂ ਕੋਈ ਘਿਨੌਣਾ ਅਪਰਾਧ ਕੀਤਾ ਹੈ। ਸਾਡਾ ਪਰਿਵਾਰ ਬਹੁਤ ਦੁਖੀ ਅਤੇ ਖੌਫਜਦਾ ਹੈ ਕਿਉਂਕਿ ਮੇਰੇ ਲਖਬੀਰ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ ਹੈ ਅਤੇ ਸਾਨੂੰ ਅਜੇ ਤੱਕ ਇਸ ਮਾਮਲੇ ਵਿੱਚ ਕੋਈ ਇਨਸਾਫ਼ ਨਹੀਂ ਮਿਲਿਆ ਹੈ। ਸਾਡਾ ਪੂਰਾ ਪਰਿਵਾਰ ਲਗਾਤਾਰ ਦਹਿਸ਼ਤ ਵਿੱਚ ਹੈ। ਅਸੀਂ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਉਹ ਨਿਆਂ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰੇ। ਵਿਜੇ ਸਾਂਪਲਾ ਨੇ ਪੀੜਤ ਪਰਿਵਾਰ ਨਾਲ ਮੁਲਾਕਾਤ ਕਰ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਕਮਿਸ਼ਨ ਪਰਿਵਾਰ 'ਤੇ ਲਾਏ ਗਏ ਝੂਠੇ ਦੋਸ਼ਾਂ ਨੂੰ ਦੂਰ ਕਰਨ ਲਈ ਜ਼ਰੂਰੀ ਕਦਮ ਚੁੱਕੇਗਾ। ਉਨ੍ਹਾਂ ਨੇ ਛੇਤੀ ਹੀ ਪੀੜਤ ਪਰਿਵਾਰ ਦੇ ਪਿੰਡ ਅਤੇ ਘਰ ਦਾ ਦੌਰਾ ਕਰਨ ਦਾ ਵੀ ਭਰੋਸਾ ਦਿੱਤਾ।







# ਅਮਰੀਕਾ ਵਿਚ 2019 ਦੀ ਤੁਲਨਾ ਵਿੱਚ 2020 ਦੌਰਾਨ ਨਫਰਤੀ ਅਪਰਾਧਾਂ ਵਿਚ ਹੋਇਆ ਭਾਰੀ ਵਾਧਾ-ਐਫ ਬੀ ਆਈ

**ਸੈਕਰਾਮੈਂਟੋ 27 ਅਕਤੂਬਰ (ਹੁਸਨ ਲੜੋਆ ਬੰਗਾ)–** ਪਿਛਲੇ ਸਾਲ 10 ਹਜਾਰ ਤੋਂ ਵਧ ਲੋਕ ਨਫਰਤੀ ਅਪਰਾਧ ਦਾ ਸ਼ਿਕਾਰ ਹੋਏ ਹਨ। ਇਹ ਖੁਲਾਸਾ ਐਫ ਬੀ ਆਈ ਨੇ ਆਪਣੀ ਸਲਾਨਾ ਰਿਪੋਰਟ ਵਿਚ ਕੀਤਾ ਹੈ। ਸਿਰ ਫਿਰੇ ਲੋਕਾਂ ਨੇ ਇਹ ਅਪਰਾਧ ਜਾਤ , ਨਸਲ, ਧਰਮ , ਲਿੰਗ ਜਾਂ ਅੰਗਹੀਣਤਾ ਨੂੰ ਆਧਾਰ ਬਣਾ ਕੇ ਕੀਤੇ ਹਨ ਜਿਸ ਕਾਰਨ ਨਿਰਦੋਸ਼ ਲੋਕਾਂ ਨੂੰ ਪੀੜਤ ਹੋਣਾ ਪਿਆ ਹੈ। ਰਿਪੋਰਟ ਅਨੁਸਾਰ ਪਿਛਲੇ ਸਾਲ 2020 ਦੌਰਾਨ 7700 ਤੋਂ ਵਧ ਨਫਰਤੀ ਅਪਰਾਧ ਦੀਆਂ ਘਟਨਾਵਾਂ ਵਾਪਰੀਆਂ ਜੋ 2019 ਦੀ ਤੁਲਨਾ ਵਿਚ 450 ਜਿਆਦਾ ਹਨ। ਐਫ ਬੀ ਆਈ ਅਨੁਸਾਰ ਅਸਲ ਵਿਚ ਇਹ ਘਟਨਾਵਾਂ ਕਿਤੇ ਜਿਆਦਾ ਹਨ ਕਿਉਂਕਿ ਬਹੁਤ ਸਾਰੀਆਂ ਏਜੰਸੀਆਂ ਨੇ ਆਪਣੇ ਖੇਤਰ ਵਿਚ ਹੋਏ ਨਫਰਤੀ ਅਪਰਾਧਾਂ ਬਾਰੇ ਰਿਪੋਰਟ ਹੀ ਨਹੀਂ ਦਰਜ ਕਰਵਾਈ। 2008 ਤੋਂ ਬਾਅਦ ਪਹਿਲੀ ਵਾਰ 2020 ਦੌਰਾਨ ਸਭ ਤੋਂ ਵਧ ਨਫਰਤੀ ਘਟਨਾਵਾਂ 7783 ਦਰਜ ਹੋਈਆਂ। ਸ਼ਾਹਫਿਆਮ ਲੋਕਾਂ ਉਪਰ ਹਮਲਿਆਂ ਦੀਆਂ ਘਟਨਾਵਾਂ ਜੋ 2019 ਵਿਚ 1972 ਸਨ ਪਿਛਲੇ ਸਾਲ ਵਧ ਕੇ 2871 ਹੋ ਗਈਆਂ। ਏਸ਼ੀਆ ਮੂਲ ਦੇ ਲੋਕਾਂ ਵਿਰੁੱਧ ਪਿਛਲੇ ਸਾਲ 279 ਨਫਰਤੀ ਅਪਰਾਧ ਦੀਆਂ ਘਟਨਾਵਾਂ ਵਾਪਰੀਆਂ ਜਿਨਾਂ ਦੀ 2019 ਵਿਚ ਗਿਣਤੀ 161 ਸੀ। ਯਹੂਦੀ ਲੋਕਾਂ ਵਿਰੁੱਧ ਨਫਰਤੀ ਹਮਲਿਆਂ ਦੀ ਗਿਣਤੀ ਘਟੀ ਹੈ। ਰਿਪੋਰਟ ਅਨੁਸਾਰ 2019 ਵਿਚ ਯਹੂਦੀਆਂ ਉਪਰ 963 ਹਮਲੇ ਹੋਏ ਸਨ ਜੋ 2020 ਵਿਚ ਘਟ ਕੇ 683 ਰਹਿ ਗਏ। ਜਾਤ , ਨਸਲ ਜਾਂ ਪਿਛੋਕੜ ਨੂੰ ਲੈ ਕੇ ਹੋਏ ਹਮਲਿਆਂ ਵਿਚ ਰਿਕਾਰਡ ਵਾਧਾ ਹੋਇਆ। 2020 ਵਿਚ ਜਾਤ, ਨਸਲ ਜਾਂ ਪਿਛੋਕੜ ਨੂੰ ਅਧਾਰ ਬਣਾਕੇ 8052 ਘਟਨਾਵਾਂ ਵਾਪਰੀਆਂ ਜਦ ਕਿ 2019 ਵਿਚ ਇਹ ਗਿਣਤੀ 3954 ਸੀ। ਰਿਪੋਰਟ ਅਨਸਾਰ 61.8% ਪੀੜਤਾਂ ਨੂੰ ਉਨਾਂ ਦੀ ਜਾਤ ਜਾਂ ਨਸਲ ਕਾਰਨ ਨਿਸ਼ਾਨਾ ਬਣਾਇਆ ਗਿਆ। ਐਫ ਬੀ ਆਈ ਅਨੁਸਾਰ 2020 ਵਿਚ 20% ਘਟਨਾਵਾਂ ਲਿੰਗ ਨੂੰ ਆਧਾਰ ਬਣਾ ਕੇ ਵਾਪਰੀਆਂ ਜਦ ਕਿ 13.3% ਘਟਨਾਵਾਂ ਧਾਰਮਿੱਕ ਭੇਦਭਾਵ ਕਾਰਨ ਵਾਪਰੀਆਂ। ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਦੋਸ਼ੀਆਂ ਵਿਚ ਅਧਿਉਂ ਵਧ ਗੋਰੇ ਸ਼ਾਮਿਲ ਹਨ। ਇਸੇ ਦੌਰਾਨ ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਨਫਰਤੀ ਅਪਰਾਧਾਂ ਨੂੰ ਰੋਕਣਾ ਨਿਆਂ ਵਿਭਾਗ ਦੀਆਂ ਉੱਚ ਤਰਜੀਹਾਂ ਵਿਚ ਸ਼ਾਮਿਲ ਹੈ। ਉਨਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਵਿਚ ਫੌਰੀ ਕਾਰਵਾਈ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਤੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਉਨਾਂ ਕਿਹਾ ਕਿ ਅੰਕੜਿਆਂ ਤੋਂ ਸਪੱਸ਼ਟ ਹੈ ਕਿ ਸ਼ਾਹਫਿਆਮ ਲੋਕਾਂ ਤੇ ਅਫਰੀਕੀ ਮੂਲ ਦੇ ਅਮਰੀਕੀ ਲੋਕਾਂ ਵਿਰੁੱਧ ਨਫਰਤੀ ਅਪਰਾਧ ਵਧੇ ਹਨ। ਇਹ ਉਹ ਵਰਗ ਹਨ ਜਿਨਾਂ ਨੂੰ ਅਕਸਰ ਨਿਸ਼ਾਨਾ ਬਣਾਇਆ ਜਾਂਦਾ ਹੈ। ਇਸੇ ਤਰਾਂ ਏਸ਼ੀਅਨ ਮੂਲ ਦੇ ਲੋਕਾਂ ਵਿਰੁੱਧ ਵੀ ਨਫਰਤੀ ਅਪਰਾਧ ਵਧੇ ਹਨ। ਇਸ ਤੋਂ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਜੋ ਅਸੀਂ ਵੇਖਿਆ ਤੇ ਸੁਣਿਆ ਹੈ ਉਸ ਦੀ ਪੁਸ਼ਟੀ ਸਾਡੇ ਕੰਮ ਵਿਚ ਵੀ ਹੋਈ ਹੈ।




# ਬੱਬਰ ਅਕਾਲੀ ਲਹਿਰ ਅਤੇ ਕਿਸਾਨ ਘੋਲ ’ਤੇ ਕੇਂਦਰਤ ਹੋਏਗਾ: ਦੋ ਰੋਜ਼ਾ 30ਵਾਂ ਮੇਲਾ ਗ਼ਦਰੀ ਬਾਬਿਆਂ ਦਾ

**ਜਲੰਧਰ–** ਬੱਬਰ ਅਕਾਲੀ ਲਹਿਰ ਦੀ ਸ਼ਤਾਬਦੀ ਨੂੰ ਯਾਦ ਕਰਦਿਆਂ, ਖੇਤੀ ਕਾਨੂੰਨਾਂ ਖਿਲਾਫ਼ ਲੜੇ ਜਾ ਰਹੇ ਸ਼ਾਨਾਮੱਤੇ ਇਤਿਹਾਸਕ ਘੋਲ ਨੂੰ ਸਮਰਪਤ ਹੋਏਗਾ 31 ਅਕਤੂਬਰ ਅਤੇ 1 ਨਵੰਬਰ 2021 ਨੂੰ ਮਨਾਇਆ ਜਾਣ ਵਾਲਾ ਦੋ ਰੋਜ਼ਾ 30ਵਾਂ ਮੇਲਾ ਗ਼ਦਰੀ ਬਾਬਿਆਂ ਦਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਮੀਤ ਪ੍ਰਧਾਨ ਸੀਤਲ ਸਿੰਘ ਸੰਘਾ ਅਤੇ ਖਜ਼ਾਨਚੀ ਰਣਜੀਤ ਸਿੰਘ ਔਲਖ ਨੇ ਅੱਜ ਦੇਸ਼ ਭਗਤ ਯਾਦਗਾਰ ਹਾਲ ’ਚ ਪ੍ਰੈਸ ਕਾਨਫੰਰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਮੇਲੇ ’ਚ ਜਿੱਥੇ ਬੱਬਰ ਅਕਾਲੀ ਲਹਿਰ ਦੀ ਇਤਿਹਾਸਕ ਪ੍ਰਸੰਗਕਤਾ ਨੂੰ ਉਭਾਰਿਆ ਜਾਏਗਾ, ਉਥੇ ਬੀਤੇ ਇੱਕ ਵਰ੍ਹੇ ਤੋਂ ਦਿੱਲੀ ਸਮੇਤ, ਦੇਸ਼ ’ਚ ਚੱਲ ਰਹੇ ਕਿਸਾਨ ਸੰਘਰਸ਼ ਨੂੰ ਟਿੱਚ ਸਮਝਦਿਆਂ ਕਾਲ਼ੇ ਖੇਤੀ ਕਾਨੂੰਨਾਂ ਨੂੰ ਰੱਦੀ ਦੀ ਟੋਕਰੀ ’ਚ ਸੁੱਟਣ ਤੋਂ ਅੜੀ ਹੋਈ ਦੇਸੀ-ਬਦੇਸੀ ਕਾਰ-ਪੋਰੇਟਾਂ ਦੀ ਸੇਵਾਦਾਰ, ਮੋਦੀ ਹਕੂਮਤ ਖਿਲਾਫ਼ ਹੋਰ ਵੀ ਵਿਆਪਕ ਅਤੇ ਤਿੱਖਾ ਜਨਤਕ ਸੰਗਰਾਮ ਜਾਰੀ ਰੱਖਣ ਲਈ ਦ੍ਰਿੜ੍ਹ ਸੰਕਲਪ ਹੋਣ ਦਾ ਸੱਦਾ ਦੇਵੇਗਾ, ਮੇਲਾ ਗ਼ਦਰੀ ਬਾਬਿਆਂ ਦਾ। ਕਮੇਟੀ ਆਗੂਆਂ ਦੱਸਿਆ ਕਿ ਮੇਲੇ ਦੇ ਪਹਿਲੇ ਦਿਨ 31 ਅਕਤੂਬਰ ਨੂੰ ਸਵੇਰੇ 10:30 ਵਜੇ ਸ਼ਮ੍ਹਾ ਰੌਸ਼ਨ ਕਰਕੇ ਕਿਸਾਨ ਅੰਦੋਲਨ ਅਤੇ ਬੱਬਰ ਅਕਾਲੀ ਲਹਿਰ ਉਪਰ ਵਿਚਾਰ-ਚਰਚਾ ਹੋਏਗੀ। ਪਹਿਲੇ ਸੈਸ਼ਨ ’ਚ 'ਕਿਸਾਨ ਸੰਕਟ: ਸੰਘਰਸ਼ ਅਤੇ ਹੱਲ’ ਵਿਸ਼ੇ ਸਬੰਧੀ ਮੁੱਖ ਵਕਤਾ ਹੋਣਗੇ ਡਾ. ਗਿਆਨ ਸਿੰਘ (ਰਿ.ਪ੍ਰੋ., ਉੱਘੇ ਅਰਥ ਸ਼ਾਸਤਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਅਤੇ ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਕਮੇਟੀ ਮੈਂਬਰ ਜਗਰੂਪ ਅਤੇ ਦਰਸ਼ਨ ਖਟਕੜ, ਦੂਜੇ ਸੈਸ਼ਨ ਵਿੱਚ 'ਬੱਬਰ ਅਕਾਲੀ ਲਹਿਰ ਦਾ ਇਤਿਹਾਸ’ ਵਿਸ਼ੇ ਉਪਰ ਮੁੱਖ ਵਕਤਾ ਹੋਣਗੇ ਡਾ. ਕਮਲੇਸ਼ ਮੋਹਨ (ਰਿ.ਪ੍ਰੋ., ਇਤਿਹਾਸ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ)। ਉਪਰੰਤ 4 ਵਜੇ ਕਵੀ ਦਰਬਾਰ ਅਤੇ ਸ਼ਾਮ 6 ਵਜੇ ਦਸਤਾਵੇਜ਼ੀ ਫ਼ਿਲਮ ਹੋਏਗੀ। ਪਹਿਲੀ ਨਵੰਬਰ ਸਵੇਰੇ 10:30 ਵਜੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਭਗਤ ਸਿੰਘ ਝੁੰਗੀਆਂ ਅਦਾ ਕਰਨਗੇ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਅਤੇ ਜਨਰਲ ਸਕੱਤਰ ਗੁਰਮੀਤ ਸਿੰਘ ਮੇਲੇ ਨੂੰ ਸੰਬੋਧਨ ਕਰਨਗੇ। ਇਸ ਉਪਰੰਤ ਅਮੋਲਕ ਸਿੰਘ ਦੀ ਕਲਮ ਤੋਂ ਲਿਖਿਆ 'ਬੱਬਰਾਂ, ਜਲ੍ਹਿਆਂਵਾਲਾ ਬਾਗ਼ ਅਤੇ ਮਜ਼ਦੂਰ-ਕਿਸਾਨ ਘੋਲ ਦੀ ਗੂੰਜ’ ਪਾਉਂਦਾ ਸੰਗੀਤਕ ਓਪੇਰਾ ਰੂਪੀ ਝੰਡੇ ਦਾ ਗੀਤ 'ਵਕਤ ਦੀ ਆਵਾਜ਼’ ਹੋਏਗਾ। ਗੀਤ ਵਿੱਚ ਡਾ. ਸੁਰਜੀਤ ਪਾਤਰ ਅਤੇ ਡਾ. ਵਰਿਆਮ ਸਿੰਘ ਸੰਧੂ ਦੀ ਕਾਵਿ-ਵੰਨਗੀ ਵੀ ਸ਼ਾਮਿਲ ਹੋਏਗੀ। ਝੰਡੇ ਦੇ ਗੀਤ ਦੀ ਤਿਆਰੀ ਲਈ 28 ਅਕਤੂਬਰ ਤੋਂ ਦੇਸ਼ ਭਗਤ ਯਾਦਗਾਰ ਹਾਲ ’ਚ ਵਰਕਸ਼ਾਪ ਲੱਗ ਰਹੀ ਹੈ। ਪਹਿਲੀ ਨਵੰਬਰ ਦਿਨ ਵੇਲੇ ਮੁੱਖ ਬੁਲਾਰੇ ਪੀ.ਸਾਈਨਾਥ ਹੋਣਗੇ। ਗੁਰਸ਼ਰਨ ਭਾਅ ਜੀ ਦਾ ਲਿਖਿਆ ਬੱਬਰ ਅਕਾਲੀ ਸੂਰਬੀਰਾਂ ਬਾਰੇ ਨਾਟਕ 'ਸੀਸ ਤਲੀ ’ਤੇ’ ਚੰਡੀਗੜ੍ਹ ਸਕੂਲ ਆਫ਼ ਡਰਾਮਾ (ਏਕੱਤਰ) ਨਾਟਕ ਖੇਡੇਗਾ। ਗੀਤ-ਸੰਗੀਤਕ ਰੰਗ ਦੇ ਸੰਗ ਸ਼ਾਮ 4 ਵਜੇ ਤੱਕ ਬਹੁ ਕਲਾ ਵੰਨਗੀ ਭਰਪੂਰ ਦਿਨ ਦਾ ਮੇਲਾ ਹੋਏਗਾ। 'ਕਿਰਤੀ ਪਾਰਟੀ: ਦੂਜੀ ਸੰਸਾਰ ਜੰਗ ਸਮੇਂ’ ਮੂਲ ਰਚਨਾ: ਚੈਨ ਸਿੰਘ ਚੈਨ, ਸੰਪਾਦਨ: ਚਰੰਜੀ ਲਾਲ ਕੰਗਣੀਵਾਲ ਅਤੇ ਸੋਵੀਨਰ ਲੋਕ ਅਰਪਣ ਕੀਤੇ ਜਾਣਗੇ। ਸ਼ਾਮ 6 ਵਜੇ ਫੁਲਵਾੜੀ ਕਲਾ ਕੇਂਦਰ, ਲੋਹੀਆਂ (ਜਗੀਰ ਜੋਸਣ) ਦੀ ਟੀਮ ਪੇਸ਼ ਕਰੇਗੀ 'ਜਾਗੋ’। ਪਹਿਲੀ ਨਵੰਬਰ ਨਾਟਕਾਂ ਭਰੀ ਰਾਤ ਵਿੱਚ ਪ੍ਰੋ.ਅਜਮੇਰ ਸਿੰਘ ਔਲਖ ਦੀ ਨਾਟਕ ਟੀਮ ਲੋਕ ਕਲਾ ਮੰਚ, ਮਾਨਸਾ 'ਐਂ ਕਿਵੇਂ ਖੋਹ ਲੈਣਗੇ ਜ਼ਮੀਨਾਂ ਸਾਡੀਆਂ’, ਮੰਚ ਰੰਗ ਮੰਚ ਅੰਮ੍ਰਿਤਸਰ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ’ਚ ਪੇਸ਼ ਕਰੇਗਾ 'ਖ਼ੂਨੀ ਵਿਸਾਖੀ’, ਅਦਾਕਾਰ ਮੰਚ ਮੁਹਾਲੀ (ਡਾ.ਸਾਹਿਬ ਸਿੰਘ) 'ਧੰਨ ਲੇਖਾਰੀ ਨਾਨਕਾ’, ਇਟਾਲੀਅਨ ਨਾਟਕਕਾਰ ਦਾਰੀਓ ਫੋ ਦਾ ਨਾਟਕ ਦਾ ਪੰਜਾਬੀ ਰੂਪ 'ਏਦਾਂ ਤਾਂ ਫਿਰ ਏਦਾਂ ਹੀ ਸਈ’ ਅਨੀਤਾ ਸ਼ਬਦੀਸ਼ ਦੀ ਨਿਰਦੇਸ਼ਨਾ ’ਚ ਸੁਚੇਤਕ ਰੰਗ ਮੰਚ ਮੁਹਾਲੀ ਅਤੇ 'ਘਸਿਆ ਹੋਇਆ ਆਦਮੀ’ ਸ਼ੈਰੀ ਸਿਹੌੜਾ, ਪਾਵੇਲ ਸਿਹੌੜਾ ਦੀ ਨਿਰਦੇਸ਼ਨਾ ’ਚ ਅਵਾਮੀ ਰੰਗ ਮੰਚ ਸਿਹੌੜਾ (ਲੁਧਿਆਣਾ) ਪੇਸ਼ ਕਰੇਗਾ। ਪੰਜਾਬ ਦੀਆਂ ਨਾਮਵਰ ਸੰਗੀਤ ਮੰਡਲੀਆਂ, ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਸੰਗੀਤ ਵਿਭਾਗ (ਡਾ.ਨਿਵੇਦਤਾ ਸਿੰਘ), ਲੋਕ ਸੰਗੀਤ ਮੰਡਲੀ ਧੌਲਾ (ਜੁਗਰਾਜ ਧੌਲਾ ਅਤੇ ਨਵਦੀਪ ਧੌਲਾ), ਲੋਕ ਸੰਗੀਤ ਮੰਡਲੀ ਮਸਾਣੀ (ਧਰਮਿੰਦਰ ਮਸਾਣੀ), ਨਰਗਿਸ (ਮਾਨਵਤਾ ਕਲਾ ਮੰਚ ਨਗਰ), ਗਗਨ ਆਜ਼ਾਦ, ਕੁਲਦੀਪ ਜਲੂਰ, ਅੰਮ੍ਰਿਤਪਾਲ ਬਠਿੰਡਾ ਆਦਿ ਗਾਇਕ ਕਲਾਕਾਰ ਗੀਤ-ਸੰਗੀਤ ਪੇਸ਼ ਕਰਨਗੇ।










# ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਦੀ ਬੇਟੀ ਪਰਨੀਤ ਕੌਰ ਅਤੇ ਕਾਕਾ ਹਰਸਿਮਰਤ ਸਿੰਘ ਚਾਹਿਲ ਵਿਆਹ ਦੇ ਬੰਧਨ ਵਿੱਚ ਬੱਝੇ

## ਸਿਆਟਲ ਦੇ ਗੁਰੂਘਰ ਵਿੱਚ ਹੋਈ ਆਨੰਦ ਕਾਰਜ ਦੀ ਰਸਮ








**ਸਿਆਟਲ–** ਉੱਘੇ ਖੇਡ ਲੇਖਕ ਤੇ ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਅਤੇ ਪਰਮਜੀਤ ਕੌਰ ਸਰਾਂ ਦੀ ਬੇਟੀ ਪਰਨੀਤ ਕੌਰ ਸਰਾਂ ਦਾ ਸ਼ੁੱਭ ਵਿਆਹ ਕਾਕਾ ਹਰਸਿਮਰਤ ਸਿੰਘ ਚਾਹਿਲ ਸਪੁੱਤਰ ਲਾਭ ਸਿੰਘ ਚਹਿਲ (ਰਿਟਾਇਰਡ ਡਿਪਟੀ ਟਰਾਂਸਪੋਰਟ ਕਮਿਸ਼ਨਰ ਪੰਜਾਬ ਸਰਕਾਰ) ਮਾਤਾ ਸੁਖਵਿੰਦਰ ਕੌਰ ਚਾਹਿਲ ਵਾਸੀ ਸਿਆਟਲ ਦੇ ਨਾਲ ਹੋਇਆ । ਇਸ ਮੌਕੇ ਅਨੰਦ ਕਾਰਜ ਦੀ ਰਸਮ ਸਿੱਖ ਰਵਾਇਤਾ ਮੁਤਾਬਿਕ ਗੁਰਦੁਆਰਾ ਸਿੰਘ ਸਭਾ ਰੈਂਟਨ ਸਿਆਟਲ ਵਿਖੇ ਹੋਈ । ਗੁਰੂ ਘਰ ਦਾ ਓਟ ਆਸਰਾ ਲੈਣ ਤੋਂ ਬਾਅਦ ਆਏ ਮਹਿਮਾਨਾਂ ਲਈ ਸਵਾਗਤੀ ਪਾਰਟੀ ਪਾਬਲਾ ਹਾਊਸ ਫ਼ੈਡਲ ਵੇਅ ਸਿਆਟਲ ਵਿਖੇ ਹੋਈ, ਇਸ ਮੌਕੇ ਅਮਰੀਕਾ ਅਤੇ ਕਨੇਡਾ ਤੋਂ ਆਈਆਂ ਸਮਾਜਿਕ ਅਤੇ ਖੇਡ ਜਗਤ ਦੀਆਂ ਉੱਘੀਆਂ ਸ਼ਖ਼ਸੀਅਤਾਂ ਨੇ ਸੁਭਾਗੀ ਜੋੜੀ ਨੂੰ ਆਪਣਾ ਅਸ਼ੀਰਵਾਦ ਦਿੱਤਾ।

ਇਸ ਮੌਕੇ ਪ੍ਰੋ ਜਸਬੀਰ ਸਿੰਘ ਚਾਹਿਲ ਸਿਆਟਲ , ਕਮਲ ਚਾਹਿਲ ਸਿਆਟਲ,ਸਰਮੁਖ ਸਿੰਘ ਮਾਵੀ, ਪਿਰਤਪਾਲ ਸਿੰਘ, ਗੁਰਜਤਿੰਦਰ ਸਿੰਘ ਰੰਧਾਵਾ ਮੁੱਖ ਸੰਪਾਦਕ ਪੰਜਾਬ ਮੇਲ ਯੂ ਐਸ ਏ, ਮਨਮੋਹਣ ਗਰੇਵਾਲ ਮੋਹਣਾਂ ਜੋਧਾਂ, ਪਹਿਲਵਾਨ ਪਰਮਦੀਪ ਸਿੰਘ ਬੀਲਾ ਅਮਰੀਕਾ, ਰਣਜੀਤ ਸਿੰਘ ਮੰਡ ਕੈਨੇਡਾ, ਮਨਜੀਤ ਸਿੰਘ ਮੰਡ ਸਿਆਟਲ, ਦਲਜੀਤ ਸਿੰਘ ਜਰਖੜ ਕੈਨੇਡਾ, ਹਰਦੇਵ ਸਿੰਘ ਭੰਗੂ ਕੈਲੇਫੋਰਨੀਆ, ਕਰਮਵੀਰ ਸਿੰਘ ਗਰੇਵਾਲ ਫਰਿਜ਼ਨੋ, ਜਸਬੀਰ ਸਿੰਘ ਚਾਹਲ ਰੀਨੋ ਅਮਰੀਕਾ, ਬੂਟਾ ਸਿੰਘ ਜੌਹਲ ਸੈਕਰਾਮੈਂਟੋ, ਮਨਜੀਤ ਸਿੰਘ ਚਾਹਲ ਸਿਆਟਲ, ਕਰਨੈਲ ਸਿੰਘ ਕੈਲ, ਬਲਜੀਤ ਸਿੰਘ ਸੈਂਬੀ ਸਿਆਟਲ, ਅਮਰੀਕ ਸਿੰਘ ਘੱਗ, ਜੋਧ ਸਿੰਘ ਸਰਾਭਾ ਸਿਆਟਲ, ਕਮਿੱਕਰ ਸਿੰਘ ਥਿੰਦ, ਹਰਿੰਦਰ ਸਿੰਘ ਟੀਨੂ ਦਿਓਲ, ਪ੍ਰੀਤਮ ਸਿੰਘ ਗਰੇਵਾਲ, ਹਰਜਿੰਦਰ ਸਿੰਘ ਸਿਆਟਲ, ਨਵਤੇਜ ਸਿੰਘ ਚੀਮਾ ਫੇਅਰਫੀਲਡ, ਬੀ ਐਸ ਗਰਚਾ ਲਿਵਰਮੋਰ, ਕਾਲਾ ਟਰੇਸੀ ,ਵਿਜੇ ਸਿੰਘ ਟਰੇਸੀ, ਸੁਖਬੀਰ ਸਿੰਘ ਸੁੱਖੀ ਕਨੇਡਾ, ਬਹਾਦਰ ਸਿੰਘ ਰਤਨਹੇੜੀ, ਨਵਦੀਪ ਸਿੰਘ ਜਰਗੜੀ, ਹਰਮਨ ਮਨਟੀਕਾ, ਗੁਰਲਾਲਪ੍ਰੀਤ ਸਿੰਘ, ਮਨਰਾਜ ਸਿੰਘ, ਪ੍ਰਦੀਪ ਸਿੰਘ ਜਰਖੜ, ਜੁਗਰਾਜ ਸਿੰਘ ਗਰੇਵਾਲ, ਅਮਰਦੀਪ ਸਿੰਘ ਗਰੇਵਾਲ, ਸਤਵਿੰਦਰ ਸਿੰਘ ਸਰਾਂ, ਸੰਦੀਪ ਸਿੰਘ ਗੁਰਨਾ, ਪੰਮਾ ਰਤਨਾ, ਆਦਿ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਪੁੱਜੀਆ ਸਖਸ਼ੀਅਤਾ ਨੇ ਸ਼ੁਭਾਗੀ ਜੋੜੀ ਨੂੰ ਆਪਣਾ ਅਸ਼ੀਰਵਾਦ ਦਿੱਤਾ। ਬਲਜੀਤ ਸਿੰਘ ਸ਼ੈਹਬੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

## ਪੰਜਾਬ ਦੇ ਬੱਚਿਆਂ ਨੂੰ ਜੂਡੋ ਨਾਲ ਜੋੜਨ ਲਈ ਵਿਸ਼ੇਸ਼ ਮੁਹਿੰਮ ਚਲਾਵਾਂਗੇ : ਰਾਜੇਸ਼ ਬਾਘਾ

**ਜਲੰਧਰ–** ਜ਼ਿਲ੍ਹਾ ਜਲੰਧਰ ਜੂਡੋ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਰਾਜੇਸ਼ ਬਾਘਾ ਜੀ ਤੇ ਪੰਜਾਬ ਜੂਡੋ ਵੈਲਫੇਅਰ ਸੁਸਾਇਟੀ ਦੇ ਚੇਅਰਮੈਨ ਅਤੇ ਉਨ੍ਹਾਂ ਦੇ ਨਾਲ ਜੂਡੋ ਕੋਚ ਅਵਨੀ ਸ਼ਰਮਾ, ਜੂਡੋ ਕੋਚ ਸੁਧੀਰ ਕੁਮਾਰ ਨਾਲ ਜੂਡੋ ਬਾਰੇ ਚਰਚਾ ਕੀਤੀ ਗਈ ਜਿਸ ਵਿੱਚ ਪੰਜਾਬ ਦੇ ਖਿਡਾਰੀਆਂ ਅਤੇ ਉਨ੍ਹਾਂ ਦੇ ਟੂਰਨਾਮੈਂਟ ਦੇ ਭਵਿੱਖ ਨੂੰ ਲੈ ਕੇ ਚਰਚਾ ਕੀਤੀ ਗਈ ਅਤੇ ਬਾਘਾ ਨੇ ਕਿਹਾ ਕਿ ਜਲਦ ਹੀ ਪੰਜਾਬ ਦੇ ਬੱਚਿਆਂ ਨੂੰ ਜੂਡੋ ਨਾਲ ਜੋੜਨ ਲਈ ਵਿਸ਼ੇਸ਼ ਮੁਹਿੰਮ ਚਲਾਵਾਂਗੇ ਤੇ ਏਸ ਇਸ ਮੀਟਿੰਗ ਵਿਚ ਪੰਜਾਬ ਦੇ ਜੂਡੋ ਖਿਡਾਰੀਆ ਨੂੰ ਆਹ ਰਹੀਆਂ ਮੁਸ਼ਕਲ ਦੇ ਬਾਰੇ ਖਾਸ ਚਰਚਾ ਕੀਤੀ ਗਈ।





NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

# ਧਰਤੀ ਨਾਲ਼ ਜੁੜੀ ਸ਼ਾਇਰੀ ਦਾ ਸਿਰਜਣਹਾਰ-ਹਰਜਿੰਦਰ ਕੰਗ

**ਹੇਵਰਡ–** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਜ਼ੂਮ ਲਿੰਕ ਰਾਹੀਂ ਸਾਹਿਤਕ ਮਿਲਣੀ ਹੋਈ। ਇਸ ਮਿਲਣੀ ਦੇ ਸ਼ੁਰੂ ਵਿਚ ਡਾ. ਕੰਬੋਜ ਨੇ ਸਭ ਨੂੰ ਜੀ ਆਇਆਂ ਆਖਿਆ। ਜਨਰਲ ਸਕੱਤਰ ਕੁਲਵਿੰਦਰ ਨੇ ਕਾਰਵਾਈ ਨੂੰ ਅੱਗੇ ਤੋਰਦੇ ਹੋਏ ਦੀਪਕ ਜੈਤੋਈ ਸਕੂਲ ਤੋਂ ਉਸਤਾਦ ਗੁਰਦਿਆਲ ਰੌਸ਼ਨ ਦੇ ਹੋਣਹਾਰ ਸ਼ਗਿਰਦ ਹਰਜਿੰਦਰ ਕੰਗ ਦੀ ਜਾਣ-ਪਛਾਣ ਕਰਵਾਉਂਦੇ ਹੋਏ ਕਿਹਾ ਕਿ ਹਰਜਿੰਦਰ ਕੰਗ ਨੇ 1992 ਵਿਚ 'ਸਵਾਂਤੀ ਬੂੰਦ' (ਗ਼ਜ਼ਲ ਸੰਗ੍ਰਹਿ) ਨਾ਼ਲ ਪੰਜਾਬੀ ਸਾਹਿਤ ਦੇ ਬੂਹੇ ਦਸਤਕ ਦਿੱਤੀ। ਇਸ ਤੋਂ ਬਾਅਦ 'ਠੀਕਰੀ ਪਹਿਰਾ'(ਗ਼ਜ਼ਲ ਸੰਗ੍ਰਹਿ 1996, 2009), ਚੁੱਪ ਦੇ ਟੁਕੜੇ (ਕਾਵਿ-ਸੰਗ੍ਰਹਿ 2006) ਅਤੇ 'ਆਪਾਂ ਦੋਵੇਂ ਰੁੱਸ ਬੈਠੇ (ਗੀਤ-ਸੰਗ੍ਰਹਿ 2011) ਨਾ਼ਲ ਪੰਜਾਬੀ ਸਾਹਿਤ ਦੇ ਵਿਹੜੇ ਵਿਚ ਸੰਦਲੀ ਮਹਿਕ ਖਿੰਡਾਈ ਹੈ। ਰਾਜ ਗਾਇਕ ਹੰਸ ਰਾਜ ਹੰਸ ਤੋਂ ਇਲਾਵਾ ਹੋਰ ਬਹੁਤ ਸਾਰੇ ਗਾਇਕਾਂ ਨੇ ਇਸ ਸ਼ਾਇਰ ਦੇ ਗੀਤਾਂ ਨੂੰ ਆਵਾਜ਼ ਦਿੱਤੀ ਹੈ। ਇਸ ਉਪਰੰਤ ਇੰਡੀਆ ਤੋਂ ਪ੍ਰੋ. ਸੁਰਜੀਤ ਜੱਜ ਨੇ 'ਹਰਜਿੰਦਰ ਕੰਗ ਦੀ ਸ਼ਾਇਰੀ ਨਾ਼ਲ ਸੰਵਾਦ ਛੇੜਦਿਆਂ' ਵਿਲੱਖਣਤਾ ਭਰਪੂਰ ਪੇਪਰ ਪੜ੍ਹਿਆ।ਉਨ੍ਹਾਂ ਕਿਹਾ ਕਿ ਸੰਵੇਦਨਾ ਦੀ ਸਾਂਝ ਬਿਨਾਂ ਨਾ ਤਾਂ ਕਾਵਿ ਦੀ ਅਨੁਭੂਤੀ ਸੰਭਵ ਹੈ ਅਤੇ ਨਾ ਹੀ ਸ਼ਾਇਰੀ ਨਾਲ ਸੰਵਾਦ। ਸੰਵਾਦ ਤੋਂ ਵੀ ਪਹਿਲਾਂ ਸੁਹਜ ਸੰਪੰਨਤਾ ਆਉਂਦੀ ਹੈ। ਸਹਿਜ ਸੁਭਾਵਿਕਤਾ ਦੀ ਇਹ ਧੁਨੀ ਸ਼ਾਇਰੀ ਵਿਚ ਪ੍ਰਵਾਹਿਤ ਹੋਣੀ ਚਾਹੀਦੀ ਹੈ। ਹਰਜਿੰਦਰ ਕੰਗ ਦੀ ਸ਼ਾਇਰੀ ਨੇ ਮੈਨੂੰ ਸਭ ਤੋਂ ਪਹਿਲਾਂ ਇਸੇ ਸਰੂਪ ਦੇ ਦੀਦਾਰ ਕਰਵਾਏ ਹਨ:

ਕਿਹਾ ਜਾਂ ਬੱਚਿਆਂ ਨੂੰ ਮੈਂ
ਕਿ ਕੀ ਹੈ ਅੱਗ ਦਾ ਕਾਰਜ
ਸਿਵੇ ਬਲਦੇ ਬਣਾ ਦਿੱਤੇ
ਉਨ੍ਹਾਂ ਨੇ ਕਾਗਜ਼ਾਂ ਉੱਤੇ।




ਉਨ੍ਹਾਂ ਅੱਗੇ ਜਿਹਾ ਕਿ ਇਸਦੇ ਨਾਲ ਹੀ ਇਕ ਸਮਰੱਥਾਵਾਨ ਸ਼ਾਇਰ ਦੀ ਸ਼ਾਇਰੀ ਅਤੀਤ, ਵਰਤਮਾਨ ਅਤੇ ਭਵਿੱਖ ਦੇ ਟੋਟਿਆਂ ਤੱਕ ਹੀ ਸੀਮਤ ਨਹੀਂ ਹੁੰਦੀ ਸਗੋਂ ਬਾਹਰਲੇ ਵਰਤਾਰਿਆਂ ਨਾਲ ਵਿਰਾਟ ਅਤੇ ਗਹਿਰੇ ਕਾਵਿ-ਬਿੰਬਾਂ ਵਿਚ ਪ੍ਰਸਤੁਤ ਹੁੰਦੀ ਹੈ।ਪ੍ਰੋ. ਸੁਰਜੀਤ ਜੱਜ ਵਲੋਂ ਪੜ੍ਹੇ ਗਏ ਭਾਵ-ਪੂਰਤ ਪੇਪਰ ਦਾ ਹਾਜ਼ਰ ਸਾਹਿਤਕਾਰਾਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਉਪਰੰਤ ਵਿਚਾਰ ਚਰਚਾ ਵਿਚ ਭਾਗ ਲੈਂਦੇ ਹੋਏ ਕੈਨੇਡਾ ਤੋਂ ਪ੍ਰਸਿੱਧ ਗ਼ਜ਼ਲਕਾਰ ਜਸਵਿੰਦਰ ਨੇ ਕਿਹਾ ਕਿ ਕੰਗ ਦੀ ਸ਼ਾਇਰੀ ਵਿਚ ਪੰਜਾਬੀਅਤ ਦਾ ਰੰਗ ਬਹੁਤ ਗੂੜ੍ਹਾ ਹੈ। ਗ਼ਜ਼ਲ ਦੇ ਸ਼ਿਅਰ ਸਾਂਝੇ ਹੁੰਦੇ ਹਨ ਪਰ ਕੰਗ ਨੇ ਨਿਵੇਕਲਾ ਕੰਮ ਇਹ ਕੀਤਾ ਹੈ ਕਿ ਗੀਤਾਂ ਵਿਚ ਵੀ ਗ਼ਜ਼ਲ ਵਰਗੀ ਗਹਿਰਾਈ ਪੇਸ਼ ਕੀਤੀ ਹੈ। ਉਸਨੇ ਵੱਖ-ਵੱਖ ਬਹਿਰਾਂ ਵਿਚ ਗ਼ਜ਼ਲ ਰਚ ਕੇ ਆਪਣੀ ਕਾਵਿਕ ਸਮਰੱਥਾ ਦਾ ਪ੍ਰਮਾਣ ਦਿੱਤਾ ਹੈ।ਸ਼ਪਸ਼ਟ ਅਤੇ ਰਵਾਨਗੀ ਵਾਲੀ ਸ਼ਾਇਰੀ ਦੇ ਨਾ਼ਲ-ਨਾ਼ਲ ਕਟਾਖਸ਼ ਦਾ ਰੰਗ ਵੀ ਉਸਦੀ ਸ਼ਾਇਰੀ ਦੀ ਇਕ ਹੋਰ ਪਛਾਣ ਹੈ। ਜਗਜੀਤ ਨੌਸ਼ਿਹਰਵੀ ਨੇ ਕਿਹਾ ਕਿ ਹਰਜਿੰਦਰ ਕੰਗ ਅਤੇ ਉਹ ਦੋਵੇਂ ਮੈਗਜ਼ੀਨਾਂ ਵਿਚ ਇਕੱਠੇ ਛਪੇ ਸੀ। ਕੰਗ ਦੀ ਸ਼ਾਇਰੀ ਨੂੰ ਗਹੁ ਨਾਲ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਉਸਨੇ ਠੋਸ ਕਦਮਾਂ ਨਾ਼ਲ ਸ਼ਾਇਰੀ ਦੇ ਪੜਾਅ ਸਰ ਕੀਤੇ ਹਨ।ਸੁਰਜੀਤ ਸਖੀ ਨੇ ਕਿਹਾ ਕਿ ਕੰਗ ਦੀ ਸ਼ਾਇਰੀ 'ਨਿੱਜ ਤੋਂ ਸਮੂਹ' ਅਤੇ 'ਸਮੂਹ ਤੋਂ ਨਿੱਜ' ਦੀ ਸ਼ਾਇਰੀ ਹੈ। ਆਪਣੀ ਸ਼ਾਇਰੀ ਵਿਚ ਕਦੇ ਉਹ ਤਖਤ ਹਜ਼ਾਰੇ ਦਾ ਰਾਂਝਾ ਅਤੇ ਕਦੀ ਪਹੁੰਚਿਆ ਹੋਇਆ ਫ਼ਕੀਰ ਲੱਗਦਾ ਹੈ। ਡਾ. ਗੁਰੂਮੇਲ ਸਿੱਧੂ ਨੇ ਕਿਹਾ ਕਿ ਹਰਜਿੰਦਰ ਕੰਗ ਦੀ ਸ਼ਾਇਰੀ ਧਰਤੀ ਨਾਲ ਜੁੜੀ ਹੋਈ ਸ਼ਾਇਰੀ ਹੈ। ਕੰਗ ਦੇ ਲਿਖੇ ਹੋਏ ਸ਼ਿਅਰ ਪੰਜਾਬੀ ਸਕੂਲਾਂ ਵਿਚ ਲਿਖੇ ਹੋਏ ਹਨ, ਇਸਦੇ ਸ਼ਿਅਰਾਂ 'ਤੇ ਕਾਰਟੂਨ ਵੀ ਬਣੇ ਹਨ ਅਤੇ ਕੈਲੰਡਰਾਂ 'ਤੇ ਵੀ ਛਪੇ ਹਨ। ਪੱਚੀ ਸਾਲ ਪਹਿਲਾਂ ਲਿਖੇ ਸ਼ਿਅਰ ਵੀ ਅੱਜ ਦੀ ਸਥਿਤੀ 'ਤੇ ਪੂਰੇ ਢੁੱਕਦੇ ਹਨ। ਲਾਜ ਨੀਲਮ ਸੈਣੀ ਨੇ ਕਿਹਾ ਕਿ ਹਰਜਿੰਦਰ ਕੰਗ ਸੰਵੇਦਨਸ਼ੀਲ ਸ਼ਾਇਰ ਹੋਣ ਦੇ ਨਾ਼ਲ- ਨਾ਼ਲ ਉਸਤਾਦ ਮੰਚ ਸੰਚਾਲਕ ਵੀ ਹਨ। ਉਹ ਆਪਣੀ ਕਲਮ ਨਾ਼ਲ ਸ਼ਬਦਾਂ ਦੇ ਮੋਤੀ ਜੜਦੇ ਹਨ ਅਤੇ ਬੋਲਾਂ ਨਾ਼ਲ ਪੌਣਾਂ ਵਿਚ ਰਸ ਘੋਲਦੇ ਹਨ। ਉਨ੍ਹਾਂ ਦੀ ਪ੍ਰਭਾਵਸ਼ਾਲੀ ਆਵਾਜ਼ ਦਰਸ਼ਕਾਂ ਨੂੰ ਕੀਲਣ ਦੇ ਸਮਰੱਥ ਹੈ। ਤਾਰਾ ਸਾਗਰ ਨੇ ਕਿਹਾ ਕਿ ਹਰਜਿੰਦਰ ਕੰਗ ਬਾ-ਕਮਾਲ ਸ਼ਾਇਰ ਹੈ। ਹੋਰਨਾਂ ਤੋਂ ਇਲਾਵਾ ਚਰਨਜੀਤ ਸਿੰਘ ਪਨੂੰ, ਡਾ. ਗੁਰਪ੍ਰੀਤ ਧੁੱਗਾ, ਗੁਲਸ਼ਨ ਦਿਆਲ, ਬੀਬੀ ਸੁਰਜੀਤ ਕੌਰ, ਸੁਰਜੀਤ ਟੋਰਾਂਟੋ ਅਤੇ ਪਿਆਰਾ ਸਿੰਘ ਕੁੱਦੋਵਾਲ ਨੇ ਹਰਜਿੰਦਰ ਕੰਗ ਨੂੰ ਵਧਾਈ ਪੇਸ਼ ਕੀਤੀ। ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਮੈਨੂੰ ਤਸੱਲੀ ਹੈ ਕਿ ਪ੍ਰੋ. ਸੁਰਜੀਤ ਜੱਜ ਨੇ ਅਲੋਚਨਾ ਸਾਰਥਕ ਢੰਗ ਨਾਲ ਪੇਸ਼ ਕੀਤੀ ਹੈ। ਹਰਜਿੰਦਰ ਕੰਗ ਨੇ ਵਿਪਸਾ ਅਤੇ ਪ੍ਰੋ. ਸੁਰਜੀਤ ਜੱਜ ਦਾ ਵੱਡਮੁੱਲੇ ਵਿਸ਼ਲੇਸ਼ਣ ਲਈ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਕਿਹਾ, ਉਮੇਰਾ ਉਰਦੂ ਦੀ ਗ਼ਜ਼ਲ ਨਾ਼ਲ ਗਹਿਰਾ ਰਿਸ਼ਤਾ ਹੈ। ਸ਼ਬਦਾਂ ਦੀ ਛਬੀਲ ਨਾਲ ਮੇਰੇ ਅੰਦਰ ਨਿਖਾਰ ਆਇਆ ਹੈ। ਮੇਰੀ ਸ਼ਾਇਰੀ ਪ੍ਰਵਾਨ ਹੋਈ ਹੈ ਅਤੇ ਮੈਨੂੰ ਇਸ ਗੱਲ ਦੀ ਤਸੱਲੀ ਹੈ।" ਇਸ ਉਪਰੰਤ ਡਾ. ਸੁਹਿੰਦਰਬੀਰ ਨੇ ਇਸ ਸੈਸ਼ਨ ਨੂੰ ਸਮੇਟਦੇ ਹੋਏ ਕਿਹਾ ਕਿ ਹਰਜਿੰਦਰ ਕੰਗ ਨੇ ਪਰੰਪਰਾਗਤ ਸ਼ਾਇਰੀ ਤੋਂ ਬਾਅਦ ਸਮਕਾਲੀ ਪ੍ਰਗੀਤ ਜੁਗਤ ਦੀ ਵਰਤੋਂ ਕੀਤੀ ਹੈ। ਉਸਨੇ ਮਾਂ, ਧੀ, ਭੈਣ, ਮਹਿਬੂਬਾ ਅਤੇ ਪਤਨੀ ਜਿਹੇ ਰਿਸ਼ਤਿਆਂ ਅਤੇ ਪੰਜਾਬੀ ਸਭਿਆਚਾਰ ਨੂੰ ਗਹਿਰਾਈ ਨਾ਼ਲ ਪੇਸ਼ ਕੀਤਾ ਹੈ। ਇਸ ਉਪਰੰਤ ਕਵੀ ਦਰਬਾਰ ਵਿਚ ਸੁਰਿੰਦਰ ਗੀਤ, ਪਿਆਰਾ ਸਿੰਘ ਕੁੱਦੋਵਾਲ, ਜਗਜੀਤ ਨੌਸ਼ਿਹਰਵੀ, ਕੁਲਵਿੰਦਰ, ਹਰਪ੍ਰੀਤ ਧੂਤ, ਬੀਬੀ ਸੁਰਜੀਤ ਕੌਰ, ਐਸ਼ ਕਮ ਐਸ਼, ਡਾ. ਗੁਰਪ੍ਰੀਤ ਧੁੱਗਾ ਨੇ ਆਪਣੀ ਹਾਜ਼ਰੀ ਭਰੀ। ਇਸ ਸੈਸ਼ਨ ਦਾ ਸੰਚਾਲਨ ਲਾਜ ਨੀਲਮ ਸੈਣੀ ਨੇ ਕੀਤਾ ਅਤੇ ਅਮਰਜੀਤ ਕੌਰ ਪੰਨੂੰ ਨੇ ਪ੍ਰਧਾਨਗੀ ਕਰਦੇ ਹੋਏ ਸਭ ਨੂੰ ਸ਼ਾਨਦਾਰ ਰਚਨਾਵਾਂ ਪੜ੍ਹਨ ਲਈ ਵਧਾਈ ਦਿੱਤੀ।

**ਰਿਪੋਰਟ: ਲਾਜ ਨੀਲਮ ਸੈਣੀ (ਸਹਾਇਕ ਸਕੱਤਰ)**
**ਫੋਨ:510-502-0551**

# ਵੱਡੇ ਪੱਧਰ ਤੇ ਹੋ ਰਹੇ ਸਿਜੇਰੀਅਨ ਜਣੇਪਿਆਂ ਕਾਰਨ ਮਹਿਲਾਵਾਂ ਦਾ ਹੋ ਰਿਹਾ ਸ਼ਰੀਰਕ ਅਤੇ ਆਰਥਿਕ ਸ਼ੋਸਣ

ਹਰ ਸਰਕਾਰ ਵਲੋਂ ਜੱਚਾ-ਬੱਚਾ ਸੁਰਖਿੱਆ ਸਕੀਮ ਅਧੀਨ ਗਰਭਵਤੀ ਮਹਿਲਾਵਾਂ ਲਈ ਵਿਸ਼ੇਸ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਸਰਕਾਰ ਵਲੋਂ ਜਣੇਪੇ ਦੌਰਾਨ ਮਹਿਲਾਵਾਂ ਦੀ ਮੌਤ ਦਰ ਘਟਾਉਣ ਲਈ ਸੰਸਥਾਗਤ ਜਣੇਪੇ ਕਰਵਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਅਤੇ ਇਸ ਲਈ ਹਰ ਸਾਲ ਵਿਸ਼ੇਸ ਫੰਡ ਰੱਖੇ ਅਤੇ ਖਰਚੇ ਜਾਂਦੇ ਹਨ। ਸਰਕਾਰ ਵਲੋਂ ਅਕਸਰ ਇਹ ਦਾਅਵੇ ਕੀਤੇ ਜਾਂਦੇ ਹਨ ਕਿ ਸਰਕਾਰੀ ਸਿਹਤ ਕੇਂਦਰਾਂ ਵਿੱਚ ਮੁੱਫਤ ਜਣੇਪਾ ਸਹੂਲਤਾਂ ਲਈ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਸਰਕਾਰ ਵਲੋਂ ਗਰਭਵਤੀ ਮਹਿਲਾਵਾਂ ਨੂੰ ਜਰੂਰੀ ਸਿਹਤ ਸੇਵਾਵਾਂ ਦੇਣ ਲਈ ਵਿਸੇਸ ਤੋਰ ਤੇ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰਤਿਵ ਅਭਿਆਨ ਚਲਾਇਆ ਜਾ ਰਿਹਾ ਹੈ ਜਿਸ ਅਧੀਨ ਹਰ ਮਹੀਨੇ 09 ਤਰੀਕ ਨੂੰ ਵਿਸ਼ੇਸ਼ ਕੈਂਪ ਲਗਾਏ ਜਾਂਦੇ ਹਨ ਅਤੇ ਮਹਿਲਾਵਾਂ ਨੂੰ ਕੁਆਲਟੀ ਐਂਟੀਨੇਟਲ ਸੇਵਾਵਾਂ ਦਿਤੀਆਂ ਜਾਂਦੀਆਂ ਹਨ। ਸਰਕਾਰ ਵਲੋਂ ਕਮਜੋਰ ਵਰਗ ਦੇ ਪਰਿਵਾਰਾਂ ਦੀਆਂ ਮਹਿਲਾਵਾਂ ਨੂੰ ਜਣੇਪਾ ਸਰਕਾਰੀ ਅਤੇ ਕੁੱਝ ਪ੍ਰਾਇਵੇਟ ਸਿਹਤ ਕੇਂਦਰਾਂ ਵਿੱਚ ਹੋਣ ਤੋਂ ਬਾਦ ਨਕਦ ਪ੍ਰੋ-ਤਸਾਹਨ ਰਾਸੀ ਵੀ ਦਿੱਤੀ ਜਾਂਦੀ ਹੈ। ਇਸ ਲਈ ਪੇਂਡੂ ਖੇਤਰ ਵਿੱਚ ਆਸਾ ਵਰਕਰ ਅਤੇ ਵੱਡੇ ਸ਼ਹਿਰਾਂ ਵਿੱਚ ਉਸਾਂ ਵਰਕਰ ਰੱਖੇ ਗਏ ਹਨ। ਸਰਕਾਰ ਦੀ ਕੋਸ਼ਿਸ਼ ਸਦਕਾ ਸਰਕਾਰੀ ਸਿਹਤ ਕੇਂਦਰਾਂ ਦੇ ਜਣੇਪਿਆਂ ਵਿੱਚ ਵਾਧਾ ਹੋਇਆ ਹੈ। ਇਸ ਸਭ ਦੇ ਬਾਬਜੂਦ ਬਹੁਤੇ ਜਣੇਪੇ ਪ੍ਰਾਇਵੇਟ ਸਿਹਤ ਕੇਂਦਰਾਂ ਵਿੱਚ ਹੋ ਰਹੇ ਹਨ ਅਤੇ ਇਹ ਵੱਡੀ ਚਿੰਤਾ ਦੀ ਗੱਲ ਹੈ ਕਿ ਬਹੁਤੇ ਪ੍ਰਾਇਵੇਟ ਸਿਹਤ ਕੇਂਦਰਾਂ ਵਿੱਚ ਕੁਆਲੀਫਾਇਡ ਸਟਾਫ ਅਤੇ ਜਰੂਰੀ ਸਹੂਲਤਾਂ ਦੀ ਅਣਹੋਂਦ ਦੇ ਬਾਬਜੂਦ ਵੀ ਵੱਡੀ ਗਿਣਤੀ ਵਿੱਚ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਜਣੇਪੇ ਹੋ ਰਹੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼ੋਸ਼ਲ ਵਰਕਰ ਅਤੇ ਕੰਪੇਨ ਅਗੇਂਸਟ ਮੈਡੀਕਲ ਮਾਲ ਪ੍ਰੈਕਟਿਸ ਦੇ ਆਗੂਆਂ ਕੁਲਦੀਪ ਚੰਦ, ਸਤੀਸ਼ ਕੁਮਾਰ ਅਤੇ ਮਨੋਜ ਕੁਮਾਰ ਨੇ ਦੱਸਿਆ ਕਿ ਸਿਵਲ ਸਰਜਨ ਦਫਤਰ ਰੂਪਨਗਰ ਤੋਂ ਸੂਚਨਾ ਅਧਿਕਾਰ ਅਧੀਨ ਪ੍ਰਾਪਤ ਜਾਣਕਾਰੀ ਅਨੁਸਾਰ ਜਨਵਰੀ 2021 ਤੋਂ ਜੁਲਾਈ 2021 ਦੇ ਸਮੇਂ ਦੌਰਾਨ ਜਿਲ੍ਹੇ ਵਿੱਚ ਜਣੇਪਿਆਂ ਲਈ ਸਰਕਾਰ ਵਲੋਂ 2580251.50/- ਰੁਪਏ ਪ੍ਰਾਪਤ ਹੋਏ ਹਨ ਅਤੇ 2342532/- ਰੁਪਏ ਖਰਚੇ ਗਏ ਹਨ। ਇਸ ਸਮੇਂ ਦੌਰਾਨ ਜਿਲ੍ਹੇ ਦੇ ਵੱਖ-ਵੱਖ ਸਰਕਾਰੀ ਸਿਹਤ ਕੇਂਦਰਾਂ ਵਿੱਚ 1005 ਨਾਰਮਲ ਜਣੇਪੇ ਹੋਏ ਹਨ ਅਤੇ 438 ਲੱਗਭੱਗ 30 ਫਿਸਦੀ ਸਿਜੇਰੀਅਨ ਜਣੇਪੇ ਹੋਏ ਹਨ ਜਦਕਿ ਜਿਲ੍ਹੇ ਦੇ ਵੱਖ-ਵੱਖ ਪ੍ਰਾਇਵੇਟ ਸਿਹਤ ਕੇਂਦਰਾਂ ਵਿੱਚ 3482 ਨਾਰਮਲ ਜਣੇਪੇ ਅਤੇ 5489 ਲੱਗਭੱਗ 61 ਫਿਸਦੀ ਸਿਜੇਰੀਅਨ ਜਣੇਪੇ ਹੋਏ ਹਨ। ਇਸ ਆਰਟੀਆਈ ਅਨੁਸਾਰ ਜਿਲ੍ਹੇ ਦੇ ਰੂਪਨਗਰ ਬਲਾਕ ਅਧੀਨ ਪੈਂਦੇ 11 ਪ੍ਰਾਇਵੇਟ ਸਿਹਤ ਕੇਂਦਰਾਂ ਵਿੱਚ 1821 ਨਾਰਮਲ ਜਣੇਪੇ ਹੋਏ ਹਨ ਜਦਕਿ 3183 ਜਣੇਪੇ ਸਿਜੇਰੀਅਨ ਦੁਆਰਾ ਹੀ ਹੋਏ ਹਨ ਭਾਵ ਹੈ ਕਿ ਲੱਗਭੱਗ 64 ਫਿਸਦੀ ਜਣੇਪੇ ਸਿਜੇਰੀਅਨ ਦੁਆਰਾ ਹੀ ਹੋਏ ਹਨ। ਕੀਰਤਪੁਰ ਸਾਹਿਬ ਬਲਾਕ ਅਧੀਨ ਪੈਂਦੇ 13 ਪ੍ਰਾਇਵੇਟ ਸਿਹਤ ਕੇਂਦਰਾਂ ਵਿੱਚ 528 ਨਾਰਮਲ ਜਣੇਪੇ ਹੋਏ ਹਨ ਜਦਕਿ 674 ਜਣੇਪੇ ਸਿਜੇਰੀਅਨ ਦੁਆਰਾ ਹੀ ਹੋਏ ਹਨ ਭਾਵ ਲੱਗਭੱਗ 56 ਫਿਸਦੀ ਜਣੇਪੇ ਸਿਜੇਰੀਅਨ ਦੁਆਰਾ ਹੀ ਹੋਏ ਹਨ। ਇਸ ਰਿਪੋਰਟ ਅਨੁਸਾਰ ਬਲਾਕ ਚਮਕੌਰ ਸਾਹਿਬ ਅਧੀਨ ਪੈਂਦੇ 07 ਪ੍ਰਾਇਵੇਟ ਸਿਹਤ ਕੇਂਦਰਾਂ ਵਿੱਚ ਕਿਸੇ ਤਰਾਂ ਦਾ ਕੋਈ ਵੀ ਜਣੇਪਾ ਨਹੀਂ ਹੋਇਆ ਹੈ। ਨੂਰਪੁਰ ਬੇਦੀ ਬਲਾਕ ਅਧੀਨ ਪੈਂਦੇ 13 ਪ੍ਰਾਇਵੇਟ ਸਿਹਤ ਕੇਂਦਰਾਂ ਵਿੱਚ 265 ਨਾਰਮਲ ਜਣੇਪੇ ਹੋਏ ਹਨ ਜਦਕਿ 382 ਜਣੇਪੇ ਸਿਜੇਰੀਅਨ ਦੁਆਰਾ ਹੀ ਹੋਏ ਹਨ ਭਾਵ ਲੱਗਭੱਗ 59 ਫਿਸਦੀ ਜਣੇਪੇ ਸਿਜੇਰੀਅਨ ਦੁਆਰਾ ਹੀ ਹੋਏ ਹਨ। ਸ਼੍ਰੀ ਅਨੰਦਪੁਰ ਸਾਹਿਬ ਅਧੀਨ ਪੈਂਦੇ 09 ਪ੍ਰਾਇਵੇਟ ਸਿਹਤ ਕੇਂ-ਦਰਾਂ ਵਿੱਚ 868 ਨਾਰਮਲ ਜਣੇਪੇ ਹੋਏ ਹਨ ਜਦਕਿ 1250 ਜਣੇਪੇ ਸਿਜੇਰੀਅਨ ਦੁਆਰਾ ਹੀ ਹੋਏ ਹਨ ਭਾਵ 59 ਫਿਸਦੀ ਜਣੇਪੇ ਸਿਜੇਰੀਅਨ ਦੁਆਰਾ ਹੀ ਹੋਏ ਹਨ। ਇਸ ਜਾਣਕਾਰੀ ਅਨੁਸਾਰ ਜਿਲ੍ਹੇ ਅਧੀਨ ਪੈਂਦੇ ਕਈ ਸਿਹਤ ਕੇਂਦਰਾਂ ਵਿੱਚ 50 ਫਿਸਦੀ ਤੋਂ ਵੱਧ ਜਣੇਪੇ ਸਿਜੇਰੀਅਨ ਦੁਆਰਾ ਹੀ ਹੋਏ ਹਨ ਜਿਨ੍ਹਾਂ ਵਿੱਚ ਕਟਾਰੀਆ ਨਰਸਿੰਗ ਹੋਮ ਕੀਰਤਪੁਰ ਸਾਹਿਬ ਵਿੱਚ 100 ਫਿਸਦੀ, ਚੌਧਰੀ ਹਸਪਤਾਲ ਨੁਰਪੁਰ ਬੇਦੀ ਵਿੱਚ 93 ਫਿਸਦੀ, ਆਸਥਾ ਹਸਪਤਾਲ ਨੁਰਪੁਰ ਬੇਦੀ ਵਿੱਚ 87 ਫਿਸਦੀ, ਕਿਰਨਜੀਤ ਨਰਸਿੰਗ ਹੋਮ/ਦਸ਼ਮੇਸ਼ ਹੈਲਥ ਕੇਅਰ ਹਸਪਤਾਲ ਰੋਪੜ੍ਹ ਵਿੱਚ 76 ਫਿਸਦੀ, ਕਿਰਨ ਨਰਸਿੰਗ ਹੋਮ ਨੁਰ-ਪੁਰ ਬੇਦੀ ਵਿੱਚ 69 ਫਿਸਦੀ, ਲਾਇਫ ਕੇਅਰ ਨੁਰਪੁਰ ਬੇਦੀ ਅਤੇ ਕਮਲ ਨਰਸਿੰਗ ਹੋਮ ਸਨ ਸਿਟੀ ਰੋਪੜ੍ਹ ਵਿੱਚ 65 ਫਿਸਦੀ, ਸਿਟੀ ਹੈਲਥ ਕੇਅਰ ਸੈਂਟਰ ਸ਼੍ਰੀ ਅਨੰਦਪੁਰ ਸਾਹਿਬ ਵਿੱਚ 64 ਫਿਸਦੀ, ਪੰਨੂ ਨਰਸਿੰਗ ਹੋਮ ਰੋਪੜ੍ਹ ਵਿੱਚ 63 ਫਿਸਦੀ, ਬਾਵੇਜਾ ਨਰਸਿੰਗ ਹੋਮ ਰੋਪੜ੍ਹ ਅਤੇ ਏਕਨੂਰ ਨਰਸਿੰਗ ਹੋਮ ਸ਼੍ਰੀ ਅਨੰਦਪੁਰ ਸਾਹਿਬ ਵਿੱਚ 61 ਫਿਸਦੀ, ਸਵਾਸਤਿਕ ਆਰੋਗਿਆ ਨਰਸਿੰਗ ਹੋਮ ਵਿੱਚ 60 ਫਿਸਦੀ, ਜਸ ਹਸਪਤਾਲ ਵਿੱਚ 58 ਫਿਸਦੀ, ਸਾਂਈ ਹਸਪਤਾਲ ਅਨੰਦਪੁਰ ਸਾਹਿਬ 57 ਫਿਸਦੀ, ਆਰ ਕੇ ਹਸਪਤਾਲ ਕੀਰਤਪੁਰ ਸਾਹਿਬ 56 ਫਿਸਦੀ, ਲਾਇਫ ਲਾਇਨ ਹਸਪਤਾਲ ਵਿੱਚ 51 ਫਿਸਦੀ ਜਣੇਪੇ ਸਿਜੇਰੀਅਨ ਦੁਆਰਾ ਹੀ ਹੋਏ ਹਨ। ਜਿਲ੍ਹੇ ਦੇ ਵੱਖ-ਵੱਖ ਪ੍ਰਾਇਵੇਟ ਸਿਹਤ ਕੇਂਦਰਾਂ ਵਿੱਚ ਸਿਜੇਰ-ੀਅਨ ਦੁਆਰਾ ਜਣੇਪਿਆਂ ਦੀ ਇਹ ਗਿਣਤੀ ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਅਤੇ ਹਦਾਇਤਾਂ ਨੂੰ ਵੀ ਖੁੱਲਾ ਚੈਲੇਂਜ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਸਿਜੇਰੀਅਨ ਦੁਆਰਾ ਜਣੇਪਿਆਂ ਦੀ ਗਿਣਤੀ 10-15 ਫਿਸਦੀ ਤੱਕ ਹੋਣੀ ਚਾਹੀਦੀ ਹੈ ਅਤੇ ਜੇਕਰ ਇਸਤੋਂ ਵੱਧਦੇ ਹਨ ਤਾਂ ਇਸ ਸਬੰਧੀ ਵਿਸ਼ੇਸ ਧਿਆਨ ਦੇਣ ਦੀ ਜਰੂਰਤ ਹੈ।




ਰੂਪਨਗਰ ਜਿਲ੍ਹੇ ਵਿੱਚ ਜਣੇਪਿਆਂ ਸਬੰਧੀ ਪ੍ਰਾਪਤ ਆਰਟੀਆਈ ਦੀ ਜਾਣਕਾਰੀ ਦਿੰਦੇ ਹੋਏ ਆਗੂ

ਲੈਂਸੇਟ ਦੀ 2018 ਵਿੱਚ ਜਾਰੀ ਰਿਪੋਰਟ ਅਨੁਸਾਰ ਵਿਸ਼ਵ ਦੇ ਵਿਕਸਿਤ ਭਾਗਾਂ ਅਮਰੀਕਾ ਵਿੱਚ ਸਿਜੇਰੀਅਨ ਜਣੇਪਿਆਂ ਦੀ ਗਿਣਤੀ 30-35 ਫਿਸਦੀ ਰਹੀ ਹੈ ਅਤੇ ਯੂਰਪ ਵਿੱਚ 25 ਫਿਸਦੀ ਰਹੀ ਹੈ। ਭਾਰਤ ਸਬੰਧੀ ਅੰਤਰਰਾਸਟਰੀ ਰਿਪੋਰਟਾਂ ਅਨੁਸਾਰ ਵੀ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਜਣੇਪਿਆਂ ਦੀ ਗਿਣਤੀ ਸਾਲ 2000 ਵਿੱਚ ਸਿਰਫ 12 ਫਿਸਦੀ ਸੀ। ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ ਅਨੁਸਾਰ ਭਾਰਤ ਵਿੱਚ ਸਿਜੇਰੀਅਨ ਜਣੇਪਿਆਂ ਦੀ ਗਿਣਤੀ ਲੱਗਭੱਗ 17.2 ਫਿਸਦੀ ਰਹੀ ਹੈ। ਨੀਤੀ ਆਯੋਗ ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਇਹ ਗਿਣਤੀ ਲੱਗਭੱਗ 34 ਫਿਸਦੀ ਹੈ। ਭਾਰਤ ਦੇ ਉੱਤਰ-ਪੂਰਬੀ ਰਾਜਾਂ ਮੇਘਾਲਿਆ, ਉੱਤਰਾਖੰਡ, ਮਨੀਪੁਰ ਆਦਿ ਵਿੱਚ ਸਿਜੇਰੀਅਨ ਦੁਆਰਾ ਜਣੇਪਿਆਂ ਦੀ ਦਰ 5-10 ਫਿਸਦੀ ਹੀ ਹੈ ਅਤੇ ਇਹ ਵੀ ਸੱਚ ਹੈ ਕਿ ਇਨ੍ਹਾਂ ਸੂਬਿੱਆਂ ਦੇ ਬੱਚੇ ਬਾਕੀ ਸੂਬਿਆਂ ਦੇ ਮੁਕਾਬਲੇ ਵੱਧ ਤੰਦਰੁਸਤ ਅਤੇ ਫਿੱਟ ਰਹਿੰਦੇ ਹਨ। ਸਿਹਤ ਪੱਖੋਂ ਬਿਮਾਰੂ ਰਾਜਾਂ ਦਾ ਦਰਜਾ ਹਾਸਲ ਕਰ ਚੁੱਕੇ ਬਿਹਾਰ ਅਤੇ ਉੱਤਰ ਪ੍ਰਦੇਸ਼ ਵਿੱਚ ਵੀ ਇਹ ਦਰ 5-10 ਫਿਸਦੀ ਹੀ ਹੈ।

ਵੱਖ-ਵੱਖ ਸਿਹਤ ਮਾਹਿਰਾਂ ਅਨੁਸਾਰ ਸਿਜੇਰੀਅਨ ਦੁਆਰਾ ਜਣੇਪਿਆਂ ਦੀ ਗਿਣਤੀ ਵੱਧਣ ਨਾਲ ਮਾਂਵਾਂ ਅਤੇ ਨਵਜੰਮੇ ਬੱਚਿਆਂ ਦੀ ਮੌਤ ਦਰ ਘਟਾਉਣ ਦਾ ਉਦੇਸ਼ ਪੂਰਾ ਕਰਨਾ ਅਸੰਭਵ ਹੈ। ਸਿਜੇਰੀਅਨ ਜਣੇਪਿਆਂ ਕਾਰਨ ਬੱਚਿਆਂ ਵਿੱਚ ਸਾਹ ਦੇ ਰੋਗ, ਮੋਟਾਪਾ ਆਦਿ ਵੱਧਦੇ ਹਨ ਅਤੇ ਇਸ ਕਾਰਨ ਮਾਂ ਦਾ ਦੁੱਧ ਵੀ ਕਈ ਦਿਨਾਂ ਬਾਦ ਮਿਲਦਾ ਹੈ। ਸਿਜੇਰੀਅਨ ਜਣੇਪਿਆਂ ਕਾਰਨ ਮਹਿਲਾਵਾਂ ਵਿੱਚ ਇੱਕ ਤੋਂ ਡੇਢ ਯੂਨਿਟ ਖੂਨ ਦਾ ਨੁਕਸਾਨ ਹੁੰਦਾ ਹੈ ਅਤੇ ਖਤਰਨਾਕ ਗਰਭ, ਗਰਭਪਾਤ ਹੋਣ, ਬਾਂਝਪਣ, ਮਰੇ ਬੱਚੇ ਪੈਦਾ ਹੋਣਾ, ਪਿੱਠ ਵਿੱਚ ਦਰਦ ਰਹਿਣਾ, ਖੂਨ ਵਗਣ ਦੀ ਸਮੱਸਿਆ ਰਹਿਣਾ ਆਦਿ ਗੰਭੀਰ ਸਮੱਸਿਆਵਾਂ ਵੱਧਦੀਆਂ ਹਨ।

ਸਿਜੇਰੀਅਣ ਜਣੇਪਿਆਂ ਵਿੱਚ ਨਾਰਮਲ ਜਣੇਪੇ ਦੇ ਮੁਕਾਬਲੇ ਵੱਧ ਦਿਨਾਂ ਲਈ ਹਸਪਤਾਲ ਰਹਿਣਾ ਪੈਂਦਾ ਹੈ ਅਤੇ ਬਾਦ ਵਿੱਚ ਵੀ ਦਵਾਈਆਂ ਖਾਣੀਆਂ ਪੈਂਦੀਆਂ ਹਨ ਜਿਸ ਕਾਰਨ ਕਾਫੀ ਆਰਥਿਕ ਨੁਕਸਾਨ ਹੁੰਦਾ ਹੈ। ਇਨ੍ਹਾਂ ਆਗੂਆਂ ਦੱਸਿਆ ਕਿ ਰੂਪਨਗਰ ਜਿਲ੍ਹੇ ਵਿੱਚ ਵਿਸ਼ਵ ਪੱਧਰ ਤੋਂ ਵੀ ਵੱਧ ਸਿਜੇਰੀਅਨ ਜਣੇਪਿਆਂ ਸਬੰਧੀ ਹੋਰ ਜਾਣਕਾਰੀ ਲਈ ਜਦੋਂ ਪ੍ਰਾਇਵੇਟ ਸਿਹਤ ਕੇਂਦਰਾਂ ਦੇ ਕੁੱਝ ਸੰਚਾਲਕਾ ਨਾਲ ਗੱਲ ਕੀਤੀ ਤਾਂ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ ਜਿਸ ਅਭੁਸਾਰ ਕੁੱਝ ਸਿਹਤ ਕੇਂਦਰਾਂ ਕੋਲ ਇਸ ਲਈ ਜਰੂਰੀ ਅਪ੍ਰੇਸਨ ਥਿਏਟਰ ਤੱਕ ਨਹੀਂ ਹੈ ਅਤੇ ਨਾਂ ਹੀ ਸਿਜੇਰੀਅਨ ਕਰਨ ਲਈ ਕੋਈ ਵੀ ਯੋਗ ਡਾਕਟਰ ਹੈ। ਇਸ ਸਬੰਧੀ ਕੁੱਝ ਸਿਹਤ ਕੇਂਦਰਾਂ ਦੇ ਸੰਚਾਲਕਾ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਉਨ੍ਹਾਂ ਦੇ ਸਿਹਤ ਕੇਂਦਰ ਵਿੱਚ ਕੋਈ ਸਿਜੇਰੀਅਨ ਨਹੀਂ ਹੁੰਦਾ ਹੈ ਅਤੇ ਉਨ੍ਹਾਂ ਦੇ ਸਿਹਤ ਕੇਂਦਰ ਵਿੱਚ ਦੱਸੇ ਗਏ ਸਿਜੇਰੀਅਨ ਜਣੇਪਿਆਂ ਬਾਰੇ ਸਾਫ ਮਨ੍ਹਾਂ ਕਰ ਦਿੱਤਾ। ਦੱਸਣਯੋਗ ਹੈ ਕਿ ਸਿਜੇਰੀਅਨ ਦੁਆਰਾ ਜਣੇਪਾ ਗਾਇਨਾਕੋਲੋਜਿਸਟ ਡਾਕਟਰ ਹੀ ਕਰ ਸਕਦਾ ਹੈ ਅਤੇ ਸਿਰਫ ਕੁੱਝ ਗੰਭੀਰ ਅਤੇ ਐਮਰਜੈਂਸੀ ਹਾਲਤ ਵਿੱਚ ਹੀ ਜਨਰਲ ਸਰਜਨ ਨੂੰ ਕਰਨ ਦਾ ਅਧਿਕਾਰ ਹੈ।

ਇੱਕ ਹਸਪਤਾਲਾਂ ਵਲੋਂ ਜਿਸ ਡਾਕਟਰ ਦਾ ਨਾਮ ਮਹਿਲਾ ਰੋਗ ਮਾਹਿਰ ਦੁਆਰਾ ਸਿਜੇਰੀਅਨ ਕੀਤੇ ਜਾਣ ਬਾਰੇ ਦੱਸਿਆ ਗਿਆ ਉਸ ਡਾਕਟਰ ਨੇ ਸਾਫ ਮਨ੍ਹਾਂ ਕਰ ਦਿਤਾ ਅਤੇ ਕਿਹਾ ਕਿ ਉਹ ਕਦੇ ਕਦੇ ਸਿਰਫ ਓਪੀਡੀ ਹੀ ਕਰਦੇ ਹਨ ਅਤੇ ਕੋਈ ਵੀ ਸਿਜੇਰੀਅਨ ਜਣੇਪਾ ਨਹੀਂ ਕੀਤਾ ਹੈ। ਇਸੇ ਤਰਾਂ ਹੀ ਇੱਕ ਹੋਰ ਜਨਰਲ ਸਰਜਨ ਡਾਕਟਰ ਨੇ ਤਾਂ ਇਹ ਕਿਹਾ ਹੈ ਕਿ ਉਹ ਕਦੇ ਸਿਰਫ ਐਮਰਜੈਂਸੀ ਵਿੱਚ ਹੀ ਸਿਜੇਰੀਅਨ ਜਣੇਪਾ ਕਰਦੇ ਹਨ ਅਤੇ ਬਹੁਤੇ ਹਸਪਤਾਲਾਂ ਵਿੱਚ ਸਿਜੇਰੀਅਨ ਜਣੇਪੇ ਇਲਾਕੇ ਦਾ ਬੇਹੋਸ਼ੀ ਵਾਲਾ ਇੱਕ ਡਾਕਟਰ ਹੀ ਕਰ ਰਿਹਾ ਹੈ। ਇਸ ਸਬੰਧੀ ਗਾਇਨਾਕਾਲੋਜਿਸਟ ਐਸੋਸਿਏਸ਼ਨ ਫੋਗਸੀ ਦੇ ਪੰਜਾਬ ਆਗੂ ਡਾਕਟਰ ਸੁਜਾਤਾ ਸ਼ਰਮਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਫੈਡਰੇਸ਼ਨ ਗਾਇਨਾਕਾਲੋਜਿਸਟਾਂ ਦੇ ਅਧਿਕਾਰਾਂ ਲਈ ਕੰਮ ਕਰ ਰਹੀ ਹੈ ਅਤੇ ਜੇਕਰ ਕੋਈ ਹੋਰ ਵਿਅਕਤੀ ਇਸ ਤਰਾਂ ਦੇ ਸਿਜੇਰੀਅਨ ਜਣੇਪੇ ਕਰਦਾ ਹੈ ਤਾਂ ਉਸ ਸਬੰਧੀ ਸਰਕਾਰ ਨੂੰ ਠੋਸ ਕਦਮ ਚੁੱਕਣੇ ਚਾਹੀਦੇ ਹਨ। ਇਸ ਸਬੰਧੀ ਆਈ ਐਮ ਏ ਦੇ ਆਗੂ ਡਾਕਟਰ ਅਜੇ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਤਰਾਂ ਹੋ ਰਹੇ ਸਿਜੇਰੀਅਨ ਜਣੇਪੇ ਗੰਭੀਰ ਚਿੰਤਾ ਦਾ ਵਿਸ਼ਾ ਹੈ ਅਤੇ ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਸਬੰਧੀ ਜਦੋਂ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾਕਟਰ ਗਾਇਤਰੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਪ੍ਰਾਇਵੇਟ ਸਿਹਤ ਕੇਂਦਰਾਂ ਵਿੱਚ ਹੋ ਰਹੇ ਇਸ ਤਰਾਂ ਸਿਜੇਰੀਅਨ ਜਣੇਪਿਆਂ ਬਾਰੇ ਕੋਈ ਕਰਵਾਈ ਨਹੀਂ ਕਰ ਸਕਦੇ ਹਨ। ਇਸ ਸਬੰਧੀ ਸਿਵਲ ਸਰਜਨ ਡਾਕਟਰ ਪਰਮਿੰਦਰ ਕੁਮਾਰ ਨੇ ਦੱਸਿਆ ਕਿ ਉਹ ਇਸ ਸਬੰਧੀ ਜਲਦੀ ਹੀ ਜਾਂਚ ਕਰਕੇ ਗੈਰ ਕਨੂੰਨੀ ਸਿਜੇਰੀਅਨ ਜਣੇਪੇ ਕਰਨ ਵਾਲੇ ਸਿਹਤ ਕੇਂਦਰਾਂ ਖਿਲਾਫ ਬਣਦੀ ਕਾਰਵਾਈ ਕਰਨਗੇ। ਇਨ੍ਹਾਂ ਆਗੂਆਂ ਨੇ ਕਿਹਾ ਕਿ ਕੁੱਝ ਸਰਕਾਰੀ ਅਧਿਕਾਰੀਆਂ ਦੀ ਅਣਗਹਿਲੀ ਅਤੇ ਮਿਲੀਭੁੱਗਤ ਨਾਲ ਮਹਿਲਾਵਾਂ ਦੀ ਸਿਹਤ ਨਾਲ ਹੋ ਰਹੇ ਖਿਲਵਾੜ੍ਹ ਸਬੰਧੀ ਇਲਾਕੇ ਦੇ ਲੋਕਾਂ ਨੂੰ ਨਾਲ ਲੈਕੇ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਤਾਂ ਜੋ ਮਹਿਲਾਵਾਂ ਦੇ ਸਿਹਤ ਅਧਿ-ਕਾਰਾਂ ਦੀ ਰਾਖੀ ਹੋ ਸਕੇ।

**ਕੁਲਦੀਪ ਚੰਦ 91-94175-63054**

# ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਤੋਂ ਸੇਧ ਲਵੇ ਅਜੋਕੀ ਪੀੜ੍ਹੀ - ਅਨੀਤਾ ਸੋਮ ਪ੍ਰਕਾਸ਼

## ਭਗਵਾਨ ਵਾਲਮੀਕਿ ਮੰਦਰ ਹਦੀਆਬਾਦ ਤੋਂ ਸਜਾਈ ਵਿਸ਼ਾਲ ਸ਼ੋਭਾ ਯਾਤਰਾ

**ਫਗਵਾੜਾ (ਬੀ ਕੇ ਰੱਤੂ )** ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਮੌਕੇ ਅੱਜ ਹਦੀਆਬਾਦ ਸਥਿਤ ਭਗਵਾਨ ਵਾਲਮੀਕਿ ਮੰਦਰ ਤੋਂ ਸਜਾਈ ਗਈ ਵਿਸ਼ਾਲ ਸ਼ੋਭਾ ਯਾਤਰਾ ਵਿਚ ਕੇਂਦਰੀ ਰਾਜ ਮੰਤਰੀ ਸ੍ਰੀ ਸੋਮ ਪ੍ਰਕਾਸ਼ ਕੈਂਥ ਦੀ ਧਰਮ ਪਤਨੀ ਸ੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਦਿਆਂ ਫੁੱਲਾਂ ਨਾਲ ਸਜਾਈ ਸੁੰਦਰ ਪਾਲਕੀ ਵਿਚ ਸੁਸ਼ੋਭਿਤ ਭਗਵਾਨ ਵਾਲਮੀਕਿ ਜੀ ਦੀ ਪ੍ਰਤੀਮਾ ਅੱਗੇ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਉਹਨਾਂ ਸਮੂਹ ਫਗਵਾੜਾ ਵਾਸੀਆਂ ਨੂੰ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਨੇ ਯੁਗਾਂ ਪਹਿਲਾਂ ਆਪਣੀਆਂ ਰਚਨਾਵਾਂ ਰਾਹੀਂ ਧਰਮ ਦਾ ਜੋ ਸੁਨੇਹਾ ਸੰਸਾਰ ਨੂੰ ਦਿੱਤਾ ਸੀ, ਅੱਜ ਵੀ ਉਹ ਓਨਾ ਹੀ ਸਾਰਥਕ ਹੈ। ਸਾਨੂੰ ਸਾਰਿਆਂ ਨੂੰ ਭਗਵਾਨ ਵਾਲਮੀਕਿ ਜੀ ਦੀਆਂ



ਸਿੱਖਿਆਵਾਂ ਤੋਂ ਪ੍ਰੇਰਣਾ ਲੈ ਕੇ ਸੱਚ, ਹੱਕ ਤੇ ਧਰਮ ਦੇ ਮਾਰਗ ਤੇ ਚੱਲਣਾ ਚਾਹੀਦਾ ਹੈ। ਇਸ ਮੌਕੇ ਪ੍ਰਬੰਧਕਾਂ ਕ੍ਰਿਸ਼ਨ ਕੁਮਾਰ ਹੀਰੋ ਅਤੇ ਹੋਰਨਾਂ ਨੇ ਸ੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਤੋਂ ਇਲਾਵਾ ਸਾਬਕਾ ਮੇਅਰ ਅਰੁਣ ਖੋਸਲਾ, ਮੰਡਲ ਭਾਜਪਾ ਫਗਵਾੜਾ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ ਚਾਚੋਕੀ ਸਮੇਤ ਉਹਨਾਂ ਦੇ ਨਾਲ ਸ਼ੋਭਾ ਯਾਤਰਾ ਵਿਚ ਸ਼ਾਮਲ ਹੋਏ ਪਤਵੰਤਿਆਂ ਨੂੰ ਸਿਰੋਪੇ ਪਾ ਕੇ ਸਨਮਾਨਤ ਕੀਤਾ। ਇਸ ਮੌਕੇ ਸਾਬਕਾ ਕੌਂਸਲਰ ਰੋਹਿਤ ਪਾਠਕ, ਚੰਦਰੇਸ਼ ਕੌਲ, ਭਾਜਯੁਮੋ ਦੇ ਜਿਲ੍ਹਾ ਜਨਰਲ ਸਕੱਤਰ ਨਿਤਿਨ ਚੱਢਾ, ਪਵਨ ਕੁਮਾਰ, ਮਨਿੰਦਰ ਕੌਰ, ਰੀਨਾ ਖੋਸਲਾ, ਮਨੀਸ਼ ਚੌਧਰੀ, ਅਨੁਰਾਗ ਮਨਖੰਡ, ਰਵੀ ਮੰਗਲ, ਕੁਸ਼ ਖੋਸਲਾ, ਪ੍ਰਮੋਦ ਮਿਸ਼ਰਾ, ਰਾਜਪਾਲ ਘਈ, ਮਹਿੰਦਰ ਥਾਪਰ, ਵਿਪਨ ਮਦਾਨ, ਰੋਸ਼ਨ ਕੁਮਾਰ, ਆਸ਼ੂ ਘਈ, ਲੱਕੀ ਸਰਵਟਾ, ਜਸਵਿੰਦਰ ਕੌਰ, ਚੰਦਾ ਮਿਸ਼ਰਾ, ਭਾਰਤੀ ਸ਼ਰਮਾ, ਬੀਰਾ ਰਾਮ ਬਲਜੋਤ, ਪਿੰਦਾ, ਡਾਬਰੀ ਜੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਸ਼ਰਧਾਲੂ ਸੰਗਤਾਂ ਹਾਜਰ ਸਨ।

# ਪੁਰ ਹੀਰਾਂ (ਹੁਸ਼ਿਆਰ ਪੁਰ) ਦਾ ਨੌਜਵਾਨ ਹੋਇਆ ਯੂਐੱਸਏ ਦੀ ਫ਼ੌਜ ਵਿੱਚ ਭਰਤੀ



ਹੁਸ਼ਿਆਰ ਪੁਰ ਜ਼ਿਲ੍ਹੇ ਨੂੰ ਉਦੋਂ ਭਰਪੂਰ ਮਾਣ ਪ੍ਰਾਪਤ ਹੋਇਆ ਜਦੋਂ ਪੁਰ ਹੀਰਾਂ ਦਾ ਜੰਮਪਲ ਨੌਜਵਾਨ ਇਬਾਦਤ ਪ੍ਰੀਤ ਸਿੰਘ ਢੱਟ (19) ਯੂ।ਐੱਸ।ਏ। ਦੀ ਫੌਜ ਵਿੱਚ ਭਰਤੀ ਹੋਇਆ ਹੈ । ਇਸ ਦੇ ਪਿਤਾ ਇਕਵਿੰਦਰ ਸਿੰਘ ਢੱਟ ਤੇ ਮਾਤਾ ਚਰਨਜੀਤ ਕੌਰ ਢੱਟ ਦੋਵੇਂ ਕਿੱਤੇ ਵਜੋਂ ਪੰਜਾਬ ਵਿੱਚ ਅਧਿਆਪਕ ਸਨ ਤੇ ਹੁਣ ਯੂਐੱਸਏ। ਵਿੱਚ ਰਹਿ ਰਹੇ ਹਨ।

# ਭੁੱਖ ਨਾਲ ਤੜ੍ਹਫ ਰਹੇ ਬੱਚੇ ਨੂੰ ਪਰਿਵਾਰ ਨੇ 37 ਹਜ਼ਾਰ 'ਚ ਵੇਚਿਆ

ਕਾਬੁਲ- ਅਫਗਾਨਿਸਤਾਨ ਬੁਰੇ ਦੌਰ 'ਚੋਂ ਗੁਜ਼ਰ ਰਿਹਾ ਹੈ। ਦੇਸ਼ ਦੇ ਲੋਕ ਦੁਨੀਆ ਦੇ ਸਭ ਤੋਂ ਵੱਡੇ ਮਨੁੱਖੀ ਸੰਕਟ ਦਾ ਸਾਹਮਣਾ ਕਰ ਰਹੇ ਹਨ। ਅਗਸਤ ਵਿਚ ਤਾਲਿਬਾਨ ਵੱਲੋਂ ਦੇਸ਼ ਵਿਚ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਸਥਿਤੀ ਤੇਜ਼ੀ ਨਾਲ ਵਿਗੜਨ ਲੱਗੀ। ਦੇਸ਼ ਵਿਚ ਬੁਨਿਆਦੀ ਸਹੂਲਤਾਂ ਦੀ ਘਾਟ ਹੈ ਤੇ ਲੋਕ ਭੁੱਖਮਰੀ ਨਾਲ ਜੂਝ ਰਹੇ ਹਨ। ਭੋਜਨ ਲਈ ਭੁੱਖਾ ਵਿਅਕਤੀ ਕਿਸੇ ਵੀ ਹੱਦ ਨੂੰ ਪਾਰ ਕਰ ਸਕਦਾ ਹੈ ਤੇ ਇਸ ਤਰ੍ਹਾਂ ਇਕ ਅਫਗਾਨ ਪਰਿਵਾਰ ਨੇ ਕੀਤਾ। ਆਪਣੇ ਬਾਕੀ ਬੱਚਿਆਂ ਨੂੰ ਭੁੱਖੇ ਮਰਨ ਤੋਂ ਬਚਾਉਣ ਲਈ ਇਕ ਮਾਂ ਨੇ ਆਪਣੀ ਬੱਚੀ ਨੂੰ ਵੇਚਿਆ।

ਰਿਪੋਰਟ 'ਚ ਉਸ ਦੀ ਪਛਾਣ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਬੱਚੇ ਨੂੰ ਵੇਚਣ ਵਾਲੀ ਮਾਂ ਕਹਿ-ਦੀ ਹੈ, 'ਮੇਰੇ ਬਾਕੀ ਬੱਚੇ ਭੁੱਖੇ ਮਰ ਰਹੇ ਸਨ, ਇਸ ਲਈ ਸਾਨੂੰ ਆਪਣੀ ਬੱਚੀ ਨੂੰ ਵੇਚਣਾ ਪਿਆ। ਮੈਨੂੰ ਇਸ ਲਈ ਬਹੁਤ ਅਫ਼ਸੋਸ ਹੈ ਕਿਉਂਕਿ ਉਹ ਮੇਰੀ ਬੱਚੀ ਹੈ।



ਕਾਸ਼ ਮੈਨੂੰ ਆਪਣੀ ਧੀ ਨੂੰ ਵੇਚਣ ਦੀ ਲੋੜ ਨਾ ਪੈਂਦੀ। ਕੁੜੀ ਦਾ ਪਿਤਾ ਕੂੜਾ ਚੁੱਕਣ ਦਾ ਕੰਮ ਕਰਦਾ ਹੈ ਪਰ ਇਸ ਤੋਂ ਕੋਈ ਪੈਸਾ ਨਹੀਂ ਕਮਾਉਂਦਾ। ਉਸ ਨੇ ਕਿਹਾ, 'ਅਸੀਂ ਭੁੱਖੇ ਹਾਂ, ਸਾਡੇ ਘਰ ਨਾ ਆਟਾ ਤੇ ਨਾ ਹੀ ਤੇਲ ਸਾਡੇ ਕੋਲ ਕੁਝ ਨਹੀਂ ਹੈ।

ਉਸ ਨੇ ਕਿਹਾ, 'ਮੇਰੀ ਬੇਟੀ ਨੂੰ ਨਹੀਂ ਪਤਾ ਕਿ ਉਸ ਦਾ ਭਵਿੱਖ ਕੀ ਹੋਵੇਗਾ। ਮੈਨੂੰ ਨਹੀਂ ਪਤਾ ਕਿ ਉਹ ਇਸ ਬਾਰੇ ਕਿਵੇਂ ਮਹਿਸੂਸ ਕਰੇਗੀ ਪਰ ਮੈਨੂੰ ਕਰਨਾ ਪਿਆ। ਬੱਚੇ ਦੀ ਉਮਰ ਅਜੇ ਕੁਝ ਮਹੀਨੇ ਹੀ ਹੈ। ਜਦੋਂ ਉਹ ਤੁਰਨਾ ਸ਼ੁਰੂ ਕਰੇਗੀ ਤਾਂ ਖਰੀਦਦਾਰ ਉਸ ਨੂੰ ਚੁੱਕ ਲਵੇਗਾ। ਉਸ ਵਿਅਕਤੀ ਨੇ ਬੱਚੀ ਨੂੰ ਖਰੀਦਣ ਲਈ ਲਗਭਗ 500 ਡਾਲਰ ਦਾ ਭੁਗਤਾਨ ਕੀਤਾ ਹੈ। ਇਸ ਨਾਲ ਪਰਿਵਾਰ ਕੁਝ ਮਹੀਨਿਆਂ ਲਈ ਆਪਣਾ ਖਰਚਾ ਪੂਰਾ ਕਰ ਸਕਦਾ ਹੈ। ਖਰੀਦਦਾਰ ਨੇ ਪਰਿਵਾਰ ਨੂੰ ਕਿਹਾ ਹੈ ਕਿ ਉਹ ਲੜਕੀ ਦਾ ਵਿਆਹ ਉਸ ਦੇ ਲੜਕੇ ਨਾਲ ਕਰ ਦੇਵੇਗਾ ਪਰ ਇਸ ਵਾਅਦੇ 'ਤੇ ਕੋਈ ਵਿਸ਼ਵਾਸ ਨਹੀਂ ਕਰ ਸਕਦਾ।

# ਪੰਜਾਬ ਸਰਕਾਰ ਨੇ ਸੂਬੇ 'ਚ ਪਟਾਕੇ ਆਤਿਸ਼ਬਾਜ਼ੀ ਚਲਾਉਣ ਤੇ ਪਾਬੰਦੀ

ਚੰਡੀਗੜ੍ਹ- ਪੰਜਾਬ ਸਰਕਾਰ ਨੇ ਦੀਵਾਲੀ ਮੌਕੇ ਪਟਾਕੇ ਤੇ ਆਤਿਸ਼ਬਾਜੀ ਚਲਾਉਣ ਨਾਲ ਪ੍ਰਦੂਸ਼ਣ ਫੈਲਣ ਤੋ ਰੋਕਣ ਲਈ ਪਟਾਕੇ ਵੇਚਣ ਤੇ ਚਲਾਉਣ 'ਤੇ ਪਾਬੰਦੀ ਲਾ ਦਿੱਤੀ ਹੈ। ਸਾਇੰਸ ਅਤੇ ਟੈਕਨਾਲੋਜੀ ਵਿਭਾਗ ਦੇ ਪ੍ਰਮੁੱਖ ਸਕੱਤਰ ਦਲੀਪ ਕੁਮਾਰ ਨੇ ਜਾਰੀ ਹੁਕਮਾਂ ਵਿਚ ਕਿਹਾ ਹੈ ਕਿ ਸੁਪਰੀਮ ਕੋਰਟ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ



(ਐੱਨਜੀਟੀ )ਦੇ ਨਿਰਦੇਸ਼ ਦੇ ਮੱਦੇਨਜ਼ਰ ਸਰਕਾਰ ਨੇ ਇਹ ਫ਼ੈਸਲਾ ਲਿਆ ਹੈ । ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕੇਵਲ ਗ੍ਰੀਨ ਪਟਾਖੇ ਚਲਾਉਣ ਦੀ ਆਗਿਆ ਹੋਵੇਗੀ । ਗ੍ਰੀਨ ਪਟਾਕੇ ਚਲਾਉਣ ਲਈ ਕੇਵਲ ਦੋ ਘੰਟੇ ਦਾ ਸਮਾਂ ਤੈਅ ਕੀਤਾ ਗਿਆ ਹੈ ਦੀਵਾਲੀ ਤੋਂ ਇਲਾਵਾ ਇਹ ਹੁਕਮ ਗੁਰਪੁਰਬ, ਕ੍ਰਿਸਮਸ ਅਤੇ ਨਵੇਂ ਸਾਲ ਤੇ ਵੀ ਲਾਗੂ ਹੋਣਗੇ ।ਪਟਾਕਿਆਂ ਦੀ ਵਿਕਰੀ ਕੇਵਲ ਲਾਈਸੈਂਸ ਧਾਰਕ ਦੁਕਾਨਦਾਰ ਹੀ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਜਲੰਧਰ ਅਤੇ ਮੰਡੀ ਗੋਬਿੰਦਗੜ੍ਹ ਸ਼ਹਿਰਾਂ ਵਿੱਚ 28 ਤੇ 29 ਅਕਤੂਬਰ ਦੀ ਰਾਤ ਤੋਂ ਲੈ ਕੇ 31 ਦਸੰਬਰ ਤਕ ਕਿਸੇ ਵੀ ਤਰ੍ਹਾਂ ਦੇ ਪਟਾਕੇ ਚਲਾਉਣ 'ਤੇ ਪਾਬੰਦੀ ਰਹੇਗੀ ਕਿਉਂਕਿ ਇਨ੍ਹਾਂ ਸ਼ਹਿਰਾਂ ਵਿੱਚ ਹਵਾ ਦੀ ਗੁਣਵੱਤਾ ਬਹੁਤ ਘਟੀਆ ਹੈ। ਬਾਕੀ ਸਾਰੇ ਸੂਬੇ ਵਿੱਚ ਗ੍ਰੀਨ ਪਟਾਕੇ ਚਲਾਏ ਜਾ ਸਕਦੇ ਹਨ ਲੇਕਿਨ ਇਸ ਲਈ ਵੀ ਸਮਾਂ ਤੈਅ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਦੀਵਾਲੀ ਦੇ ਮੌਕੇ ਰਾਤ ਅੱਠ ਵਜੇ ਸਵੇਰੇ 10 ਵਜੇ ਤਕ, ਗੁਰਪੁਰਬ ਤੇ ਨਵੰਬਰ ਨੂੰ ਸਵੇਰੇ ਚਾਰ ਵਜੇ ਪੰਜ ਵਜੇ ਤਕ ਅਤੇ ਰਾਤ ਨੂੰ ਨੌਂ ਵਜੇ ਤੋਂ ਦਸ ਵਜੇ ਤਕ ਇਸੀ ਤਰ੍ਹਾਂ ਕ੍ਰਿਸਮਿਸ ਮੌਕੇ 25 ਤੇ 26 ਦਸੰਬਰ ਅਤੇ ਨਵੇਂ ਸਾਲ ਮੌਕੇ 'ਤੇ 11।55 ਤੋ12।30 ਤਕ ਹੀ ਪਟਾਕੇ ਚਲਾਏ ਜਾ ਸਕਣਗੇ ।




Barsi Samagam of Sri Maan 108
Sant Baba Bhagwan Dass Jee Maharaj

Sri Akhand Paath Sahib

Arambh: Friday, November 12, 2021 at 10AM

Kirtan: Saturday, November 13, 2021 6PM – 8PM

Bhog: Sunday, November 14, 2021 at 10AM
Kirtan Diwan: 11AM – 1:30PM
Kirtan by: Bhai Gurdial Singh & Jatha

Shri Guru Ravidass Temple Yuba City
1480 Hayne Avenue Yuba City, CA 95993

Gurdwara Sahib: (530) 674-2564
Sh. Shingara S. Ralh: (530) 713-1823
Sh. Gurnam S. Bhandal: (530) 218-4468
Sh. Satish K. Ralh: (916) 214-9092



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com
www.ambedkartimes.com


# ਯੂਪੀ ਚੋਣਾਂ 'ਚ ਪ੍ਰਿਅੰਕਾ ਗਾਂਧੀ ਦਾ ਔਰਤਾਂ ਲਈ ਚਾਲੀ ਫੀਸਦੀ ਰਾਖਵੇਂ ਕਰਨ ਦਾ ਐਲਾਨ ਸ਼ਲਾਘਾਯੋਗ - ਰਾਣੀ ਸੋਢੀ

**ਫਗਵਾੜਾ (ਬੀ ਕੇ ਰੱਤੂ)** ਜਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਪ੍ਰਧਾਨ ਸ੍ਰੀਮਤੀ ਬਲਵੀਰ ਰਾਣੀ ਸੋਢੀ ਨੇ ਅਗਲੇ ਸਾਲ 2022 ਵਿਚ ਪੰਜਾਬ ਦੇ ਨਾਲ ਹੀ ਉੱਤਰ ਪ੍ਰਦੇਸ਼ ਵਿਧਾਨਸਭਾ ਦੀਆਂ ਹੋਣ ਜਾ ਰਹੀਆਂ ਚੋਣਾਂ ਲਈ ਕਾਂਗਰਸ ਪਾਰਟੀ ਦੀ ਕਮਾਨ ਸੰਭਾਲ ਰਹੀ ਪ੍ਰਿਅੰਕਾ ਗਾਂਧੀ ਵਢੇਰਾ ਵਲੋਂ ਯੂ।ਪੀ। ਇਲੈਕਸ਼ਨ 'ਚ ਔਰਤਾਂ ਲਈ ਚਾਲੀ ਫੀਸਦੀ ਸੀਟਾਂ ਦੇ ਰਾਖਵੇਂਕਰਣ ਸਬੰਧੀ ਕੀਤੇ ਐਲਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਐਲਾਨ ਯੂ।ਪੀ। ਵਿਚ ਔਰਤਾਂ ਨੂੰ ਅੱਗੇ ਵਧਣ ਦਾ ਬਿਹਤਰੀਨ ਮੌਕਾ ਪ੍ਰਦਾਨ ਕਰੇਗਾ। ਉਹਨਾਂ ਕਿਹਾ ਕਿ ਪ੍ਰਿਅੰਕਾ ਦੇ ਪਿਤਾ ਅਤੇ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਵਿਚਾਰ ਸੀ ਕਿ ਗਿਣਤੀ ਵਿਚ ਔਰਤਾਂ ਦੀ ਭਾਗੀਦਾਰੀ ਪੰਜਾਹ ਫੀਸਦੀ ਹੋਣ ਕਰਕੇ ਸਮਾਜ ਤੇ ਦੇਸ਼ ਦੇ ਵਿਕਾਸ 'ਚ ਵੀ ਉਹਨਾਂ ਦੀ ਹਿੱਸੇਦਾਰੀ ਬਰਾਬਰ ਹੋਣੀ ਚਾਹੀਦੀ ਹੈ। ਰਾਜੀਵ ਗਾਂਧੀ ਦੇ ਇਸੇ ਵਿਚਾਰ ਨੂੰ ਕਾਂਗਰਸ ਪਾਰਟੀ ਨੇ ਪ੍ਰੇਰਣਾ ਵਜੋਂ ਲਿਆ ਤੇ ਔਰਤਾਂ ਨੂੰ ਸਿਆਸਤ ਵਿਚ ਅੱਗੇ ਲਿਆਉਣ ਦਾ ਹਮੇਸ਼ਾ ਹਰ ਸੰਭਵ ਉਪਰਾਲਾ ਕੀਤਾ ਹੈ। ਸ੍ਰੀਮਤੀ ਸੋਢੀ ਨੇ ਕਿਹਾ ਕਿ ਯੂ।ਪੀ। ਤੋਂ ਪਹਿਲਾਂ ਪੰਜਾਬ 'ਚ ਵੀ ਕਾਂਗਰਸ ਦੀ ਮੌਜੂਦਾ ਸਰਕਾਰ ਨੇ ਕਾਰਪੋਰੇਸ਼ਨ ਅਤੇ ਪੰਚਾਇਤੀ ਚੋਣਾਂ 'ਚ ਔਰਤਾਂ ਨੂੰ ਬਰਾਬਰੀ ਦਾ ਹਿੱਸਾ ਪ੍ਰਦਾਨ ਕੀਤਾ ਸੀ। ਉਹਨਾਂ ਕਿਹਾ ਕਿ ਕਾਂਗਰਸ ਹੀ ਅਜਿਹੀ ਸਿਆਸੀ ਧਿਰ ਹੈ ਜੋ ਸਿਰਫ ਮਹਿਲਾ ਸਸ਼ਕਤੀਕਰਣ ਦੀ ਗੱਲ ਹੀ ਨਹੀਂ ਕਰਦੀ ਬਲਿਕ ਔਰਤਾਂ ਨੂੰ ਹਰ ਖੇਤਰ ਵਿਚ ਬਰਾਬਰ ਭਾਗੀਦਾਰੀ ਦੇਣ ਦਾ ਜਮੀਨੀ ਤੌਰ ਤੇ ਹਰ ਸੰਭਵ ਉਪਰਾਲਾ ਵੀ ਕਰਦੀ ਹੈ।



# ਬਸਪਾ ਸੱਤਾ ਵਿੱਚ ਆ ਕੇ ਪੰਜਾਬੀ ਭਾਸ਼ਾ ਗੁਰਮੁਖੀ ਦਾ ਸਨਮਾਨ ਬਹਾਲ ਕਰੇਗੀ: ਬੈਨੀਵਾਲ, ਗੜ੍ਹੀ

## ਸੀਬੀਐਸਈ ਵੱਲੋਂ ਪੰਜਾਬੀ ਭਾਸ਼ਾ ਨਾਲ ਕੀਤਾ ਵਿਤਕਰਾ ਭਾਜਪਾ ਤੇ ਕੇਂਦਰ ਸਰਕਾਰ ਦੀ ਪੰਜਾਬ ਵਿਰੋਧੀ ਸੋਚ ਦਾ ਪ੍ਰਗਟਾਵਾ




ਸ. ਲਾਲ ਸਿੰਘ ਸੁਲਹਾਣੀ, ਸਕੱਤਰ ਬਸਪਾ ਦਾ ਸਨਮਾਨ ਕਰਦੇ ਹੋਏ।



**ਜਲੰਧਰ/ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਦੀ ਸੂਬਾ ਪੱਧਰੀ ਮੀਟਿੰਗ ਬਸਪਾ ਦੇ ਸੂਬਾਈ ਦਫਤਰ, ਸਾਹਿਬ ਕਾਂਸ਼ੀ ਰਾਮ ਭਵਨ, ਜਲੰਧਰ ਵਿਖੇ ਬਸਪਾ ਪੰਜਾਬ ਦੇ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਬਸਪਾ ਪੰਜਾਬ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਵਿਸ਼ੇਸ਼ ਤੌਰ ਤੇ ਪਹੁੰਚੇ ਜਦਕਿ ਮੀਟਿੰਗ ਦੌਰਾਨ ਸਮੁੱਚੇ ਸੂਬਾ ਜਨਰਲ ਸਕੱਤਰ, ਸੂਬਾ ਸਕੱਤਰ, ਪਾਰਲੀਮੈਂਟ ਇੰਚਾਰਜ, ਜ਼ਿਲ੍ਹਿਆਂ ਦੇ ਪ੍ਰਧਾਨ ਅਤੇ ਹਲਕਾ ਪ੍ਰਧਾਨ ਸ਼ਾਮਲ ਹੋਏ। ਇਸ ਮੌਕੇ ਬਸਪਾ ਪੰਜਾਬ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਅਤੇ ਬਸਪਾ ਦੇ ਪੰਜਾਬ ਪ੍ਰਧਾਨ ਸਰਦਾਰ ਗੜ੍ਹੀ ਨੇ ਸਾਂਝੇ ਤੌਰ ਤੇ ਸੰਬੋਧਨ ਕਰਦਿਆਂ ਕਿਹਾ ਕਿ ਸੀਬੀਐਸਈ ਦੀ ਪੜ੍ਹਾਈ ਵਿੱਚ ਪੰਜਾਬੀ ਭਾਸ਼ਾ ਦਾ ਦਰਜਾ ਖਤਮ ਕਰਨਾ ਭਾਰਤੀ ਸੰਵਿਧਾਨ ਦੀ ਉਲੰਘਣਾ ਹੈ ਅਤੇ ਸੰਵਿਧਾਨ ਦੀਆਂ ਸੂਚੀਆਂ ਵਿੱਚ ਪੰਜਾਬੀ ਭਾਸ਼ਾ ਮਾਨਤਾ ਪ੍ਰਾਪਤ ਭਾਸ਼ਾ ਹੈ।

ਸੀਬੀਐਸਈ ਜੋਕਿ ਕੇਂਦਰ ਸਰਕਾਰ ਦਾ ਇੱਕ ਵਿਭਾਗ ਹੈ ਅਤੇ ਇਸ ਸਭ ਦੇ ਪਿੱਛੇ ਪੰਜਾਬੀ ਭਾਸ਼ਾ ਪ੍ਰਤੀ ਵਰਤੀ ਜਾਣ ਵਾਲੀ ਸੌੜੀ ਸੋਚ ਦੇ ਚਲਦਿਆਂ ਭਾਰਤੀ ਜਨਤਾ ਪਾਰਟੀ ਅਤੇ ਕੇਂਦਰ ਸਰਕਾਰ ਦੀ ਸਾਜਿਸ਼ ਹੈ।

ਜਦੋਂਕਿ ਸੰਵਿਧਾਨ ਦੇ ਤਹਿਤ ਆ ਰਹੀ ਪੰਜਾਬੀ ਭਾਸ਼ਾ ਨੂੰ ਜਾਂ ਬਾਕੀ ਹੋਰ 18 ਭਾਸ਼ਾਵਾਂ ਨੂੰ ਸੰਵਿਧਾਨ ਵਿੱਚ ਸੋਧ ਕੀਤੇ ਬਗੈਰ ਖਤਮ ਨਹੀਂ ਕੀਤਾ ਜਾ ਸਕਦਾ ਅਤੇ ਇਹ ਭਾਰਤੀ ਜਨਤਾ ਪਾਰਟੀ ਦੀ ਪੰਜਾਬ, ਪੰਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਰੋਧੀ ਵਿਚਾਰਧਾਰਾ ਹੈ ਕਿਉਂਕਿ ਪੰਜਾਬੀ/ ਗੁਰਮੁਖੀ ਭਾਸ਼ਾ ਗੁਰੂਆਂ ਦੀ ਦੇਣ ਹੈ।

ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਭਾਜਪਾ ਵੀ ਕਾਂਗਰਸ ਦੇ ਰਸਤਿਆਂ ਤੇ ਤੁਰ ਰਹੀ ਹੈ ਕਿਉਂਕਿ ਕਾਂਗਰਸ ਨੇ ਪੰਜਾਬ ਨਾਲ ਹਮੇਸ਼ਾ ਦੀ ਧੱਕਾ ਕੀਤਾ ਉਹ ਭਾਵੇਂ ਪੰਜਾਬ ਦੀ ਰਾਜਧਾਨੀ ਦਾ ਮਸਲਾ ਹੋਵੇ ਜਾਂ ਫਿਰ ਪੰਜਾਬ ਦੇ ਪਾਣੀਆਂ ਦੀ ਗੱਲ ਹੋਵੇ ਅਤੇ ਹੁਣ ਉਸੇ ਤਰ੍ਹਾਂ ਦੇ ਨਾਲ ਕੇਂਦਰ ਦੀ ਭਾਜਪਾ ਸਰਕਾਰ ਪੰਜਾਬੀ ਭਾਸ਼ਾ ਨੂੰ ਖਤਮ ਕਰਨ ਦਾ ਕੰਮ ਕਰਕੇ ਕਾਂਗਰਸ ਦੇ ਨਕਸ਼ੇ ਕਦਮ ਤੇ ਚੱਲ ਰਹੀ ਹੈ ਜੋਕਿ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਬਸਪਾ ਸੱਤਾ ਵਿੱਚ ਆ ਕੇ ਪੰਜਾਬੀ ਭਾਸ਼ਾ ਦਾ ਮਾਨ ਸਨਮਾਨ ਬਹਾਲ ਕਰੇਗੀ।

ਇਸ ਮੌਕੇ ਬਸਪਾ ਦਾ ਓ।ਬੀ।ਸੀ ਪੱਛੜਾ ਵਰਗ ਦਾ ਸੰਗਠਨ, ਮੁਲਜ਼ਮਾਂ, ਨੌਜਵਾਨਾਂ ਤੇ ਇਸਤ੍ਰੀ ਸੰਗਠਨ ਨੂੰ ਮਜ਼ਬੂਤ ਕਰਨ ਲਈ ਵਿਸਥਾਰ ਸਹਿਤ ਚਰਚਾ ਕੀਤੀ ਗਈ। ਇਸ ਬਾਬਤ 9 ਨਵੰਬਰ ਨੂੰ ਓਬੀਸੀ ਸੰਗਠਨ ਦੀ ਮੀਟਿੰਗ, 10 ਨਵੰਬਰ ਨੂੰ ਯੂਥ ਅਤੇ ਇਸਤ੍ਰੀ ਸੰਗਠਨ ਦੀ ਮੀਟਿੰਗ, 13 ਨਵੰਬਰ ਨੂੰ ਬਸਪਾ ਸੰਗਠਨ ਦੀ ਮੀਟਿੰਗ ਅਤੇ 14 ਨਵੰਬਰ ਨੂੰ ਮੁਲਾਜ਼ਮ ਸੰਗਠਨ ਦੀ ਮੀਟਿੰਗ ਬੁਲਾ ਲਈ ਗਈ ਹੈ। ਇਸ ਮੌਕੇ ਅਜੀਤ ਸਿੰਘ ਭੈਣੀ, ਬਲਦੇਵ ਸਿੰਘ ਮਹਿਰਾ, ਮਨਜੀਤ ਸਿੰਘ ਅਟਵਾਲ, ਐਡਵੋਕੇਟ ਰਣਜੀਤ ਕੁਮਾਰ, ਗੁਰਲਾਲ ਸੈਲਾ, ਚਮਕੌਰ ਸਿੰਘ ਵੀਰ, ਰਾਜਾ ਰਜਿੰਦਰ ਸਿੰਘ ਨਨਹੇੜੀਆਂ, ਕੁਲਦੀਪ ਸਿੰਘ ਸਰਦੂਲਗੜ੍ਹ, ਲਾਲ ਸਿੰਘ ਸੁਲਹਾਣੀ, ਐਡਵੋਕੇਟ ਬਲਵਿੰਦਰ ਕੁਮਾਰ, ਗੁਰਮੇਲ ਚੁੰਬਰ, ਰਮੇਸ਼ ਕੌਲ, ਜੋਗਾ ਸਿੰਘ ਪਨੌਂਦੀਆ, ਰਜਿੰਦਰ ਸਿੰਘ ਰੀਹਲ, ਨਿਰਮਲ ਸਿੰਘ ਸੁਮਨ, ਗੁਰਬਖਸ਼ ਸਿੰਘ ਸ਼ੇਰਗਿਲ, ਸੁਮਿੱਤਰ ਸਿੰਘ ਸੀਕਰੀ (ਸਾਰੇ ਜਨਰਲ ਸਕੱਤਰ), ਡਾ। ਜਸਪ੍ਰੀਤ ਸਿੰਘ, ਰਾਮ ਸਿੰਘ ਗੋਗੀ, ਐਡਵੋਕੇਟ ਵਿਜੇ ਬੱਧਣ, ਬਲਜੀਤ ਸਿੰਘ ਭਾਰਾਪੁਰ, ਦਰਸਨ ਸਿੰਘ ਝਲੂਰ, ਸੰਤ ਰਾਮ ਮੱਲੀਆਂ, ਸੁਖਦੇਵ ਸਿੰਘ ਸ਼ੀਰਾ, ਜਗਜੀਤ ਸਿੰਘ ਛੜਬੜ, ਹਰਬੰਸ ਲਾਲ ਚਣਕੋਆ, ਅਸ਼ੋਕ ਸੰਧੂ, ਹਰਭਜਨ ਸਿੰਘ ਬਲਾਲੋਂ (ਸਾਰੇ ਸਕੱਤਰ), ਪਰਮਜੀਤ ਮੱਲ ਕੈਸ਼ੀਅਰ, ਪੀ।ਡੀ ਸ਼ਾਂਤ ਆਫਿਸ ਸਕੱਤਰ, ਧਰਮ ਪਾਲ ਭਗਤ ਪਠਾਨਕੋਟ, ਜੋਗਿੰਦਰ ਪਾਲ ਭਗਤ ਗੁਰਦਾਸਪੁਰ, ਤਾਰਾ ਚੰਦ ਭਗਤ ਅੰਮ੍ਰਿਤਸਰ (ਸ਼ਹਿਰੀ), ਸੁਰਜੀਤ ਸਿੰਘ ਅਬਦਾਲ ਅੰਮ੍ਰਿਤਸਰ (ਦਿਹਾਤੀ), ਰਾਕੇਸ਼ ਕੁਮਾਰ ਕਪੂਰਥਲਾ, ਵਿਜੇ ਕੁਮਾਰ ਯਾਦਵ ਜਲੰਧਰ (ਸ਼ਹਿਰੀ), ਜਗਦੀਸ਼ ਸ਼ੇਰਪੁਰੀ ਜਲੰਧਰ (ਦਿਹਾਤੀ), ਸੋਮਨਾਥ ਬੈਂਸ ਹੁਸ਼ਿਆਰਪੁਰ, ਸਰਬਜੀਤ ਸਿੰਘ ਜਾਫਰਪੁਰ ਨਵਾਂਸ਼ਹਿਰ, ਮਾਸਟਰ ਰਾਮਪਾਲ ਰੂਪਨਗਰ, ਜਤਿੰਦਰ ਸਿੰਘ ਬੱਬੂ ਫਤਿਹਗੜ੍ਹ ਸਾਹਿਬ, ਜੀਤ ਰਾਮ ਬਸਰਾ ਲੁਧਿਆਣਾ (ਸ਼ਹਿਰੀ), ਬੂਟਾ ਸਿੰਘ ਸੰਗੋਵਾਲ ਲੁਧਿਆਣਾ (ਦਿਹਾਤੀ-1), ਸ਼ਮਸ਼ਾਦ ਅਨਸਾਰੀ ਮਲੇਰਕੋਟਲਾ, ਅਮਰੀਕ ਸਿੰਘ ਕੈਂਥ ਸੰਗਰੂਰ, ਗੁਰਦੀਪ ਸਿੰਘ ਮਾਖਾ ਮਾਨਸਾ, ਲਖਵੀਰ ਸਿੰਘ ਨਿੱਕਾ ਬਠਿੰਡਾ, ਹਰਦੇਵ ਸਿੰਘ ਮੋਗਾ, ਮੰਦਰ ਸਿੰਘ ਸਰਾਈਨਾਗਾ ਸ੍ਰੀ ਮੁਕਤਸਰ ਸਾਹਿਬ, ਬਲਵਿੰਦਰ ਸਿੰਘ ਫਿਰੋਜ਼ਪੁਰ, (ਸਾਰੇ ਜ਼ਿਲਾ ਪ੍ਰਧਾਨ) ਆਦਿ ਸ਼ਾਮਲ ਸਨ।

# ਅਕਾਲੀ -ਬਸਪਾ ਗਠਜੋੜ ਦਾ ਵਫਦ ਗੰਦੇ ਪਾਣੀ ਦੀ ਸਮੱਸਿਆ ਨੂੰ ਲੈ ਕੇ ਨਗਰ ਨਿਗਮ ਕਮਿਸ਼ਨਰ ਫਗਵਾੜਾ ਨੂੰ ਮਿਲਿਆ

**ਫਗਵਾੜਾ –** ਫਗਵਾੜਾ ਦੇ ਸ਼ਾਮ ਨਗਰ,ਪੀਪਾ ਰੰਗੀ ਅਤੇ ਸ਼ਿਵ ਪੁਰੀ ਇਲਾਕਿਆਂ ਵਿਚ ਪੀਣ ਵਾਲੇ ਪਾਣੀ ਵਿਚ ਗੰਦੇ ਪਾਣੀ ਦੀ ਮਿਕਸਿੰਗ ਦੇ ਚਲਦੇ ਖੇਤਰ ਵਿੱਚ ਡਾਇਰੀਆ ਵਰਗੀ ਬੀਮਾਰੀ ਸਭ ਹੱਦ ਬੰਨੇ ਤੋੜ ਕੇ ਆਪਣਾ ਕਹਿਰ ਵਰਪਾ ਰਹੀ ਹੈ, ਪਰ ਪ੍ਰਸ਼ਾਸਨ ਹਾਲੇ ਤੱਕ ਹੱਥ੍ਹ ਤੇ ਹੱਥ ਰੱਖ ਕੇ ਬੈਠਾ ਹੈ। ਇਸ ਗੱਲ ਤੇ ਸ਼ੋਮਣੀ ਅਕਾਲੀ ਦਲ ਅਤੇ ਬਸਪਾ ਨੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਅਤੇ ਪ੍ਰਸ਼ਾਸ਼ਨ ਦੀ ਨਾਕਸ ਕਾਰਗੁਜਾਰੀ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ। ਇਸ ਮੁੱਦੇ੍ਹ ਤੇ ਅਕਾਲੀ ਦਲ ਅਤੇ ਬਸਪਾ ਦਾ ਸਾਂਝਾ ਵਫਦ ਸ਼ੋ੍ਮਣੀ ਯੂਥ ਅਕਾਲੀ ਦਲ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਅਤੇ ਫਗਵਾੜਾ ਦੇ ਸਾਬਕਾ ਡਿਪਟੀ ਮੇਅਰ ਰਣਜੀਤ ਸਿੰਘ ਖੁਰਾਣਾ ਅਤੇ ਬਸਪਾ ਦੇ ਸੀਨੀਅਰ ਆਗੂ ਮਾਸਟਰ ਹਰਭਜਨ ਸਿੰਘ ਬਲਾਲੋਂ ਦੀ ਅਗਵਾਈ ਵਿਚ ਨਗਰ ਨਿਗਮ ਕਮੀਸ਼ਨਰ ਫਗਵਾੜਾ ਸ। ਚਰਨਜੀਤ ਸਿੰਘ ਨੂੰ ਮਿਲਿਆ। ਵਫਦ ਵਿਚ ਮੈਡਮ ਸਰਬਜੀਤ ਕੌਰ ਸਾਬਕਾ ਕੌਂਸਲਰ, ਪ੍ਰਿਤਪਾਲ ਸਿੰਘ ਮੰਗਾ ਜਨਰਲ ਸਕੱਤਰ, ਲੇਖ ਰਾਜ ਜਮਾਲਪੁਰ, ਪਵਨ ਸੇਠੀ ਮੀਤ ਪ੍ਰਧਾਨ ਭਾਵਾਧਸ, ਗੁਰਮਖ ਸਿੰਘ ਚਾਨਾ ਸੀਨੀਅਰ ਅਕਾਲੀ ਆਗੂ, ਝਿਰਮਰ ਸਿੰਘ ਭਿੰਡਰ ਸੀਨੀਅਰ ਅਕਾਲੀ ਆਗੂ, ਇੰਦਰਜੀਤ ਸਿੰਘ ਬਸਰਾ ਯੂਥ ਆਗੂ , ਚਿਰੰਜੀ ਲਾਲ ਕਾਲਾ ਬਸਪਾ ਪ੍ਰਧਾਨ ਫਗਵਾੜਾ , ਮਨੋਹਰ ਲਾਲ ਜੱਖੂ, ਕੁਲਵਿੰਦਰ ਸਿੰਘ ਕਿੰਦਾ ਸਾਬਕਾ ਕੌਸਲਰ, ਰਵੀ ਸਿੱਧੂ ਆਦਿ ਸ਼ਾਮਲ ਸਨ ਨੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਹਾਲਾਤਾ ਤੇ ਕੰਟਰੋਲ ਕਰਨ ਲਈ ਢੁੱਕਵੀਂ ਕਾਰਵਾਈ ਕੀਤੀ ਜਾਵੇ ਨਹੀਂ ਤਾਂ ਅਕਾਲੀ ਦਲ- ਬਸਪਾ ਮਿਲ ਕੇ ਸੜਕਾਂ੍ਹ ਤੇ ਉਤਰਣਗੇ। ਉਹਨਾਂ ਕਮੀਸ਼ਨਰ ਦੇ ਧਿਆਨ ਵਿਚ ਲਿਆਂਦਾ ਕਿ ਫਗਵਾੜਾ ਵਿੱਚ ਦੂਸ਼ਿਤ ਪਾਣੀ ਦੀ ਸਪਲਾਈ ਕਰਕੇ ਬੀਮਾਰ ਹੋਏ ਲੋਕਾਂ ਨੂੰ ਮਿਲਣ ਵਾਲੀਆਂ ਸਿਹਤ ਸਹੂਲਤਾਂ



ਨਾ ਮਾਤਰ ਹਨ ਅਤੇ ਫਗਵਾੜਾ ਦਾ ਸਿਵਲ ਹਸਪਤਾਲ ਸਿਰਫ ਰੈਫਰ ਕਰਨ ਵਾਲਾ ਹਸਪਤਾਲ ਬਣ ਕੇ ਰਹਿ ਗਿਆ ਹੈ। ਵਫਦ ਨੇ ਦੱਸਿਆ ਕਿ ਇਸ ਭਿਆਨਕ ਸਥਿਤੀ ਦੇ ਚਲਦਿਆਂ ਬੀਮਾਰ ਹੋਏ ਲੋਕਾਂ ਦੀਆਂ ਮੌਤਾਂ ਦੇ ਅੰਕੜੇ ਨੂੰ ਲੈ ਕੇ ਹੇਰਾ ਫੇਰੀ ਕੀਤੀ ਜਾ ਰਹੀ ਹੈ। ਪ੍ਰਸ਼ਾਸਨ ਮੁਤਾਬਿਕ ਮੌਤਾਂ ਦੀ ਗਿਣਤੀ 2 ਹੈ ਪਰ ਅਸਲ ਵਿਚ ਮੋਤਾ 7 ਦੇ ਕਰੀਬ ਹੋਈਆ ਹਨ, ਲਗਦਾ ਹੈ ਕਿ ਪ੍ਰਸ਼ਾਸਨ ਇਸ ਗਿਣਤੀ ਨੂੰ ਲੁਕੋ ਕੇ ਆਪਣੀ ਅਣਗਹਿਲੀ ਨੂੰ ਛਿਪਾ ਰਿਹਾ ਹੈ। ਖੁਰਾਣਾ ਤੇ ਬਲਾਲੋਂ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਇੰਨੇਂ ਦਿਨਾਂ ਤੋਂ ਬਾਅਦ ਵੀ ਪ੍ਰਸ਼ਾਸਨ ਨੇ ਨਾ ਤਾਂ ਲੋਕਾਂ ਲਈ ਸਾਫ ਪਾਣੀ ਦਾ ਕੋਈ ਢੁੱਕਵਾਂ ਪ੍ਰਬੰਧ ਕੀਤਾ ਅਤੇ ਨਾ ਹੀ ਦੂਸ਼ਿਤ ਪਾਣੀ ਦੀ ਸਪਲਾਈ ਨੂੰ ਅਜੇ ਤੱਕ ਰੋਕਿਆ ਹੀ ਗਿਆ ਹੈ। ਉਨਾਂ ਕਿਹਾ ਕਿ ਇਹ ਸਾਰੀ ਬੈਲਟ ਜਾਂ ਇਲਾਕਾ ਉਹ ਹੈ ਜਿੱਥੇ 90 ਫੀਸਦੀ ਦੇ ਕਰੀਬ ਐਸ।ਸੀ। ਅਤੇ ਪੱਛੜੇ ਵਰਗਾਂ ਦੀ ਆਬਾਦੀ ਰਹਿੰਦੀ ਹੈ ਅਤੇ ਕਾਂਗਰਸ ਸਰਕਾਰ ਦਲਿਤਾਂ ਤੇ ਪੱਛੜੇ ਵਰਗਾਂ ਦੀ ਹਿਤੈਸ਼ੀ ਹੋਣ ਦਾ ਤਾਂ ਰੌਲਾ ਪਾ ਰਹੀ ਹੈ ਪਰ ਅਮਲ ਵਿੱਚ ਕੁੱਝ ਨਹੀਂ ਲਿਆ ਰਹੀ ਜਿਸਦਾ ਤਾਜ਼ਾ ਜਾਗਦਾ ਸਬੂਤ ਫਗਵਾੜਾ ਦੇ ਇਹ ਇਲਾਕੇ ਹਨ ਜਿੱਥੇ ਲੋਕ ਦੂਸ਼ਿਤ ਪਾਣੀ ਪੀਣ ਕਰਕੇ ਆਪਣੀਆਂ ਜਾਨਾਂ ਗਵਾ ਰਹੇ ਹਨ। ਸਾਂਝੇ ਤੌਰ੍ਹ ਤੇ ਵਫਦ ਨੇ ਸਰਕਾਰ ਪਾਸੋਂ ਮੰਗ ਕਰਦੇ ਹੋਏ ਕਿਹਾ ਕਿ ਜਾਨਾਂ ਗਵਾਉਣ ਵਾਲਿਆਂ ਨੂੰ ਬਣਦਾ ਮੁਆਵਜਾ ਦਿੱਤਾ ਜਾਵੇ ਅਤੇ ਜਿਨ੍ਹਾਂ ਮਰੀਜਾਂ ਨੂੰ ਪ੍ਰਾਈਵੇਟ ਹਸਪਤਾਲਾਂ ਵਿੱਚ ਰੈਫਰ ਕੀਤਾ ਜਾਂਦਾ ਹੈ, ਉਨ੍ਹਾ ਦਾ ਇਲਾਜ ਸਰਕਾਰੀ ਖਰਚੇ੍ਹ ਤੇ ਫਰੀ ਕੀਤਾ ਜਾਵੇ। ਵਫਦ ਨੇ ਨਗਰ ਨਿਗਮ ਕਮੀਸ਼ਨਰ ਚਰਨਜੀਤ ਸਿੰਘ ਨੂੰ ਚੇਤਾਵਨੀ ਦਿੱਤੀ ਕਿ ਜੇ ਇੱਕ ਦੋ ਦਿਨ ਵਿਚ ਪਾਣੀ ਦੀ ਸਪਲਾਈ ਵਿਚ ਸੁਧਾਰ ਨਾ ਹੋਇਆ ਤਾਂ ਉਹ ਇਸਦੇ ਖਿਲਾਫ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ ਤੇ ਜਿਸਦੀ ਜਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।














ਪਿੰਡ ਝਾਮਪੁਰ ਹਲਕਾ ਫਤਿਹਗੜ੍ਹ ਸਾਹਿਬ ਵਿਖੇ ਮਹਾਂ ਰਿਸ਼ੀ ਵਾਲਮੀਕਿ ਜੀ ਦੇ ਪ੍ਰਕਾਸ਼ ਉਤਸਵ ਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਲਾਲ ਸਿੰਘ ਸੁਲਹਾਣੀ ਜਨਰਲ ਸਕੱਤਰ ਬਸਪਾ ਪੰਜਾਬ ਬੱਸੀ ਪਠਾਣਾਂ 20 ਅਕਤੂਬਰ ਪਿੰਡ ਝਾਮਪੁਰ ਹਲਕਾ ਫਤਿਹਗੜ੍ਹ ਸਾਹਿਬ ਵਿਖੇ ਮਹਾਂ ਰਿਸ਼ੀ ਵਾਲਮੀਕਿ ਜੀ ਦਾ ਪਵਿੱਤਰ ਜਨਮ ਦਿਹਾੜਾ ਧੂਮਧਾਮ ਤੇ ਸ਼ਰਧਾ ਸਹਿਤ ਮਨਾਇਆ ਗਿਆ। ਬੱਸੀ ਪਠਾਣਾਂ ਹਲਕੇ ਵਿਚ ਐਡਵੋਕੇਟ ਸ਼ਿਵ ਕਲਿਆਣ ਦੀ ਚੋਣ ਮੁਹਿੰਮ ਨੂੰ ਗਤੀਸ਼ੀਲ ਕਰਨ ਲਈ ਵਿਸ਼ੇਸ਼ ਤੌਰ ਤੇ ਤੈਨਾਤ ਗਏ।

ਇੰਗਲੈਂਡ-ਗਲਾਸਗੋ ਖਬਰਨਾਮਾ / ਮਨਦੀਪ ਖੁਰਮੀ ਹਿੰਮਤਪੁਰਾ

# ਯੂਕੇ: ਤਾਮਰ ਬ੍ਰਿਜ ਨੇ ਮਨਾਈ ਆਪਣੀ 60 ਵੀਂ ਵਰ੍ਹੇਗੰਢ







**ਗਲਾਸਗੋ/ ਲੰਡਨ–** ਯੂਕੇ ਦੇ ਮਸ਼ਹੂਰ ਅਤੇ ਪੁਰਾਣੇ ਪੁਲਾਂ ਵਿੱਚੋਂ ਇੱਕ ਤਾਮਰ ਬ੍ਰਿਜ ਨੇ ਆਪਣੀ 60 ਵੀਂ ਵਰ੍ਹੇਗੰਢ ਮਨਾਈ ਹੈ। ਇਹ ਪੁਲ ਕਾਰਨਵਾਲ ਵਿੱਚ ਸਾਲਟਾਸ਼ ਅਤੇ ਡੇਵੋਨ ਵਿੱਚ ਪਲਿਮਥ ਨੂੰ ਜੋੜਦਾ ਹੈ ਅਤੇ ਇਸਨੂੰ 24 ਅਕਤੂਬਰ 1961 ਨੂੰ ਖੋਲ੍ਹਿਆ ਗਿਆ ਸੀ। ਜਨਤਕ ਮਾਲਕੀ ਵਾਲਾ, ਇਹ ਟੋਲ ਰੋਡ ਖੁੱਲ੍ਹਣ ਵੇਲੇ ਆਪਣੀ ਕਿਸਮ ਦਾ ਸਭ ਤੋਂ ਲੰਬਾ ਪੁਲ ਸੀ। ਇਸ ਪੁਲ ਦੀ ਟਾਵਰ ਤੋਂ ਟਾਵਰ ਤੱਕ ਲੰਬਾਈ 1,099 ਫੁੱਟ (335 ਮੀਟਰ) ਅਤੇ ਪੂਰੀ ਸੜਕ 2,106 ਫੁੱਟ (642 ਮੀਟਰ) ਹੈ। ਉਸ ਵੇਲੇ ਇਸ ਨੂੰ ਬਣਾਉਣ ਵਿੱਚ ਲਗਭਗ 1-8 ਮਿਲੀਅਨ ਪੌਂਡ ਦੀ ਲਾਗਤ ਆਈ ਸੀ, ਜੋ ਅੱਜ ਦੇ ਲਗਭਗ 40 ਮਿਲੀਅਨ ਪੌਂਡ ਦੇ ਬਰਾਬਰ ਹੈ। 1961 ਵਿੱਚ ਇੱਕ ਦਿਨ ਵਿੱਚ 4,000 ਵਾਹਨ ਇਸ ਪੁਲ ਦੀ ਵਰਤੋਂ ਕਰਦੇ ਸਨ। ਪਰ ਪੁਲ ਉੱਪਰੋਂ ਹੁਣ ਹਰ ਸਾਲ ਲਗਭਗ 16 ਮਿਲੀਅਨ ਵਾਹਨ ਗੁਜਰਦੇ ਹਨ। ਇਸ ਪੁਲ ਦੇ ਨਿਰਮਾਣ ਦੌਰਾਨ ਸੱਤ ਆਦਮੀਆਂ ਦੀ ਮੌਤ ਵੀ ਹੋ ਗਈ ਸੀ। ਤਾਮਰ ਬ੍ਰਿਜ 'ਤੇ ਕੰਮ ਜੁਲਾਈ 1959 ਵਿੱਚ ਸ਼ੁਰੂ ਹੋਇਆ ਸੀ ਅਤੇ ਜਨਤਾ ਲਈ ਖੋਲ੍ਹਣ ਤੋਂ ਛੇ ਮਹੀਨਿਆਂ ਬਾਅਦ ਇਸਨੂੰ 26 ਅਪ੍ਰੈਲ 1962 ਨੂੰ ਮਹਾਰਾਣੀ ਮਾਂ ਦੁਆਰਾ ਅਧਿਕਾਰਤ ਤੌਰ 'ਤੇ ਖੋਲ੍ਹਿਆ ਗਿਆ ਸੀ। ਇਸਦੇ ਉਦਘਾਟਨ ਦਾ ਜਸ਼ਨ ਮਨਾਉਣ ਲਈ, ਨਿਵਾਸੀਆਂ ਨੂੰ ਵਾਹਨਾਂ ਤੋਂ ਪਹਿਲਾਂ ਤਾਮਰ ਪੁਲ ਦੇ ਪਾਰ ਚੱਲਣ ਦਾ ਮੌਕਾ ਦਿੱਤਾ ਗਿਆ ਸੀ।

# ਲੰਡਨ ਤੋਂ ਗਲਾਸਗੋ ਤੱਕ ਪੈਦਲ ਯਾਤਰਾ ਕਰਕੇ ਕੋਪ 26 ਸੰਮੇਲਨ ਵਿੱਚ ਪਹੁੰਚਣਗੇ ਜਲਵਾਯੂ ਕਾਰਕੁੰਨ



**ਗਲਾਸਗੋ/ ਲੰਡਨ–** ਗਲਾਸਗੋ ਵਿੱਚ ਹੋ ਰਹੇ ਕੋਪ 26 ਜਲਵਾਯੂ ਸੰਮੇਲਨ ਨੂੰ ਲੋਕਾਂ ਵਿੱਚ ਵਾਤਾਵਰਨ ਪ੍ਰਤੀ ਜਾਗਰੂਕਤਾ ਪੈਦਾ ਕਰਨ ਦਾ ਮਹੱਤਵਪੂਰਨ ਮੌਕਾ ਮੰਨਿਆ ਜਾ ਰਿਹਾ ਹੈ। ਇਸ ਸਬੰਧ ਵਿੱਚ ਜਲਵਾਯੂ ਕਾਰਕੁੰਨਾਂ ਦਾ ਇੱਕ ਸਮੂਹ ਕੋਪ 26 ਜਲਵਾਯੂ ਕਾਨਫਰੰਸ ਤੋਂ ਪਹਿਲਾਂ ਜਲਵਾਯੂ ਤਬਦੀਲੀ ਲਈ ਜਾਗਰੂਕਤਾ ਪੈਦਾ ਕਰਨ ਲਈ ਲੰਡਨ ਤੋਂ ਗਲਾਸਗੋ ਤੱਕ ਤਕਰੀਬਨ 500 ਮੀਲ ਦੀ ਪੈਦਲ ਯਾਤਰਾ ਕਰ ਰਿਹਾ ਹੈ।

'ਲਿਸਨਿੰਗ ਟੂ ਲੈਂਡ' ਨਾਮ ਦੇ ਇਸ ਸਮੂਹ ਨੇ 4 ਸਤੰਬਰ ਨੂੰ ਯਾਤਰਾ ਸ਼ੁਰੂ ਕੀਤੀ ਹੈ ਅਤੇ 31 ਅਕਤੂਬਰ ਨੂੰ ਕਾਨਫਰੰਸ ਲਈ ਸਮੇਂ ਸਿਰ ਗਲਾਸਗੋ ਪਹੁੰਚੇਗਾ। ਲਗਭਗ 20 ਲੋਕਾਂ ਦਾ ਇਹ ਸਮੂਹ ਇੱਕ ਦਿਨ ਵਿੱਚ 10 ਮੀਲ ਪੈਦਲ ਚੱਲਦਾ ਹੈ ਅਤੇ ਜਲਵਾਯੂ ਮੁੱਦਿਆਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਲੋਕਾਂ ਨਾਲ ਜੁੜਦਾ ਹੈ। ਇਹ ਸਮੂਹ ਮੌਜੂਦਾ ਸਮੇਂ ਐਡਿਨਬਰਾ ਪਹੁੰਚ ਰਿਹਾ ਹੈ ਤੇ ਗਲਾਸਗੋ ਵਿੱਚ ਵੱਖ -ਵੱਖ ਕਾਰਗੁਜ਼ਾਰੀਆਂ ਅਤੇ ਸਮਾਗਮਾਂ ਰਾਹੀਂ ਕੋਪ 26 ਵਿੱਚ ਆਪਣੀਆਂ ਖੋਜਾਂ ਅਤੇ ਅਨੁਭਵ ਪੇਸ਼ ਕਰੇਗਾ। ਇਸ ਗਰੁੱਪ ਦੇ ਸਹਿ-ਸੰਸਥਾਪਕਾਂ ਵਿੱਚੋਂ ਇੱਕ, ਥੀਏਟਰ ਨਿਰਮਾਤਾ ਜੋਲੀ ਸੀ। ਬੂਥ ਅਨੁਸਾਰ ਇਸ ਸਮੂਹ ਦੇ ਗਲਾਸਗੋ ਪਹੁੰਚਣ 'ਤੇ ਹਜ਼ਾਰਾਂ ਲੋਕ ਧਰਤੀ ਨਾਲ ਜੁੜਨ ਅਤੇ ਕੁਦਰਤ ਦੀ ਸੰਭਾਲ ਲਈ ਪ੍ਰੇਰਿਤ ਹੋਣਗੇ।

# ਨਿਊਜ਼ੀਲੈਂਡ 'ਚ ਪਹਿਲੀ ਵਾਰ ਮਾਓਰੀ ਮੂਲ ਦੀ ਮਹਿਲਾ ਡੇਮ ਸਿੰਡੀ ਕਿਰੋ ਬਣੇਗੀ ਗਵਰਨਰ ਜਨਰਲ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀ-ਲੈਂਡ ਦੀ ਮੌਜੂਦਾ ਗਵਰਨਰ ਜਨਰਲ ਡੇਮ ਪੈਟਸੇ ਰੈਡੀ ਨੇ 28 ਸਤੰਬਰ ਨੂੰ ਆਪਣਾ ਪੰਜ ਸਾਲ ਦਾ ਕਾਰਜ ਪੂਰਾ ਕਰ ਲਿਆ ਹੈ ਅਤੇ ਵਿਦਾਇਗੀ ਪਾਰਟੀ ਵੀ ਲੈ ਲਈ ਹੈ। ਅਗਾਊਂ ਤਿਆਰੀਆਂ ਦੇ ਮੱਦੇ ਨਜ਼ਰ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਨੇ ਮਈ ਮਹੀਨੇ ਨਵੀਂ ਗਵਰਨਰ ਜਨਰਲ ਡੇਮ ਸਿੰਡੀ ਕਿਰੋ ਦੇ ਨਾਂਅ ਦਾ ਐਲਾਨ ਕਰ ਦਿੱਤਾ ਸੀ। ਕੱਲ੍ਹ 10 ਵਜੇ ਮਾਓਰੀ ਮੂਲ ਦੀ ਇਹ ਪਹਿਲੀ ਮਹਿਲਾ ਗਵਰਨਰ ਜਨਰਲ ਬਨਣ ਜਾ ਰਹੀ ਹੈ। ਰਾਜਾਸ਼ਾਹੀ ਦਾ ਇਕ ਉਚ ਪੱਧਰੀ ਸਨਮਾਨ 'ਕਨਾਈਟ ਜਾਂ ਡੇਮ ਕੰਪੇਨਨ' ਜਦੋਂ ਮਿਲਦਾ ਹੈ ਤਾਂ ਨਾਂਅ ਮੂਹਰੇ ਡੇਮ ਲਗਾ ਦਿੱਤਾ ਜਾਂਦਾ ਹੈ। ਸਿੰਡੀ ਕਿਰੋ ਨੂੰ ਇਹ ਸਨਮਾਨ ਮਿਲ ਚੁੱਕਾ ਹੈ। ਕੱਲ੍ਹ ਸਿੰਡੀ ਕਿਰੋ ਨੇ ਦੇਸ਼ ਦੀ ਰਾਣੀ ਏਲਿਜ਼ਾਬੇਥ ਦੇ ਨਾਲ ਵੀਡੀਓ ਕਾਲਿੰਗ ਰਾਹੀਂ ਰਸਮੀ ਗੱਲਬਾਤ ਕੀਤੀ ਅਤੇ ਅਗਲੇ ਪੰਜ ਸਾਲਾਂ ਦੇ ਲਈ ਉਨ੍ਹਾਂ ਦੀ ਅਗਵਾਈ ਕਰਨ ਲਈ ਭਰੋਸਾ ਵੀ ਜਿੱਤ ਲਿਆ। ਲਗਪਗ ਇਕ ਪਾਸੇ ਦਿਨ ਅਤੇ ਦੂਜੇ ਪਾਸੇ ਰਾਤ ਹੋਣ ਕਰਕੇ ਇਕ ਪਾਸੇ ਤੋਂ ਨਿਊਜ਼ੀਲੈਂਡ ਤੋਂ ਗੁੱਡ ਮਾਰਨਿੰਗ ਹੋਈ ਅਤੇ ਇੰਗਲੈਂਡ ਤੋਂ ਗੁੱਡ ਈਵਨਿੰਗ। ਬਹੁਤ ਹੀ ਗਰੀਬ ਪਰਿਵਾਰ ਦੇ ਵਿਚੋਂ ਉਚ ਸਿੱਖਿਆ ਪ੍ਰਾਪਤ ਇਸ ਮਹਿਨਾ ਨੇ ਮਨੋ-ਮਨ ਇਹ ਜ਼ਰੂਰ ਕਿਹਾ ਹੋਵੇਗਾ ਕਿ ਉਹ ਹੁਣ ਆਪਣੀ ਜੀਵਨ ਕਹਾਣੀ ਦੇ ਵਿਚ ਇਕ ਸੁਨਹਿਰੀ ਪੰਨਾ ਹੋਰ ਜੋੜ ਕੇ ਚਿਰ ਸਥਾਈ ਇਤਿਹਾਸ ਲਿਖੇਗੀ।




ਜੀਵਨ ਵੇਰਵਾ: ਬਹੁਤ ਹੀ ਗਰੀਬ ਪਰਿਵਾਰ ਦੇ ਵਿਚ ਇਸਦਾ ਜਨਮ 1958 ਦੇ ਵਿਚ ਹੋਇਆ ਅਤੇ ਮਾਪਿਆਂ ਦੇ 6 ਬੱਚਿਆਂ ਵਿਚੋਂ ਇਹ ਵੱਡੀ ਹੈ। ਇਸਨੇ ਉਚ ਸਤਰ ਦੀ ਪੜ੍ਹਾਈ ਕੀਤੀ ਹੋਈ ਹੈ। ਉਹ ਪੀ। ਐਚ। ਡੀ। ਅਤੇ ਐਮ। ਬੀ।ਏ ਇਨ ਬਿਜਨਸ ਐਡਮਨਿਸਟਰੇਸ਼ਨ ਹੈ। ਉਹ ਅਧਿਆਪਨ ਕਿੱਤੇ ਨਾਲ ਸਬੰਧਿਤ ਰਹੀ ਹੈ। 1995 ਤੋਂ 2000 ਤੱਕ ਮੈਸੀ ਯੂਨੀਵਰਸਿਟੀ ਸੀਨੀਅਰ ਲੈਕਚਰਾਰ (ਸ਼ੋਸ਼ਲ) ਵਜੋਂ ਪੜ੍ਹਾਇਆ। ਉਸਨੇ ਸੋਸ਼ਲ ਵਰਕਰ ਵਜੋਂ ਵੀ ਡਿਗਰੀ ਹਾਸਿਲ ਕੀਤੀ ਹੋਈ ਹੈ। 2003 ਤੋਂ 2008 ਤੱਕ ਉਹ 'ਚਿਲਡਰਨ ਕਮਿਸ਼ਨਰ' ਰਹੀ। ਯੂਨੀਵਰਸਿਟੀ ਆਫ ਔਕਲੈਂਡ ਦੇ ਵਿਚ ਉਹ ਪ੍ਰੋ ਵਾਈਸ ਚਾਂਸਲਰ ਮਾਓਰੀ ਰਹੀ ਹੈ ਅਤੇ ਇਸ ਵੇਲੇ ਰਾਇਲ ਸੁਸਾਇਟੀ ਟੀ ਅਪਾਰਾਂਗੀ ਦੀ ਚੀਫ ਐਗਜ਼ੀਕਿਊਟਿਵ ਹੈ। ਉਚ ਪੜ੍ਹਾਈ ਇਸ ਮਹਿਲਾ ਨੂੰ ਗੁਰਬਤ ਤੋਂ ਗਵਰਨਰ ਜਨਰਲ ਤੱਕ ਲੈ ਗਈ ਹੈ, ਜੋ ਕਿ ਇਕ ਉਦਾਹਰਣ ਹੈ। ਡੇਮ ਸਿੰਡੀ ਕਿਰੋ ਡਾ। ਰਿਚਰਡ ਡੇਵਿਸ ਦੇ ਨਾਲ ਵਿਆਹੀ ਹੋਈ ਹੈ ਅਤੇ ਇਸਦੇ ਚਾਰ ਬੇਟੇ ਹਨ। ਡੇਮ ਸਿੰਡੀ ਕੱਲ੍ਹ 21 ਅਕਤੂਬਰ ਨੂੰ ਦੇਸ਼ ਦੀ 22ਵੀਂ ਗਵਰਨਰ ਜਨਰਲ ਬਣ ਜਾਵੇਗੀ ਅਤੇ 1840 ਤੋਂ ਚੱਲੇ ਆ ਰਹੇ ਗਵਰਨਰ ਕਾਰਜ ਕਾਲ ਦੇ ਵਿਚ ਚੌਥੀ ਮਹਿਲਾ ਹੋਵੇਗੀ। ਉਸਨੇਪਿਛਲੇ ਭਾਸ਼ਣ ਦੀ ਸ਼ੁਰੂਆਤ ਮਾਓਰੀ, ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਦੇ ਨਾਲ ਹਿੰਦੀ ਦੇ ਵਿਚ ਨਮਸਕਾਰ ਕਹਿ ਕੇ ਕੀਤੀ ਸੀ। ਗਵਰਨਰ ਜਨਰਲ ਦਾ ਕੰਮ ਦੇਸ਼ ਦੀ ਰਾਣੀ ਦੀ ਪ੍ਰਤੀਨਿਧਤਾ ਕਰਨਾ ਹੁੰਦਾ ਹੈ। ਗਵਰਨਰ ਜਨਰਲ ਦੀ ਸਲਾਨਾ ਤਨਖਾਹ 3 ਲੱਖ, 71 ਹਜ਼ਾਰ 900 ਡਾਲਰ ਪ੍ਰਤੀ ਸਾਲ ਹੁੰਦੀ ਹੈ ਤੇ ਕੁਝ ਹੋਰ ਭੱਤੇ। ਵਰਨਣਯੋਗ ਹੈ ਕਿ ਨਿਊਜ਼ੀਲੈਂਡ ਦੇ ਵਿਚ 2006 ਤੋਂ 2011 ਤੱਕ ਭਾਰਤੀ ਮੂਲ ਦੇ ਸਰ ਅਨੰਦ ਸੱਤਿਆਨੰਦ ਵੀ 19ਵੇਂ ਗਵਰਨਰ ਜਨਰਲ ਰਹਿ ਚੁੱਕੇ ਹਨ। ਵਿਗਿਆਨ ਭਵਨ ਦੇ ਵਿਚ ਸੰਨ 2011 ਦੇ ਵਿਚ ਉਨ੍ਹਾਂ ਨੂੰ ਨੌਵੇਂ ਪ੍ਰਵਾਸੀ ਭਾਰਤੀ ਸੰਮੇਲਨ ਮੌਕੇ ਪ੍ਰਵਾਸੀ ਭਾਰਤੀਆ ਸਨਮਾਨ ਵੀ ਦਿੱਤਾ ਗਿਆ ਸੀ।

# 24 ਸਾਲਾ ਕੁੜੀ ਅਮਨਦੀਪ ਧੀਰ ਪਾਪਾਕੁਰਾ ਨੇ ਵੀਡੀਓ ਕਾਨਫਰੰਸ ਰਾਹੀਂ ਬੈਰਿਸਟਰ ਅਤੇ ਸੋਲੀਸਿਟਰ ਬਣੀ





**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਬੱਚੇ ਕੱਲ੍ਹ ਦਾ ਭਵਿੱਖ ਕਹੇ ਜਾਂਦੇ ਹਨ ਅਤੇ ਮਾਪਿਆਂ ਦੇ ਲਈ ਧੀਅ ਕਦੋਂ ਵੱਡੀ ਹੋ ਕੇ ਆਪਣੀ ਮਿਹਨਤ ਲਗਨ ਦੇ ਨਾਲ ਉਚ ਪੜ੍ਹਾਈ ਵੀ ਕਰ ਗਈ ਪਤਾ ਹੀ ਨਹੀਂ ਲਗਦਾ। ਪਾਪਾਕੁਰਾ ਨਿਵਾਸੀ ਸ। ਦਲਬੀਰ ਸਿੰਘ ਧੀਰ-ਸ੍ਰੀਮਤੀ ਦਲਜੀਤ ਕੌਰ ਧੀ ਦੀ 24 ਸਾਲਾ ਧੀਅ ਅਮਨਦੀਪ ਧੀਰ ਅੱਜ ਔਕਲੈਂਡ ਹਾਈਕੋਰਟ ਵੱਲੋਂ ਕੀਤੇ ਗਏ ਵੀਡੀਓ ਕਾਨਫਰੰਸ ਸਹੁੰ ਚੁੱਕ ਸਮਾਗਮ ਵਿਚ ਸਹੁੰ ਚੁੱਕ ਕੇ ਰਸਮੀ ਬੈਰਿਸਟਰ ਅਤੇ ਸੋਲੀਸੀਟਰ ਬਣ ਗਈ ਹੈ। ਇਸ ਨੇ ਐਲ। ਐਲ। ਬੀ। ਦੀ ਪੜ੍ਹਾਈ ਔਕਲੈਂਡ ਯੂਨੀਵਰਸਿਟੀ ਆਫ਼ ਟੈਕਨ-ਾਲੋਜ਼ੀ ਤੋਂ ਪੂਰੀ ਕਰਕੇ, ਇਸੇ ਸਾਲ ਗ੍ਰੈਜੂਏਸ਼ਨ ਦੀ ਡਿਗਰੀ ਹਾਸਿਲ ਕੀਤੀ ਸੀ। ਅੱਜ ਰਸਮੀ ਅਡਮਿਸ਼ਨ ਸੈਰੇਮਨੀ ਹਾਈ ਕੋਰਟ ਦੇ ਮਾਣਯੋਗ ਜੱਜ ਵੱਲੋਂ ਕੀਤੀ ਗਈ ਜੋ ਕਿ ਕਰੋਨਾ ਦੇ ਚਲਦਿਆਂ ਲੇਟ ਹੋ ਗਈ ਸੀ। ਅੱਜ ਦੇ ਸਮਾਗਮ ਵਿਚ ਸ਼ਾਇਦ ਇਹ ਇਕੋ-ਇਕ ਪੰਜਾਬੀ ਕੁੜੀ ਸੀ। ਨਿਊਜ਼ੀਲੈਂਡ ਜਨਮੀ ਇਹ ਪੰਜਾਬੀ ਕੁੜੀ ਅਮਨਦੀਪ ਧੀਰ ਨੇ ਆਪਣੀ ਮੁੱਢਲੀ ਪੜ੍ਹਾਈ ਪਾਪਾਕੁਰਾ ਦੇ ਉਪਾਹੇਕੀ ਸਕੂਲ ਅਤੇ ਰੋਜ਼ਹਿਲ ਕਾਲਜ ਤੋਂ ਪੂਰੀ ਕੀਤੀ ਸੀ। ਕੁੜੀ ਪੂਰੀ ਤਰ੍ਹਾਂ ਜਿੱਥੇ ਪੰਜਾਬੀ ਬੋਲ ਲੈਂਦੀ ਹੈ, ਉਥੇ ਛੋਟੇ ਹੁੰ-ਦਿਆਂ ਗੁਰਬਾਣੀ ਕੀਰਤਨ ਵੀ ਗੁਰਦੁਆਰਾ ਸਾਹਿਬ ਬੇਗਮਪੁਰਾ ਪਾਪਾਕੁਰਾ ਵਿਖੇ ਕਰਦੀ ਰਹੀ ਹੈ। ਕਮਿਊਨਿਟੀ ਦੇ ਕਾਰਜਾਂ ਵਿਚ ਵੀ ਇਸ ਕੁੜੀ ਦਾ ਕਾਫੀ ਯੋਗਦਾਨ ਰਹਿੰਦਾ ਹੈ ਅਤੇ ਇਸ ਵੇਲੇ 'ਹੈਲਪਿੰਗ ਸਿੱਖ ਕਮਨਿਊਟੀ ਟ੍ਰਸਟ' ਦੀ ਇਹ ਸਕੱਤਰ ਵੀ ਹੈ। ਗੁਰਦੁਆਰਾ ਸਾਹਿਬ ਦੇ ਇਮੀਗ੍ਰੇਸ਼ਨ ਕਾਰਜਾਂ ਦੇ ਵਿਚ ਵੀ ਇਹ ਕੁੜੀ ਸਹਿਯੋਗ ਕਰਦੀ ਹੈ। ਇਸ ਵੇਲੇ ਫ੍ਰੈਂਕਲਿਨ ਲਾਅ ਕੰਪਨੀ ਪੁੱਕੀਕੋਹੀ ਦੇ ਵਿਚ ਉਹ ਕੰਮ ਕਰ ਰਹੀ ਹੈ। ਇਸ ਕੁੜੀ ਦਾ ਅਗਲਾ ਸੁਪਨਾ ਆਪਣੀ ਅਗਲੇਰੀ ਕਾਨੂੰਨੀ ਪੜ੍ਹਾਈ ਜਾਰੀ ਰੱਖ ਕੇ ਕਿਸੇ ਉਚ ਅਹੁਦੇ ਤੱਕ ਪਹੁੰਚਣਾ ਹੈ। ਇਸ ਦੀ ਵੱਡੀ ਭੈਣ ਕਿਰਨਦੀਪ ਧੀਰ ਨੇ ਵੀ ਨੈਚੁਰਲ ਪੈਥੀ ਅਤੇ ਲੀਗਲ ਐਗਜ਼ੈਗਟਿਵ ਦੀ ਪੜ੍ਹਾਈ ਕੀਤੀ ਹੋਈ ਹੈ। ਛੋਟਾ ਭਰਾ ਸੁੱਖਵਿੰਦਰ ਸਿੰਘ ਧੀਰ ਵੀ ਆਪਣੀ ਇਸ ਭੈਣ ਦੀ ਪ੍ਰਾਪਤ ਉਤੇ ਖੁਸ਼ ਹੈ। ਸੋ ਸਮੁੱਚੇ ਧੀਰ ਪਰਿਵਾਰ ਨੂੰ ਗੁਰਦੁਆਰਾ ਸਾਹਿਬ ਬੇਗਮਪੁਰਾ ਤੋਂ ਸ। ਰਾਮ ਲਾਲ ਸਿੰਘ, ਸਮੂਹ ਮੈਨੇਮੈਂਟ ਅਤੇ ਪੰਜਾਬੀ ਮੀਡੀਆ ਵੱਲੋਂ ਵਧਾਈ ਦਿੱਤੀ ਜਾਂਦੀ ਹੈ।

# ਹਾਈਪਰਸੋਨਿਕ ਮਿਜ਼ਾਈਲ ਤਿਆਰ ਕਰਨ ਵਾਲੇ ਕੁਝ ਦੇਸ਼ਾਂ 'ਚ ਭਾਰਤ ਵੀ ਸ਼ਾਮਲ

ਵਾਸ਼ਿੰਗਟਨ- ਅਮਰੀਕੀ ਸੰਸਦ ਦੀ ਇਕ ਸੁਤੰਤਰ ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ ਉਨ੍ਹਾਂ ਕੁਝ ਖ਼ਾਸ ਦੇਸ਼ਾਂ 'ਚ ਸ਼ਾਮਲ ਹੈ ਜਿਹੜੇ ਹਾਈਪਰਸੋਨਿਕ ਹਥਿਆਰ ਵਿਕਸਤ ਕਰ ਰਹੇ ਹਨ। ਅਮਰੀਕੀ ਸੰਸਦ ਦੀ ਇਹ ਰਿਪੋਰਟ ਅਜਿਹੇ ਸਮੇਂ 'ਚ ਆਈ ਹੈ, ਜਦੋਂ ਹਾਲੀਆ ਇਕ ਮੀਡੀਆ ਰਿਪੋਰਟ 'ਚ ਦਾਅਵਾ ਕੀਤਾ ਗਿਆ ਕਿ ਚੀਨ ਨੇ ਇਕ ਪਰਮਾਣੂ ਸਮਰੱਥ ਹਾਈਪਰਸੋਨਿਕ ਮਿਜ਼ਾਈਲ ਲਾਂਚ ਕੀਤੀ ਹੈ, ਜਿਸ ਨੇ ਆਪਣੇ ਟੀਚੇ ਤੋਂ ਅਸਫਲ ਹੋਣ ਤੋਂ ਪਹਿਲਾਂ ਪੂਰੀ ਧਰਤੀ ਦਾ ਚੱਕਰ ਲਗਾਇਆ ਸੀ। ਚੀਨ ਨੇ ਆਪਣੇ ਇਸ ਪ੍ਰੀਖਣ ਨਾਲ ਅਮਰੀਕੀ ਖ਼ੁਫ਼ੀਆ ਏਜੰਸੀਆਂ ਨੂੰ ਹੈਰਾਨ ਕਰ ਦਿੱਤਾ ਹੈ।

ਸੁਤੰਤਰ 'ਕਾਂਗਰੈਸ਼ਨਲ ਰਿਸਰਚ ਸਰਵਿਸ' (ਸੀਆਰਐੱਸ) ਨੇ ਇਸ ਹਫ਼ਤੇ ਆਪਣੀ ਰਿਪੋਰਟ 'ਚ ਕਿਹਾ ਕਿ ਅਮਰੀਕਾ, ਰੂਸ ਤੇ ਚੀਨ ਦੇ ਸਭ ਤੋਂ ਆਧੁਨਿਕ ਹਾਈਪਰਸੋਨਿਕ ਹਥਿਆਰ ਪ੍ਰੋਗਰਾਮ ਹਨ, ਪਰ ਆਸਟ੍ਰੇਲੀਆ, ਭਾਰਤ, ਫਰਾਂਸ, ਜਰਮਨੀ ਤੇ ਜਾਪਾਨ ਸਮੇਤ ਕੁਝ ਹੋਰ ਦੇਸ਼ ਵੀ ਹਾਈਪਰਸੋਨਿਕ ਹਥਿਆਰ ਤਕਨੀਕ ਵਿਕਸਤ ਕਰ ਰਹੇ ਹਨ।

ਸੀਆਰਐੱਸ ਨੇ ਆਪਣੀ ਰਿਪੋਰਟ 'ਚ ਕਿਹਾ ਕਿ ਆਸਟ੍ਰੇਲੀਆ ਨੇ ਅਮਰੀਕਾ ਤੇ ਭਾਰਤ ਨੇ ਰੂਸ ਨਾਲ ਇਸ ਸਬੰਧ 'ਚ ਗਠਜੋੜ ਕੀਤਾ ਹੈ। ਰਿਪੋਰਟ ਮੁਤਾਬਕ ਭਾਰਤ ਨੇ ਮੈਕ 7 ਹਾਈਪਰਸੋਨਿਕ ਕਰੂਜ਼ ਮਿਜ਼ਾਈਲ ਬ੍ਰਹਮੋਸ-2 ਨੂੰ ਵਿਕਸਤ ਕਰਨ ਲਈ ਰੂਸ ਨਾਲ ਗਠਜੋੜ ਕੀਤਾ ਹੈ। ਹਾਲਾਂਕਿ ਬ੍ਰਹਮੋਸ-2 ਨੂੰ ਸ਼ੁਰੂਆਤ 'ਚ 2017 'ਚ ਤਿਆਰ ਕਰਨ ਦਾ ਟੀਚਾ ਰੱਖਿਆ ਗਿਆ ਸੀ, ਪਰ ਰਿਪੋਰਟ ਸੰਕੇਤ ਦਿੰਦੀ ਹੈ ਕਿ ਇਸ ਪ੍ਰੋਗਰਾਮ 'ਚ ਕਾਫ਼ੀ ਦੇਰ ਹੋ ਗਈ ਤੇ ਹੁਣ ਇਸਦੇ 2025 ਤੇ 2028 ਵਿਚਾਲੇ ਸ਼ੁਰੂਆਤੀ ਚਲਨ ਸਮਰੱਥਾ ਹਾਸਲ ਕਰਨ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ। ਸੀਆਰਐੱਸ ਨੇ ਕਿਹਾ ਕਿ ਅਜਿਹਾ ਦੱਸਿਆ ਜਾ ਰਿਹਾ ਹੈ ਕਿ ਭਾਰਤ ਆਪਣੇ ਹਾਈਪਰਸੋਨਿਕ ਟੈਕਨਾਲੋਜੀ ਪ੍ਰਦਰਸ਼ਕ ਵਾਹਨ ਪ੍ਰੋਗਰਾਮ ਦੇ ਤਹਿਤ ਇਕ ਦੇਸੀ, ਦੋਹਰੇ ਰੂਪ ਨਾਲ ਸਮਰੱਥ ਹਾਈਪਰਸੋਨਿਕ ਕਰੂਜ਼ ਮਿਜ਼ਾਈਲ ਵੀ ਵਿਕਸਤ ਕਰ ਰਿਹਾ ਹੈ ਤੇ ਉਸਨੇ ਜੂਨ 2019 ਤੇ ਸਤੰਬਰ 2020 ਦੇ ਵਿਚ ਮੈਕ 6 ਸਕ੍ਰੈਮਜੈੱਟ ਦਾ ਕਾਮਯਾਬੀ ਨਾਲ ਪ੍ਰੀਖਣ ਕੀਤਾ ਸੀ।

# ਸਿਆਸੀ ਪਾਰਟੀਆਂ ਜਾਂ ਪ੍ਰਾਈਵੇਟ ਲਿਮਟਿਡ ਕੰਪਨੀਆਂ



ਗੁਰਮੀਤ ਪਲਾਹੀ
91-98158-02070

ਭਾਰਤ ਦੀਆਂ ਲਗਭਗ ਸਾਰੀਆਂ ਸਿਆਸੀ ਧਿਰਾਂ ਵਿੱਚ ਅੰਦਰੂਨੀ ਲੋਕਤੰਤਰ ਲਗਭਗ ਸਿਫ਼ਰ ਦੇ ਬਰਾਬਰ ਹੁੰਦਾ ਜਾ ਰਿਹਾ ਹੈ। ਇਹ ਭਾਰਤੀ ਲੋਕਤੰਤਰ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ। ਇਸ ਸਮੇਂ ਬਹੁਤੀਆਂ ਸਿਆਸੀ ਪਾਰਟੀਆਂ ਪ੍ਰਾਈਵੇਟ ਲਿਮਟਿਡ ਕੰਪਨੀਆਂ ਦੀ ਤਰ੍ਹਾਂ ਕੰਮ ਕਰਨ ਲੱਗ ਗਈਆਂ ਹਨ। ਲਗਭਗ ਸਾਰੀਆਂ ਪਾਰਟੀਆਂ ਵਿੱਚ ਉਪਰਲੇ ਦੋ ਜਾਂ ਤਿੰਨ "ਮੈਂਬਰ ਚੌਧਰੀ" ਪੂਰੀ ਪਾਰਟੀ ਨੂੰ ਕੰਟਰੋਲ ਕਰਦੇ ਹਨ ਅਤੇ ਆਪਣੀ ਮਨਮਰਜ਼ੀ ਨਾਲ ਆਪਣੇ ਆਪਹੁਦਰੇਪਨ ਦਾ ਸਿੱਕਾ, ਧੌਂਸ ਜਮਾਉਂਦੇ ਹਨ।

ਕਾਂਗਰਸ ਵਿੱਚ ਸੋਨੀਆ ਗਾਂਧੀ, ਰਾਹੁਲ, ਪ੍ਰਿਯੰਕਾ(ਮਾਂ, ਪੁੱਤ, ਧੀ) ਦਾ ਗਲਬਾ ਹੈ।ਭਾਜਪਾ 'ਚ ਨਰੇਂਦਰ ਮੋਦੀ, ਅਮਿਤ ਸ਼ਾਹ ਕਿਸੇ ਹੋਰ ਨੂੰ ਖੰਘਣ ਨਹੀਂ ਦੇਂਦੇ। ਖੇਤਰੀ ਪਾਰਟੀਆਂ 'ਚ ਬਾਦਲ ਅਕਾਲੀ ਦਲ ਬਾਦਲ(ਪਿਓ, ਪੁੱਤਰ-ਨੂੰਹ) ਕਾਬਜ਼ ਹਨ। ਹਰਿਆਣਾ 'ਚ ਚੌਟਾਲਿਆਂ ਦੀ ਪਾਰਟੀ ਲੋਕਦਲ ਉਤੇ ਚੌਟਾਲਾ ਅਤੇ ਪੁੱਤਰ-ਜ਼ੋਰਾਵਰ ਹਨ। ਬਸਪਾ 'ਚ ਮਾਇਆਵਤੀ ਕਿਸੇ ਨੂੰ ਕੁਸਕਣ ਨਹੀਂ ਦਿੰਦੀ। ਯੂ.ਪੀ. 'ਚ ਸਮਾਜਵਾਦੀ ਪਾਰਟੀ 'ਚ ਮੁਲਾਇਮ ਸਿੰਘ ਯਾਦਵ ਅਤੇ ਉਸਦਾ ਪੁੱਤਰ ਰਾਜ ਕਰਦੇ ਹਨ। ਲਾਲੂ ਪ੍ਰਸ਼ਾਦ ਯਾਦਵ ਬਿਹਾਰ ਵਿੱਚ ਆਪਣੀ ਪਤਨੀ-ਪੁੱਤਰਾਂ ਤੋਂ ਅੱਗੇ ਕਿਸੇ ਨੂੰ ਨੇੜੇ ਨਹੀਂ ਆਉਣ ਦੇਂਦੇ। ਕੇਜਰੀਵਾਲ ਆਮ ਆਦਮੀ ਪਾਰਟੀ ਦਾ ਸਰਬੋ-ਸਰਬਾ ਹੈ। ਗੱਲ ਇਹ ਹੈ ਕਿ ਦੇਸ਼ ਦੇ ਉੱਤਰ, ਦੱਖਣ, ਪੂਰਬ, ਪੱਛਮ 'ਚ ਜਿੰਨੀਆਂ ਵੀ ਖੇਤਰੀ ਜਾਂ ਇਲਾਕਾਈ ਪਾਰਟੀਆਂ ਜਾਂ ਇਥੋਂ ਤੱਕ ਕਿ ਬਹੁਤੀਆਂ ਰਾਸ਼ਟਰੀ ਪਾਰਟੀਆਂ ਵਿੱਚ ਪਾਰਟੀ ਪ੍ਰਧਾਨ ਦੀ ਚੋਣ ਲਈ ਸੰਵਿਧਾਨ ਅਨੁਸਾਰ ਚੋਣ ਨਹੀਂ ਕੀਤੀ ਜਾਂਦੀ ਜਾਂ ਚੋਣ ਲਗਾਤਾਰ ਲਮਕਾਈ ਜਾਂਦੀ ਹੈ।

ਦੇਸ਼ ਦੀ ਬਹੁ ਚਰਚਿਤ ਸਿਆਸੀ ਪਾਰਟੀ ਕਾਂਗਰਸ, ਜਿਸਨੇ ਕਈ ਦਹਾਕੇ ਦੇਸ਼ ਉਤੇ ਰਾਜ ਕੀਤਾ, ਕੀ ਕਾਂਗਰਸ ਪ੍ਰਧਾਨ, ਪਿਛਲੇ 15-20 ਸਾਲ ਵਿੱਚ ਅਸਲ ਵਿੱਚ ਉਵੇਂ ਹੀ ਨਿਯੁੱਕਤ ਹੋਇਆ, ਜਿਵੇਂ ਅਮਰੀਕਾ ਅਤੇ ਬਰਤਾਨੀਆ ਆਦਿ ਲੋਕਤੰਤਰਿਕ ਦੇਸ਼ਾਂ ਵਿੱਚ ਸ਼ੁੱਧ ਚੋਣਾਂ ਅਧਾਰਿਤ ਨਿਯੁੱਕਤ ਹੁੰਦਾ ਹੈ। ਸਾਲ 2019 ਵਿੱਚ ਹੋਈਆਂ ਲੋਕ ਸਭਾ ਚੋਣਾਂ ਤੋਂ ਬਾਅਦ ਰਾਹੁਲ ਗਾਂਧੀ ਨੇ ਕਾਂਗਰਸ ਦੇ ਪ੍ਰਧਾਨ ਦੇ ਆਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ, ਉਸਦੇ ਬਾਅਦ ਉਸ ਅਹੁਦੇ ਨੂੰ ਭਰਨ ਲਈ ਕੋਈ ਚੋਣ ਹੋਈ? ਬਿਲਕੁਲ ਵੀ ਨਹੀਂ। ਰਾਹੁਲ ਦੀ ਮਾਤਾ ਅਤੇ ਪਿਛਲੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਦੋਬਾਰਾ ਪ੍ਰਧਾਨਗੀ ਮੋਰਚਾ ਸੰਭਾਲ ਲਿਆ।

ਅਰਥਾਤ ਕਾਂਗਰਸ-ਪ੍ਰਧਾਨ ਘੁੰਮ ਫਿਰਕੇ ਫਿਰ ਉਸੇ ਪਰਿਵਾਰ ਵਿਚੋਂ ਆ ਗਿਆ। ਪਾਰਟੀ ਦੇ ਜਿਹਨਾ 23 ਧੁਰੰਤਰ ਨੇਤਾਵਾਂ ਨੇ ਪੱਕਾ ਕਾਂਗਰਸ ਪ੍ਰਧਾਨ ਲਈ ਚੋਣ ਕਰਨ ਦੀ ਆਵਾਜ਼ ਉਠਾਈ। ਉਹਨਾ ਨੂੰ ਨੁਕਰੇ ਲਗਾ ਦਿੱਤਾ ਗਿਆ। ਡੇਢ ਸਾਲ ਦੇ ਅਰਸੇ ਤੋਂ ਬਾਅਦ ਕਾਂਗਰਸ ਕਾਰਜਕਰਨੀ ਦੀ ਬੈਠਕ ਵਿੱਚ 2022 ਸਤੰਬਰ 'ਚ ਪਾਰਟੀ ਪ੍ਰਧਾਨ ਦੀ ਚੋਣ ਕਰਾਉਣ ਦਾ ਐਲਾਨ ਕੀਤਾ ਗਿਆ।

ਕਾਂਗਰਸ ਪਾਰਟੀ ਦੇਸ਼ ਵਿੱਚ ਇੱਕ ਮਾਤਰ ਵਿਰੋਧੀ ਪਾਰਟੀ ਹੈ, ਜੋ ਸੱਚਮੁੱਚ ਅਖਿਲ ਭਾਰਤੀ ਪਾਰਟੀ ਹੈ। ਕਾਂਗਰਸ ਪਾਰਟੀ ਦੀ ਹਾਲਤ ਭਾਵੇਂ ਪੂਰੇ ਦੇਸ਼ ਵਿੱਚ ਕਾਫ਼ੀ ਕਮਜ਼ੋਰ ਹੋ ਗਈ ਹੈ, ਪਰ ਇਸਦੇ ਬਾਵਜੂਦ ਵੀ ਸ਼ਾਇਦ ਹੀ ਦੇਸ਼ ਦਾ ਕੋਈ ਜ਼ਿਲਾ ਹੋਵੇ ਜਿਥੇ ਕਾਂਗਰਸ ਦੇ ਵਰਕਰ ਨਾ ਮਿਲਣ। ਲੇਕਿਨ ਇਹ ਵੀ ਸਚਾਈ ਹੈ ਕਿ ਕਾਂਗਰਸ ਦੇ ਵਰਕਰ ਜਾਂ ਰਹਿੰਦੇ ਖੂੰਹਦੇ ਨਾਮਵਰ ਨੇਤਾ ਹੋਰ ਸਿਆਸੀ ਪਾਰਟੀਆਂ 'ਚ ਸ਼ਾਮਲ ਹੁੰਦੇ ਜਾ ਰਹੇ ਹਨ। ਇਹੀ ਪਰਕਿਰਿਆ ਜੇਕਰ ਦੇਸ਼ ਵਿੱਚ ਜਾਰੀ ਰਹੀ ਤਾਂ ਅਗਲੇ ਪੰਜ ਸੱਤ ਸਾਲਾਂ ਵਿੱਚ ਚੀਨ ਅਤੇ ਰੂਸ ਦੀ ਤਰ੍ਹਾਂ ਭਾਰਤ ਵਿੱਚ ਵੀ ਇੱਕ ਨੇਤਾ, ਇੱਕ ਨਾਹਰਾ ਅਤੇ ਇੱਕ ਪਾਰਟੀ ਅਰਥਾਤ ਭਾਜਪਾ ਦਾ ਪੱਕਾ ਰਾਜ ਹੋ ਜਾਏਗਾ, ਜਿਹੜੀ ਬਿਨ੍ਹਾਂ ਝਿਜਕ, ਬਿਨ੍ਹਾਂ ਰੁਕਾਵਟ ਆਪਣਾ ਹਿੰਦੂਤਵ ਦਾ ਅਜੰਡਾ ਲਾਗੂ ਕਰ ਲਵੇਗੀ, ਜੋ ਕਦਾਚਿਤ ਵੀ ਦੇਸ਼ ਹਿੱਤ ਵਿੱਚ ਨਹੀਂ ਹੋਏਗਾ।

ਪਿਛਲੇ ਸਾਲਾਂ 'ਚ ਇਸ ਅਖਿਲ ਭਾਰਤੀ ਸਿਆਸੀ ਪਾਰਟੀ ਕਾਂਗਰਸ ਦਾ ਬੁਰੀ ਤਰ੍ਹਾਂ ਨਾਲ ਸਫਾਇਆ ਹੋਇਆ ਹੈ। ਕਾਂਗਰਸ ਦੀਆਂ ਕਰਨਾਟਕ ਅਤੇ ਪਾਂਡੀਚੇਰੀ ਵਿੱਚ ਸਰਕਾਰਾਂ ਡਿੱਗ ਗਈਆਂ। ਪੱਛਮੀ ਬੰਗਾਲ 'ਚ ਕਾਂਗਰਸ ਦੇ ਪੱਲੇ ਕੁਝ ਨਾ ਰਿਹਾ। ਮੱਧ ਪ੍ਰਦੇਸ਼ ਵਿੱਚ ਚਲਦੀ ਚਲਦੀ ਕਾਂਗਰਸ ਦੀ ਸਰਕਾਰ ਡੇਗ ਦਿੱਤੀ ਗਈ।

ਪੰਜਾਬ, ਰਾਜਸਥਾਨ ਅਤੇ ਛੱਤੀਸਗੜ੍ਹ ਵਿੱਚ ਕਾਂਗਰਸ ਪਾਰਟੀ ਅੰਦਰੂਨੀ ਦੰਗਲ ਕਾਰਨ ਲਗਾਤਾਰ ਸੁਰਖੀਆਂ ਵਿੱਚ ਹੈ। ਪੰਜਾਬ 'ਚ ਤਾਂ ਕਾਂਗਰਸ ਹਾਈਕਮਾਂਡ ਨੇ ਇਹੋ ਜਿਹਾ ਕਾਟੋ-ਕਲੇਸ਼ ਆਪਣੀ ਧੌਂਸ ਜਮਾਉਣ ਖਾਤਰ ਪਾਇਆ ਹੋਇਆ ਹੈ ਕਿ ਇਹ ਕਿਸੇ ਤਣ-ਪੱਤਣ ਨਹੀਂ ਲੱਗ ਰਿਹਾ। ਕੈਪਟਨ ਅਮਰਿੰਦਰ ਸਿੰਘ ਕਾਂਗਰਸ 'ਚੋਂ ਬੇਇਜ਼ਤ ਕਰ ਬਾਹਰ ਤੋਰ ਦਿੱਤਾ ਗਿਆ। ਹਾਲਾਤ ਹੁਣ ਨਵਜੋਤ ਸਿੰਘ ਸਿੱਧੂ ਦੇ ਵੀ ਕਾਂਗਰਸ ਵਿੱਚੋਂ ਰੁਖ਼ਸਤ ਕਰਨ ਦੇ ਬਣੇ ਹੋਏ ਹਨ। ਇਸ ਸਭ ਕੁਝ ਦਾ ਫ਼ਾਇਦਾ ਕੀ ਹੋ ਰਿਹਾ ਹੈ?

ਕਾਂਗਰਸ ਜਿਹੜੀ ਦੇਸ਼ ਵਿੱਚ ਵਿਰੋਧੀ ਦਲ ਦੇ ਤੌਰ 'ਤੇ ਜਾਣੀ ਜਾਂਦੀ ਹੈ, ਪਰ ਉਸਦੀ ਆਵਾਜ਼ ਕਿਧਰੇ ਵੀ ਸੁਣਾਈ ਨਹੀਂ ਦਿੰਦੀ। ਭਾਜਪਾ ਦੀ ਸਰਕਾਰ ਨੂੰ ਕਿਸੇ ਦਮਦਾਰ ਵਿਰੋਧ ਦਾ ਸਾਹਮਣਾ ਹੀ ਨਹੀਂ ਕਰਨਾ ਪੈ ਰਿਹਾ ਹਾਲਾਂਕਿ ਕੁਝ ਇਹੋ ਜਿਹੇ ਮੁੱਦੇ ਹਨ, ਜਿਹਨਾ ਉਤੇ ਵਿਰੋਧੀ ਧਿਰ ਵੱਡੀ ਲੋਕ ਆਵਾਜ਼ ਖੜੀ ਕਰ ਸਕਦੀ ਹੈ। ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦਾ ਮੁੱਦਾ ਇੱਕ ਹੈ। ਪੈਟਰੋਲੀਅਮ ਪਦਾਰਥਾਂ ਸਮੇਤ ਰਸੋਈ ਗੈਸ ਦਾ ਮੁੱਦਾ ਦੂਜਾ ਹੈ। ਜੰਮੂ ਕਸ਼ਮੀਰ ਵਿੱਚ ਹੋਈ ਘੱਟ ਗਿਣਤੀਆਂ ਦੀ ਹੱਤਿਆ ਅਤੇ ਵਿਦੇਸ਼ ਨੀਤੀਆਂ ਦੇ ਮਾਮਲਿਆਂ 'ਤੇ ਤਿੱਖੇ ਸਵਾਲ ਚੁੱਕੇ ਜਾ ਸਕਦੇ ਹਨ। ਇਹ ਮਸਲੇ ਕਾਂਗਰਸ ਨੂੰ ਆਉਣ ਵਾਲੀਆਂ ਯੂ.ਪੀ., ਪੰਜਾਬ ਅਤੇ ਹੋਰ ਵਿਧਾਨ ਸਭਾ ਚੋਣਾਂ 'ਚ ਵੱਡਾ ਫਾਇਦਾ ਦੇ ਸਕ ਹਨ। ਜੇਕਰ ਕਾਂਗਰਸ ਦੇ ਵਰਕਰਾਂ ਅਤੇ ਛੋਟੇ ਨੇਤਾਵਾਂ ਤੋਂ ਕਾਂਗਰਸ ਦੀ ਵਿਧਾਨ ਸਭਾ ਚੋਣਾਂ 'ਚੋਂ ਸਫ਼ਲਤਾ ਬਾਰੇ ਸਵਾਲ ਪੁੱਛੇ ਜਾਂਦੇ ਹਨ ਤਾਂ ਉਹ ਚੁੱਪ ਰਹਿਣਾ ਪਸੰਦ ਕਰਦੇ ਹਨ, ਕਿਉਂਕਿ ਕਾਂਗਰਸ ਵਿੱਚ ਵੀ ਬਾਕੀ ਪਾਰਟੀਆਂ ਵਾਂਗਰ "ਜੀ-ਹਜ਼ੂਰੀ" ਨੇਤਾਵਾਂ, ਵਰਕਰਾਂ ਦੀ ਹੀ ਪੁੱਛ ਪ੍ਰਤੀਤ ਹੈ। ਉਹ ਜਿਹੜੇ ਸੋਨੀਆ ਗਾਂਧੀ, ਰਾਹੁਲ ਗਾਂਧੀ ਜਾਂ ਪ੍ਰਿਯੰਕਾ ਵਾਡਰਾ ਦੀ ਚਾਪਲੂਸੀ ਕਰਦੇ ਹਨ, ਉਹੀ "ਚੌਧਰੀ" ਬਣਦੇ ਹਨ।

ਇਹ ਹਾਲ ਇਕੱਲਾ ਇਸ ਰਾਸ਼ਟਰੀ ਪਾਰਟੀ ਕਾਂਗਰਸ ਦਾ ਹੀ ਨਹੀਂ ਹੈ। ਬਾਦਲ ਅਕਾਲੀ ਦਲ ਦੇ ਮਾਲਕ "ਬਾਦਲ ਪਰਿਵਾਰ" ਦਾ ਮੁੱਖ ਆਹੁਦੇਦਾਰ ਸੁਖਬੀਰ ਸਿੰਘ ਬਾਦਲ, ਜਿਸਨੂੰ ਵੀ ਚਾਹੁੰਦਾ ਹੈ, ਆਉਣ ਵਾਲੀਆ ਵਿਧਾਨ ਸਭਾ ਚੋਣਾਂ ਲਈ ਟਿਕਟਾਂ ਵੰਡੀ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ (ਬ) ਦੀ ਪਾਰਲੀਮਾਨੀ ਬੋਰਡ 'ਚ, ਜਾਂ ਟਿਕਟਾਂ ਵੰਡਣ ਵਾਲੇ ਬੋਰਡ ਦੀ ਮੀਟਿੰਗ 'ਚ ਕੋਈ ਇਸ ਬਾਰੇ ਫ਼ੈਸਲੇ ਨਹੀਂ ਹੋਏ। ਕੋਈ ਸੰਵਿਧਾਨ ਅਨੁਸਾਰ ਪ੍ਰਧਾਨਗੀ ਚੋਣ ਨਹੀਂ। ਜਿਥੇ ਪ੍ਰਧਾਨ ਜੀ ਗਏ, ਚੰਗਾ ਇਕੱਠ ਵੇਖਿਆ, ਪਾਰਟੀ ਟਿਕਟ ਦਾ ਐਲਾਨ ਕਰ ਦਿੱਤਾ। ਹਾਲਾਂਕਿ ਪਾਰਟੀ ਸੰਵਿਧਾਨ ਅਨੁਸਾਰ ਪਾਰਟੀ ਪ੍ਰਧਾਨ ਦੀ ਚੋਣ ਅਕਾਲੀ ਦਲ (ਬਾਦਲ) ਵਲੋਂ ਵੀ ਕਦੇ ਨਹੀਂ ਕੀਤੀ ਗਈ ਅਤੇ ਪਾਰਟੀ ਦੇ ਦੋ ਸੰਵਿਧਾਨ ਹੋਣ ਦਾ ਮੁਆਮਲਾ ਹੁਸ਼ਿਆਰਪੁਰ ਦੀ ਇੱਕ ਮਾਨਯੋਗ ਅਦਾਲਤ ਵਿੱਚ ਚੱਲ ਰਿਹਾ ਹੈ। ਇਹੋ ਜਿਹਾ ਹਾਲ ਹੀ ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਮਾਇਆਵਤੀ ਦਾ ਹੈ, ਜਿਹੜੇ ਨਿੱਤ ਸੂਬਿਆਂ, ਜ਼ਿਲਿਆਂ ਦੇ ਪ੍ਰਧਾਨ ਆਪਣੀ ਮਰਜ਼ੀ ਨਾਲ ਬਦਲਦੀ ਹੈ। ਜਿਸ ਪਾਰਟੀ ਨਾਲ ਵੀ ਚਾਹੇ, ਜਦੋਂ ਵੀ ਚਾਹੇ ਗੱਠਜੋੜ ਕਰ ਸਕਦੀ ਹੈ ਜਾਂ ਤੋੜ ਸਕਦੀ ਹੈ ਅਤੇ ਸਥਾਨਕ ਪਾਰਟੀ ਵਰਕਰਾਂ ਤੋਂ ਇਸ ਸਬੰਧੀ ਕੋਈ ਰਾਏ ਨਹੀਂ ਲਈ ਜਾਂਦੀ। ਪੰਜਾਬ ਇਸਦੀ ਇੱਕ ਉਦਾਹਰਨ ਹੈ, ਜਿਥੇ ਬਾਦਲ ਅਕਾਲੀ ਦਲ ਅਤੇ ਬਸਪਾ ਗੱਠਜੋੜ ਹੋਇਆ ਅਤੇ ਸੀਟਾਂ ਦੀ ਵੰਡ 'ਚ ਕਿਸੇ ਨੇਤਾ ਨੂੰ ਪੁੱਛੇ ਬਿਨਾਂ ਉਹ ਸੀਟਾਂ ਵੀ ਅਕਾਲੀ ਦਲ (ਬਾਦਲ) ਲਈ ਛੱਡ ਦਿੱਤੀਆਂ ਗਈਆਂ, ਜਿਹੜੀਆਂ ਉਤੇ ਬਸਪਾ ਵਰਕਰ ਜ਼ੋਰ ਲਗਾਕੇ ਬਾਦਲ ਦਲ ਨਾਲ ਰਲਕੇ ਚੋਣ ਜਿੱਤ ਸਕਦੇ ਸਨ। ਇਹੋ ਜਿਹਾ ਹਾਲ ਹੀ ਲਗਭਗ ਸਾਰਿਆਂ ਇਲਾਕਾਈ ਪਾਰਟੀਆਂ ਦਾ ਹੈ, ਜਿਸਦੇ ਉਪਰਲੇ ਨੇਤਾ ਦੀ ਮਰਜ਼ੀ ਨਾਲ ਹੀ ਚੋਣ ਗੱਠਜੋੜ ਹੁੰਦੇ ਹਨ, ਪਾਰਟੀਆਂ ਦੀਆਂ ਅੰਦਰੂਨੀ ਚੋਣਾਂ ਹੁੰਦੀਆਂ ਹਨ ਜਾਂ ਫਿਰ ਵਿਧਾਨ ਸਭਾ , ਲੋਕ ਸਭਾ, ਰਾਜ ਸਭਾ ਦੀਆਂ ਟਿਕਟਾਂ "ਆਪਣਿਆਂ" ਪੱਲੇ ਪਾਈਆਂ ਜਾਂਦੀਆਂ ਹਨ। ਇਹ ਨਿੱਜੀ ਜਾਂ ਪਰਿਵਾਰਿਕ ਪਾਰਟੀਆਂ ਕਿਸੇ ਮੁੱਦੇ ਜਾਂ ਸਿਆਣਪ ਨੂੰ ਪਹਿਲ ਨਹੀਂ ਦਿੰਦੀਆਂ, ਚੋਣਾਂ 'ਚ ਜਿੱਤੇ ਜਾਣ ਵਾਲੇ ਉਮੀਦਵਾਰ, ਜੋ ਉਸਦਾ ਵਫ਼ਾਦਾਰ ਹੋਵੇ ਅਤੇ ਰਹੇ, ਉਤੇ ਹੀ ਮਿਹਰਬਾਨ ਹੁੰਦੀਆਂ ਹਨ। ਭਾਵੇਂ ਉਸ ਉਤੇ ਦਰਜਨਾਂ ਭਰ ਅਪਰਾਧਿਕ ਮਾਮਲੇ ਹੀ ਦਰਜ਼ ਕਿਉਂ ਨ ਹੋਣ?

ਸਾਲ 2014 ਵਿੱਚ ਤਾਂ ਕਾਂਗਰਸ ਨੂੰ ਹਰਾਉਣ ਲਈ ਧਮਾਕੇਦਾਰ, ਕਾਰਨਾਮੇ ਸਾਹਮਣੇ ਆਏ, ਜਦੋਂ ਚੋਣਾਂ ਦੇ ਮਾਹਿਰ ਪ੍ਰਸ਼ਾਂਤ ਭੂਸ਼ਨ ਦੀਆਂ ਸੇਵਾਵਾਂ ਭਾਜਪਾ ਨੇ ਲਈਆਂ। ਇਸ ਸਲਾਹਕਾਰ ਨੇ ਚੋਣ ਮੁਹਿੰਮ ਨੂੰ ਪ੍ਰਾਈਵੇਟ ਲਿਮਟਿਡ ਕੰਪਨੀਆਂ ਵਾਂਗਰ ਚਲਾਇਆ, ਭਾਜਪਾ ਦੀ ਝੋਲੀ ਜਿੱਤ ਪਾਈ ਅਤੇ ਕਾਰਪੋਰੇਟਾਂ ਦਾ ਸਿੱਧਾ ਦਖ਼ਲ ਚੋਣ ਮੁਹਿੰਮ ਟੀਵੀ ਚੈਨਲਾਂ, ਇਲੈਕਟਰੋਨਿਕ ਮੀਡੀਆਂ ਉਤੇ ਕਰਵਾਇਆ।

ਪ੍ਰਸ਼ਾਂਤ ਭੂਸ਼ਨ ਦੀਆਂ ਸੇਵਾਵਾਂ ਫਿਰ ਪੰਜਾਬ 'ਚ ਕਾਂਗਰਸ ਅਤੇ ਪੱਛਮ, ਬੰਗਾਲ ਵਿੱਚ ਤ੍ਰਿਮੂਲ ਕਾਂਗਰਸ ਨੇ ਲਈਆਂ। ਉਹ ਤ੍ਰਿਮੂਲ ਕਾਂਗਰਸ ਜਿਸਦੀ ਪ੍ਰਬੰਧਕ ਮਮਤਾ ਬੈਨਰਜੀ ਹੈ ਅਤੇ ਜਿਹੜੀ ਦਿੱਲੀ ਦੇ ਕੇਜਰੀਵਾਲ ਵਾਂਗਰ ਹੁਣ ਆਪਣੇ "ਖੰਭ" ਪੂਰੇ ਦੇਸ਼ ਵਿੱਚ ਫੈਲਾਉਣ ਦੇ ਖੁਆਬ, (ਦੇਸ਼ ਦੀ ਸਭ ਤੋਂ ਤਾਕਤਵਰ ਪਾਰਟੀ ਭਾਜਪਾ ਨੂੰ ਉਵੇਂ ਹੀ ਹਰਾਉਣ ਵਾਂਗਰ ਜਿਵੇਂ ਕੇਜਰੀਵਾਲ ਨੇ ਦਿੱਲੀ 'ਚ ਭਾਜਪਾ ਨੂੰ ਹਰਾਇਆ ਸੀ) ਵੇਖਣ ਲੱਗ ਪਈ ਹੈ। ਪਰ ਇਹ ਦੋਵੇਂ ਸਿਆਸੀ ਧਿਰਾਂ ਤ੍ਰਿਮੂਲ ਕਾਂਗਰਸ ਅਤੇ ਕੇਜਰੀਵਾਲ ਦੀ "ਆਪ" ਵੀ ਪ੍ਰਾਈਵੇਟ ਲਿਮਟਿਡ ਕੰਪਨੀ ਵਾਂਗਰ ਹੀ ਕੰਮ ਕਰ ਰਹੀਆਂ ਹਨ, ਜੇਕਰ "ਆਪ" ਦਾ ਨੇਤਾ ਕੇਜਰੀਵਾਲ 2017 ਵਿਧਾਨ ਸਭਾ ਚੋਣਾਂ 'ਚ ਲੋਕਤੰਤਰਿਕ ਢੰਗ ਨਾਲ ਕੰਮ ਕਰਦਾ, ਇਥੋਂ ਦੇ ਵਰਕਰਾਂ ਤੇ ਨੇਤਾਵਾਂ ਦੀ ਇੱਛਾ ਅਨੁਸਾਰ ਕੰਮ ਕਰਦਾ ਤਾਂ ਪੰਜਾਬ 'ਚ ਵਿਰੋਧੀ ਧਿਰ ਹੀ ਨਾ ਸਗੋਂ ਹਾਕਮ ਧਿਰ ਬਣਦਾ। ਪਿਛਲੀਆਂ ਗਲਤੀਆਂ ਤੋਂ ਨਾ ਸਿਖਦਿਆਂ, ਹੁਣ ਵੀ ਉਹ ਪੰਜਾਬ ਵਿੱਚ ਆਪਣੀ "ਲਿਮਟਿਡ ਕੰਪਨੀ" ਵਾਂਗਰ ਹੀ ਪਾਰਟੀ ਨੂੰ ਚਲਾ ਰਿਹਾ ਹੈ।

ਭਾਰਤ ਵਿੱਚ ਵੰਸ਼ਵਾਦ ਕਾਫੀ ਪੁਰਾਣਾ ਹੈ। ਇੱਕ ਅੰਦਾਜ਼ੇ ਅਨੁਸਾਰ ਭਾਰਤ ਵਿੱਚ ਹੁਣ ਤੱਕ ਵੰਸ਼ਵਾਦ ਦੀ ਰਾਜਨੀਤੀ ਕਰਨ ਵਾਲੇ 57 ਪਰਿਵਾਰ ਹਨ, ਜਿਹਨਾ ਵਿੱਚ ਸਭ ਤੋਂ ਪਹਿਲਾ ਅਤੇ ਸਭ ਤੋਂ ਪੁਰਾਣਾ ਪਰਿਵਾਰ ਨਹਿਰੂ-ਗਾਂਧੀ ਪਰਿਵਾਰ ਹੈ। ਇਸ ਪਰਿਵਾਰ ਵਿੱਚ ਇੰਦਰਾ ਗਾਂਧੀ, ਅਰੁਣ ਨਹਿਰੂ, ਕਮਲਾ ਨਹਿਰੂ, ਮੋਤੀ ਲਾਲ ਨਹਿਰੂ ਵਿਜੈ ਲਕਸ਼ਮੀ ਪੰਡਿਤ ਹਨ।

ਸ਼ੇਖ ਅਬਦੁਲਾ ਉਸਦਾ ਪੁੱਤਰ ਫਰੂਕ ਅਬਦੁਲਾ ਅਤੇ ਫਰੂਕ ਅਬਦੁਲਾ ਦਾ ਪੁੱਤਰ ਉਮਰ ਅਬਦੂਲਾ ਕਸਮੀਰ ਦੇ ਨੇਤਾ ਹਨ। ਕਾਂਗਰਸ ਦੇ ਗਾਂਧੀ ਪਰਿਵਾਰ ਦੀ ਤਰ੍ਹਾਂ ਉੜੀਸਾ 'ਚ ਬੀਜੂ ਪਟਨਾਇਕ, ਨਵੀਨ ਪਟਨਾਇਕ, ਮਹਾਂਰਾਸ਼ਟਰ ਸ਼ਿਵ ਸੈਨਾ ਦੇ ਸੰਸਥਾਪਕ ਬਾਲ ਠਾਕਰੇ, ਉਹਨਾ ਦੇ ਬੇਟੇ ਉਦਭਵ ਠਾਕਰੇ, ਅਦਿਤਯ ਠਾਕਰੇ, ਦੱਖਣੀ ਭਾਰਤ ਦੇ ਨੇਤਾ ਕਰੁਨਾਨਿਧੀ ਤੇ ਉਹਨਾ ਦੇ ਬੇਟੇ, ਭਾਜਪਾ ਦੇ ਰਾਜਨਾਥ ਸਿੰਘ, ਛੱਤੀਸਗੜ੍ਹ ਦੇ ਮੁੱਖਮੰਤਰੀ ਰਮਨ ਸਿੰਘ, ਹਿਮਾਚਲ ਦੇ ਮੁੱਖ ਮੰਤਰੀ ਪ੍ਰੇਮ ਕੁਮਾਰ ਧੂੰਮਲ ਦੇ ਪੁੱਤਰ, ਯਸ਼ਵੰਤ ਸਿਨਹਾ ਦੇ ਬੇਟੇ, ਪ੍ਰਮੋਦ ਮਹਾਜਨ ਦੀ ਬੇਟੀ ਪੂਨਮ ਮਹਾਜਨ ਹੋਰ ਉਦਾਹਰਨਾਂ ਹਨ।

ਅਸਲ ਵਿੱਚ ਲਗਭਗ ਸਾਰੀਆਂ ਪਾਰਟੀਆਂ 'ਚ ਇਹਨਾ ਨੇਤਾਵਾਂ ਨੇ ਆਪਣੀਆਂ ਪਾਰਟੀਆਂ ਨੂੰ ਪ੍ਰਾਈਵੇਟ ਲਿਮਟਿਡ ਪਾਰਟੀਆਂ 'ਚ ਬਦਲ ਦਿੱਤਾ ਹੈ। ਪਾਰਟੀਆਂ ਉਤੇ ਇਹਨਾ ਪਰਿਵਾਰਾਂ ਦਾ ਸ਼ਿਕੰਜਾ ਇੰਨਾ ਕੱਸਿਆ ਹੋਇਆ ਹੈ ਕਿ ਦੂਸਰਿਆਂ ਨੂੰ ਅੱਗੇ ਵੱਧਣ ਦੇ ਮੌਕੇ ਹੀ ਨਹੀਂ ਮਿਲਦੇ। ਵੰਸ਼ਵਾਦ ਇਕੱਲੀ ਕਾਂਗਰਸ ਵਿੱਚ ਹੀ ਨਹੀਂ ਪਸਰੀ ਹੋਈ, ਇਹ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਸਾਰੀਆਂ ਪਾਰਟੀਆਂ 'ਚ ਫੈਲੀ ਹੋਈ ਹੈ, ਪਰ ਇਸਦੀ ਸ਼ੁਰੂਆਤ ਪੰਡਿਤ ਜਵਾਹਰ ਲਾਲ ਨਹਿਰੂ ਨੇ ਕੀਤੀ ਸੀ। ਪਰ ਹੁਣ ਤਾਂ ਪਾਰਟੀਆਂ ਵਿੱਚ ਵੰਸ਼ਵਾਦ ਦਾ ਰਿਵਾਜ਼ ਹੋਰ ਵੀ ਵੱਧ ਗਿਆ ਹੈ। ਅਤੇ ਇਹ ਰਿਵਾਜ਼ ਨੂੰ ਅੱਗੇ ਵਧਣ ਤੋਂ ਕੋਈ ਰੋਕ ਨਹੀਂ ਸਕਦਾ, ਕਿਉਂਕਿ ਇਸ ਨੂੰ ਭਾਰਤ 'ਚ ਬੁਰਾ ਨਹੀਂ ਮੰਨਿਆ ਜਾਂਦਾ ਅਤੇ ਇਸ ਲਈ ਹਰ ਮੈਦਾਨ ਵਿੱਚ ਇੱਕ ਪੀੜੀ ਦੇ ਬਾਅਦ ਦੂਜੀ ਪੀੜੀ ਉਸੇ ਮੈਦਾਨ ਵਿੱਚ ਆ ਜਾਂਦੀ ਹੈ ਜਾਂ ਲਿਆਂਦੀ ਜਾਂਦੀ ਹੈ।

ਭਾਰਤ ਵਿੱਚ ਵੰਸ਼ਵਾਦ ਦੀ ਰਾਜਨੀਤੀ ਦਾ ਅੰਤ ਕਦੋਂ ਹੋਏਗਾ? ਇਹ ਸਵਾਲ ਲਗਾਤਾਰ ਉਠਾਇਆ ਜਾਂਦਾ ਹੈ,ਕਿਉਂਕਿ ਆਮ ਤੌਰ 'ਤੇ ਵੰਸ਼ਵਾਦ ਅਤੇ ਸਿਆਸੀ ਪਾਰਟੀ ਨੂੰ ਇਕ ਪ੍ਰਾਈਵੇਟ ਲਿਮਟਿਡ ਕੰਪਨੀ ਦੀ ਤਰ੍ਹਾਂ ਚਲਾਉਣਾ ਲੋਕਤੰਤਰ ਦੀ ਹੱਤਿਆ ਮੰਨਿਆ ਜਾਂਦਾ ਹੈ।

ਅਸਲ ਵਿੱਚ ਵੰਸ਼ਵਾਦ ਦੀ ਰਾਜਨੀਤੀ ਜੋਂ ਪ੍ਰਾਈਵੇਟ ਲਿਮਟਿਡ ਕੰਪਨੀ ਦੀ ਜਨਮ ਦਾਤਾ ਹੈ, ਦਾ ਲੋਕਤੰਤਰ ਵਿੱਚ ਕੋਈ ਮਹੱਤਵ ਨਹੀਂ ਹੈ। ਦੁਨੀਆਂ ਵਿਚ ਸਭ ਤੋਂ ਵੱਡੇ ਲੋਕਤੰਤਰ ਕਹੇ ਜਾਣ ਵਾਲੇ ਭਾਰਤ ਨੂੰ ਜੇਕਰ ਇਸ ਕੋਹੜ ਤੋਂ ਬਚਾਉਣਾ ਹੈ ਤਾਂ ਦੇਸ਼ ਦੀਆਂ ਲੋਕਤੰਤਰਕ ਕਦਰਾਂ-ਕੀਮਤਾਂ ਦੇ ਧਾਰਨੀ ਲੋਕਾਂ ਨੂੰ ਇੱਕ ਪਲੇਟ ਫਾਰਮ ਉਤੇ ਖੜੋਕੇ ਉਵੇਂ ਹੀ ਤਿੱਖੀ ਆਵਾਜ਼ ਬੁਲੰਦ ਕਰਨੀ ਹੋਵੇਗੀ, ਜਿਵੇਂ ਮੌਜੂਦਾ ਕਿਸਾਨ ਅੰਦੋਲਨ ਜੋ ਦਿੱਲੀ ਦੀਆਂ ਬਰੂਹਾਂ ਉਤੇ ਪਿਛਲੇ ਲਗਭਗ 10 ਮਹੀਨਿਆਂ ਤੋਂ ਚੱਲ ਰਿਹਾ ਹੈ, ਅਤੇ ਜਿਸਨੂੰ ਦੇਸ਼ ਦੀ ਆਜ਼ਾਦੀ ਦੀ ਤੀਜੀ ਲੜਾਈ ਜੋ ਅਸਲ ਵਿਚ ਕਾਰਪੋਰੇਟਾਂ ਤੇ ਉਹਨਾ ਦੇ ਝੋਲੀ ਚੁੱਕ ਹਾਕਮਾਂ ਦੇ ਵਿਰੁੱਧ ਹੈ,ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ।

# ਤਾਮਿਲਨਾਡੂ ਦੇ ਮੁੱਖ ਮੰਤਰੀ ਨੇ ਮੰਦਰ ਦੇ ਗਹਿਣਿਆਂ ਨੂੰ ਸੋਨੇ ਦੀਆਂ ਛੜਾਂ ਵਿੱਚ ਪਿਘਲਾਉਣ ਦੀ ਯੋਜਨਾ



ਹਰਦੀਪ ਸਿੰਘ ਚੁੰਬਰ
+91-94636-01616

13 ਅਕਤੂਬਰ 2021 ਬੁੱਧਵਾਰ ਨੂੰ ਤਾਮਿਲਨਾਡੂ ਦੇ ਮੁੱਖ ਮੰਤਰੀ ਐਮਕੇ ਸਟਾਲਿਨ ਨੇ ਮਨੁੱਖੀ ਸਰੋਤ ਅਤੇ ਸੀਈ ਮੰਤਰੀ ਪੀਕੇ ਸੇਕਰ ਬਾਬੂ, ਸੈਰ ਸਪਾਟਾ, ਸੱਭਿਆਚਾਰ ਅਤੇ ਮਨੁੱਖੀ ਵਸੀਲਿਆਂ ਅਤੇ ਸੀਈ ਦੇ ਪ੍ਰਮੁੱਖ ਸਕੱਤਰ ਬੀ ਚੰਦਰ ਮੋਹਨ, ਮਨੁੱਖੀ ਵਸੀਲਿਆਂ ਅਤੇ ਸੀਈ ਕਮਿਸ਼ਨਰ ਜੇ ਦੀ ਹਾਜ਼ਰੀ ਵਿੱਚ ਚੇਨਈ ਦੇ ਸਕੱਤਰੇਤ ਤੋਂ ਇਸ ਸਕੀਮ ਨੂੰ ਮੁੜ ਸੁਰਜੀਤ ਕਰਨ ਦੀ ਸ਼ੁਰੂਆਤ ਕੀਤੀ, ਕੁਮਾਰਗੁਰੂਬਰਨ ਅਤੇ ਹੋਰ ਅਧਿਕਾਰੀ ਵੀ ਹਾਜਰ ਸਨ।

ਸਰਕਾਰ ਨੇ ਮੁੰਬਈ ਦੇ ਸਰਕਾਰੀ ਟਕਸਾਲ ਵਿੱਚ ਲਗਭਗ 2,137 ਕਿਲੋ ਸੋਨੇ ਦੇ ਗਹਿਣਿਆਂ ਨੂੰ ਸੋਨੇ ਦੀਆਂ ਬਾਰਾਂ ਵਿੱਚ ਪਿਘਲਾਉਣ ਅਤੇ ਉਨ੍ਹਾਂ ਨੂੰ ਰਾਸ਼ਟਰੀਕ੍ਰਿਤ ਬੈਂਕਾਂ ਵਿੱਚ ਜਮ੍ਹਾਂ ਕਰਾਉਣ ਦਾ ਪ੍ਰਸਤਾਵ ਦਿੱਤਾ ਹੈ।ਤਾਮਿਲਨਾਡੂ ਦੇ ਮੁੱਖ ਮੰਤਰੀ ਐਮਕੇ ਸਟਾਲਿਨ ਨੇ ਬੁੱਧਵਾਰ ਨੂੰ ਰਾਜ ਵਿੱਚ ਮੰਦਰਾਂ ਦੁਆਰਾ ਕਬਜ਼ੇ ਵਿੱਚ ਨਾ ਲਏ ਗਏ ਗਹਿਣਿਆਂ ਨੂੰ 24 ਕੈਰੇਟ ਸੋਨੇ ਦੀਆਂ ਬਾਰਾਂ ਵਿੱਚ ਪਿਘਲਾਉਣ ਦੀ ਤਿਆਰੀ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

ਸ਼ੁਰੂ ਵਿੱਚ, ਤਿਰੂਵਰਕਾਡੂ ਦੇ ਸ਼੍ਰੀ ਕਰੂਮਾਰਿਯਮਨ ਮੰਦਰ ਦੇ ਤਿੰਨ ਪ੍ਰਸਿੱਧ ਮੰਦਰਾਂ, ਸਮਯਾਪੁਰਮ ਵਿੱਚ ਸ਼੍ਰੀ ਮਰੀਅਮਮਾਨ ਮੰਦਰ ਅਤੇ ਇਰੁਕਨਾਕੁੜੀ ਵਿੱਚ ਸ਼੍ਰੀ ਮਰੀਅਮਮਾਨ ਮੰਦਰ ਵਿੱਚ ਸੋਨੇ ਦੇ ਗਹਿਣਿਆਂ ਨੂੰ ਪਿਘਲਾ ਦਿੱਤਾ ਜਾਵੇਗਾ ਅਤੇ ਮੁਦਰੀਕਰਨ ਦੇ ਲਈ ਸੋਨੇ ਦੀਆਂ ਬਾਰਾਂ ਵਿੱਚ ਬਦਲ ਦਿੱਤਾ ਜਾਵੇਗਾ।

ਸਰਕਾਰ ਨੇ ਕਿਹਾ ਕਿ ਰਾਸ਼ਟਰੀਕ੍ਰਿਤ ਬੈਂਕਾਂ ਵਿੱਚ ਸੋਨੇ ਦੀਆਂ ਬਾਰਾਂ ਜਮ੍ਹਾਂ ਕਰਕੇ ਇਕੱਠੇ ਕੀਤੇ ਫੰਡਾਂ ਦੀ ਵਰਤੋਂ ਰਾਜ ਦੇ ਹਿੰਦੂ ਧਾਰਮਿਕ ਅਤੇ ਚੈਰੀਟੇਬਲ ਐਂਡੋਮੈਂਟ (ਐਚਆਰ ਐਂਡ ਸੀਈ) ਵਿਭਾਗ ਦੇ ਅਧੀਨ ਮੰਦਰਾਂ ਦੇ ਵਿਕਾਸ ਲਈ ਕੀਤੀ ਜਾਏਗੀ।

ਤਾਮਿਲਨਾਡੂ ਸਰਕਾਰ ਵੱਲੋਂ ਪੇਸ਼ ਹੋਏ ਐਡਵੋਕੇਟ



ਜਨਰਲ ਆਰ ਸ਼ਨਮੁਗਸੁੰਦਰਮ ਨੇ ਜਸਟਿਸ ਆਰ ਮਹਾਦੇਵਨ ਅਤੇ ਜਸਟਿਸ ਅਬਦੁੱਲ ਕੁਧੋਸੇ ਦੀ ਬੈਂਚ ਨੂੰ ਦੱਸਿਆ ਕਿ 1977 ਤੋਂ ਹੁਣ ਤੱਕ ਪੰਜ ਲੱਖ ਗ੍ਰਾਮ ਸੋਨੇ ਦੇ ਗਹਿਣੇ ਪਿਘਲੇ ਹੋਏ ਹਨ।

ਮੰਦਰ ਸੋਨੇ ਦੀ ਮੁਦਰੀਕਰਨ ਯੋਜਨਾ 1979 ਵਿੱਚ ਲਾਂਚ ਕੀਤੀ ਗਈ ਸੀ ਅਤੇ ਸਮਯਾਪੁਰਮ ਵਿੱਚ ਪ੍ਰਾਚੀਨ ਸ਼੍ਰੀ ਮੀਨਾਕਸ਼ੀ ਸੁੰਦਰੇਸ਼ਵਰ ਮੰਦਰ, ਮਦੁਰੈ, ਸ਼੍ਰੀ ਧੰਦਯੁਥਾ-ਪਾਨੀ ਸਵਾਮੀ ਮੰਦਰ, ਪਲਾਨੀ, ਸ਼੍ਰੀ ਸੁਬ੍ਰਹਮਣਯ ਸਵਾਮੀ ਮੰਦਰ, ਤਿਰੁਚੇਂਦੁਰ ਅਤੇ ਮਰੀਅਮਮਾਨ ਮੰਦਿਰ ਸਮੇਤ ਨੌਂ ਪ੍ਰਮੁੱਖ ਮੰਦਰਾਂ ਵਿੱਚ ਭਗਤਾਂ ਦੁਆਰਾ ਸੋਨਾ ਭੇਟ ਕੀਤਾ ਗਿਆ ਸੀ। ਇਕ ਅਧਿਕਾਰਤ ਬਿਆਨ 'ਚ ਕਿਹਾ ਗਿਆ ਹੈ ਕਿ ਇਹ ਸੋਨੇ ਦੀਆਂ ਸਲਾਖਾਂ' ਚ ਬਦਲ ਗਿਆ ਹੈ।

ਸਰਕਾਰ ਸਿਰਫ ਸ਼ਰਧਾਲੂਆਂ ਦੁਆਰਾ ਭੇਜੇ ਗਏ ਸੋਨੇ ਦੇ ਗਹਿਣਿਆਂ ਨੂੰ ਪਿਘਲਾ ਦੇਵੇਗੀ ਪਰ ਪਿਛਲੇ ਦਸ ਸਾਲਾਂ ਤੋਂ ਬੇਕਾਰ ਪਈ ਹੈ। ਸਰਕਾਰ ਨੇ ਕਿਹਾ ਕਿ ਇਸ ਵੇਲੇ ਦੇਵਤਿਆਂ ਨੂੰ ਸ਼ਿੰਗਾਰਨ ਲਈ ਵਰਤੇ ਜਾ ਰਹੇ ਗਹਿਣਿਆਂ ਦਾ ਮੁਦਰੀਕਰਨ ਨਹੀਂ ਕੀਤਾ ਜਾਵੇਗਾ। ਹੁਣ ਤੱਕ, 497।795 ਕਿਲੋਗ੍ਰਾਮ 24 ਕੈਰੇਟ ਸੋਨੇ ਦੀਆਂ ਬਾਰਾਂ ਕੌਮੀਕ੍ਰਿਤ ਬੈਂਕਾਂ ਵਿੱਚ ਜਮ੍ਹਾਂ ਹੋ ਚੁੱਕੀਆਂ ਹਨ।

ਤਾਮਿਲਨਾਡੂ ਸਰਕਾਰ ਨੇ ਹਿੰਦੂ ਧਾਰਮਿਕ ਅਤੇ ਚੈਰੀਟੇਬਲ ਐਂਡੋਮੈਂਟ ਬੋਰਡ ਦੁਆਰਾ ਪ੍ਰਬੰਧਿਤ ਮੰਦਰਾਂ ਦੁਆਰਾ ਪ੍ਰਸਾਦ ਦੇ ਰੂਪ ਵਿੱਚ ਪ੍ਰਾਪਤ ਸੋਨੇ ਦੇ ਗਹਿਣਿਆਂ ਨੂੰ ਪਿਘਲਾਉਣ ਦਾ ਫੈਸਲਾ ਕੀਤਾ ਹੈ।ਸਰਕਾਰ ਨੇ ਮੁੰਬਈ ਦੇ ਸਰਕਾਰੀ ਟਕਸਾਲ ਵਿੱਚ ਲਗਭਗ 2,137 ਕਿਲੋ-ਗ੍ਰਾਮ ਸੋਨੇ ਦੇ ਗਹਿਣਿਆਂ ਨੂੰ ਸੋਨੇ ਦੀਆਂ ਬਾਰਾਂ ਵਿੱਚ ਪਿਘਲਾ ਕੇ ਉਨ੍ਹਾਂ ਨੂੰ ਰਾਸ਼ਟਰੀਕ੍ਰਿਤ ਬੈਂਕਾਂ ਵਿੱਚ ਜਮ੍ਹਾਂ ਕਰਾਉਣ ਦਾ ਪ੍ਰਸਤਾਵ ਦਿੱਤਾ ਹੈ। ਐਚਆਰ ਅਤੇ ਸੀਈਵਿਭਾਗ ਨੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਸਮੁੱਚੀ ਪ੍ਰਕਿਰਿਆ ਦੀ ਨਿਗਰਾਨੀ ਕਰਨ ਲਈ ਹਾਈ ਕੋਰਟ ਦੇ ਦੋ ਸੇਵਾਮੁਕਤ ਜੱਜਾਂ ਦੀ ਸਹਾਇਤਾ ਨਾਲ ਸੁਪਰੀਮ ਕੋਰਟ ਦੇ ਇੱਕ ਸੇਵਾਮੁਕਤ ਜੱਜ ਦੀ ਅਗਵਾਈ ਵਿੱਚ ਇੱਕ ਪੈਨਲ ਵੀ ਬਣਾਇਆ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਅਨੁਸਾਰ

# ਅਰਥ ਭਰਪੂਰ ਜੀਵਨ ਜੀਣ ਦੀ ਜਾਂਚ



**Ronki Ram**
Shaheed Bhagat Singh Chair
Professor of Political Science
Panjab University, Chandigarh 160014, India
E-mail: ronkiram@yahoo.co.in
Visiting Professor, Centre for Sikh and Panjabi Studies
University of Wolverhampton (UK)

ਜੀਵਨ ਅਤੇ ਜੀਣ ਦੇ ਸਲੀਕੇ ਦਾ ਆਪਸ ਵਿਚ ਗੂੜ੍ਹਾ ਨਾਤਾ ਹੈ। ਜਿਹੜਾ ਜੀਵਨ ਜੀਣ ਦੇ ਅਰਥ ਭਰਪੂਰ ਢੰਗ ਤੋਂ ਸੱਖਣਾ ਹੈ, ਉਹ
ਕੇਵਲ ਅਧੂਰਾ ਹੀ ਨਹੀਂ ਬਲਕਿ ਕਸ਼ਟਮਈ ਵੀ ਹੈ। ਜੀਵਨ ਇਨਸਾਨ ਦੀ ਹੋਂਦ ਅਤੇ ਉਸ ਨੂੰ ਸੁਚੱਜੇ ਢੰਗ ਨਾਲ ਜੀਣ ਦਾ ਨਾਂ ਹੈ। ਇਹ ਸਿਰਫ਼ ਜੀਵ-ਵਿਗਿਆਨ ਪ੍ਰਕਿਰਿਆ ਹੀ ਨਹੀਂ ਹੈ। ਇਸਦੀਆਂ ਸਮਾਜਿਕ ਅਤੇ ਅਧਿਆਤਮਿਕ ਪਰਤਾਂ ਵੀ ਹਨ। ਇਸ ਵਿਚ ਕੋਈ ਦੂਸਰੀ ਰਾਏ ਨਹੀਂ ਹੈ ਕਿ ਮਨੁੱਖਾ ਜੀਵਨ ਰੱਬ ਦੀ ਅਮੁੱਲ ਦਾਤ ਹੈ-

(ਗਉੜੀ ਮਾਝ ਮਹਲਾ ੪॥)
ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥
ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥
ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥੧॥ ਰਹਾਉ॥
ਕਈ ਜਨਮ ਸੈਲ ਗਿਰਿ ਕਰਿਆ॥ ਕਈ ਜਨ ਗਰਭ ਹਰਿ ਖਰਿਆ॥
ਕਈ ਜਨਮ ਸਾਖ ਕਰਿ ਉਪਾਇਆ॥ ਲਖ ਚਉਰਾਸੀਹ ਜੋਨਿ ਭ੍ਰਮਾਇਆ॥੨।
ਸਾਧ ਸੰਗਿ ਭਇਓ ਜਨਮੁ ਪਰਾਪਤਿ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ॥
ਤਿਆਗਿ ਮਾਨੁ ਝੂਠੁ ਅਭਿਮਾਨੁ॥ ਜੀਵਤ ਮਰਿਹ ਦਰਗਾਹ ਪਰਵਾਨੁ॥੩॥
ਜੋ ਕਿਛੁ ਹੋਆ ਸੁ ਤੁਝ ਤੇ ਹੋਗੁ॥ ਅਵਰੁ ਨ ਦੂਜਾ ਕਰਣੈ ਜੋਗੁ॥
ਤਾ ਮਿਲੀਐ ਜਾ ਲੈਹਿ ਮਿਲਾਇ॥ ਕਹੁ ਨਾਨਕ ਹਰਿ ਹਰਿ ਗੁਣ ਗਾਇ॥੪॥੩॥੭੨॥
(ਅੰਗ 176)

ਗੁਰੂ ਰਾਮ ਦਾਸ ਜੀ ਮਹਾਰਾਜ ਉਪਰੋਕਤ ਬਾਣੀ ਵਿਚ ਮਨੁੱਖਾ ਜੀਵਨ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਬਹੁਤ ਹੀ ਵਿਸਥਾਰ ਪੂਰਵਕ ਢੰਗ ਨਾਲ ਇਸ ਰਾਹੀਂ ਪ੍ਰਭੂ ਨਾਲ ਵਿਸ਼ਾਲ ਕਰਨ ਦੀ ਲੰਬੀ ਯਾਤਰਾ ਦਾ ਜ਼ਿਕਰ ਕਰਦੇ ਹਨ, ਜਿਸਦੀ ਸੋਝੀ ਇਨਸਾਨ ਨੂੰ ਇਸ ਬਾਣੇ ਦੀ ਮਹੱਤਤਾ ਬਾਰੇ ਸੋਚਣ ਲਈ ਉਤਸ਼ਾਹਿਤ ਕਰਦੀ ਹੈ।

ਇਸੇ ਤਰ੍ਹਾਂ ਹੀ ਗੁਰੂ ਤੇਗ ਬਹਾਦਰ ਜੀ ਮਨੁੱਖੀ ਜੀਵਨ ਦੀ ਮਹੱਤਤਾ ਨੂੰ ਹੇਠ ਲਿਖਿਆਂ ਪਦਾ ਵਿਚ ਬਹੁਤ ਹੀ ਵੈਰਾਗ ਮਈ ਢੰਗ ਨਾਲ ਬਿਆਨ ਕਰਦੇ ਹਨ-

(ਗਉੜੀ ਮਹਲਾ ੯॥)
ਸਾਧੋ ਗੋਬਿੰਦ ਕੇ ਗੁਨ ਗਾਵਉ॥
ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥੧॥ਰਹਾਉ॥
ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ॥
ਗਜ ਕੋ ਤ੍ਰਾਸ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ॥੧॥
ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ॥
ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ॥੨॥੫॥ (ਅੰਗ 219)

ਗੁਰੂ ਤੇਗ ਬਹਾਦਰ ਜੀ ਅਮੋਲਕ ਜੀਵਨ ਨੂੰ ਸੁਚੱਜੀ ਜੀਵਨ ਜਾਂਚ ਦੀ ਗੈਰ ਹਾਜ਼ਰੀ ਵਿਚ ਬਤੀਤ ਕਰਨ ਨੂੰ ਬਿਰਥਾ ਆਖਦੇ ਹਨ। ਦੂਸਰੇ ਸ਼ਬਦਾਂ ਵਿਚ ਜੀਵਨ ਦੀ ਇਸ ਰੱਬੀ ਅਮੁੱਲ ਦਾਤ ਦੀ ਦੁਨਿਆਵੀ ਯਾਤਰਾ ਦੌਰਾਨ ਸੁਚੱਜੇ ਢੰਗ ਨਾਲ ਵਿਚਰਣ
ਦੀ ਸੂਹਜ ਹੀ ਇਸਦੀ ਸਹੀ ਮਾਅਨਿਆਂ 'ਚ ਤਵਾਰਫ ਕਰਵਾ ਸਕਦੀ ਹੈ।

ਮਨੁੱਖਾ ਜੀਵਨ ਦੀ ਅਮੋਲਕ ਦਾਤ ਇਨਸਾਨ ਤੋਂ ਹਰ ਇਕ ਕਦਮ ਸੋਚ ਕੇ ਪੁੱਟਣ ਦੀ ਆਸ ਰੱਖਦੀ ਹੈ। ਅਜਿਹੀ ਸੋਝੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਨੁਸਾਰ ਉਸ ਕੁਲ ਮਾਲਕ ਦੀ ਕ੍ਰਿਪਾ ਨਾਲ ਹੀ ਆਉਂਦੀ ਹੈ-

ਨਦਰਿ ਕਰਹਿ ਜੇ ਆਪਣੀ, ਤਾ ਨਦਰੀ ਸਤਿਗੁਰੁ ਪਾਇਆ॥
ਏਹੁ ਜੀਉ ਬਹੁਤੇ ਜਨਮ ਭਰੰਮਿਆ, ਤਾ ਸਤਿਗਰਿ ਸਬਦੁ ਸੁਣਾਇਆ॥
ਸਤਿਗੁਰ ਜੇਵਡੁ ਦਾਤਾ ਕੋ ਨਹੀਂ, ਸਭਿ ਸੁਣਿਅਹੁ ਲੋਕ ਸਬਾਇਆ॥
ਸਤਿਗੁਰਿ ਮਿਲਿਐ ਸਚੁ ਪਾਇਆ, ਜਿਨ੍ਹੀ ਵਿਚਹੁ ਆਪੁ ਗਵਾਇਆ॥
ਜਿਨਿ ਸਚੋ ਸਚੁ ਬੁਝਾਇਆ॥੪॥ (ਅੰਗ 465)

ਮਨੁੱਖਾ ਜੀਵਨ ਦਾ ਅਸਲ ਮੰਤਵ ਵਾਹਿਗੁਰੂ ਦੀ ਮਿਹਰ ਹਾਸਿਲ ਕਰਨਾ ਹੈ

ਲਖ ਨੇਕੀਆ ਚੰਗਿਆਈਆ, ਲਖ ਪੁੰਨਾ ਪਰਵਾਣੁ॥
ਲਖ ਤਪ ਉਪਰਿ ਤੀਰਥਾਂ, ਸਹਜ ਜੋਗ ਬੇਬਾਣ॥
ਲਖ ਸੂਰਤਣ ਸੰਗਰਾਮ, ਰਣ ਮਹਿ ਛੁਟਹਿ ਪਰਾਣ॥
ਲਖ ਸੁਰਤੀ ਲਖ ਗਿਆਨ ਧਿਆਨ, ਪੜੀਅਹਿ ਪਾਠ ਪੁਰਾਣ॥
ਜਿਨਿ ਕਰਤੈ ਕਰਣਾ ਕੀਆ, ਲਿਖਿਆ ਆਵਣ ਜਾਣੁ॥
ਨਾਨਕ, ਮਤੀ ਮਿਥਿਆ, ਕਰਮੁ ਸਚਾ ਨੀਸਾਣੁ॥੨॥(ਅੰਗ 467)

ਉਸਦੀ ਮਿਹਰ ਨੂੰ ਪ੍ਰਾਪਤ ਕਰਨ ਦਾ ਇਕੋ ਇਕ ਸਾਧਨ ਉਸ ਦੇ ਨਾਮ ਦਾ ਸਿਮਰਨ ਹੈ। ਇਸਤੋਂ ਇਲਾਵਾ ਹੋਰ ਸਭ ਕਾਰਜ ਮਾਇਆ ਦੇ ਵਸ ਹੋ ਕੇ ਜੀਵਨ ਦੇ ਅਸਲੀ ਮੰਤਵ ਤੋਂ ਕਿਨਾਰਾ ਕਰਕੇ ਖਜ਼ਲ ਹੋਣਾ ਹੈ: (ਸਲੋਕ ਮ: ੧)

ਪੜਿ ਪੜਿ ਗਡੀ ਲਦੀਅਹਿ, ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ, ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ, ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ, ਪੜੀਅਹਿ ਜੇਤੇ ਸਾਸ॥
ਨਾਨਕ, ਲੇਖੈ ਇਕ ਗਲ, ਹੋਰੁ ਹਉਮੈ ਝਖਣਾ ਝਾਖ॥੧॥ (ਅੰਗ 467)

ਆਪ, ਉਸ ਵਾਹਿਗੁਰੂ ਦੀ ਉਸਤਿਤ ਤੋਂ ਬਿਨਾਂ ਹੋਰ ਸਭ ਕਾਰਜਾਂ ਨੂੰ ਫਜ਼ੂਲ ਦੱਸਦੇ ਹੋਏ ਫੁਰਮਾਉਂਦੇ ਹਨ –

ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥
ਬਹੁ ਤੀਰਥ ਭਵਿਆ॥ ਤੇਤੋ ਲਵਿਆ॥
ਬਹੁ ਭੇਖ ਕੀਆ, ਦੇਹੀ ਦੁਖੁ ਦੀਆ॥ ਸਾਹੁ ਵੇ ਜੀਆ, ਅਪਣਾ ਕੀਆ॥
ਅੰਨੁ ਨ ਖਾਇਆ, ਸਾਦੁ ਗਵਾਇਆ॥ ਬਹੁ ਦੁਖੁ ਪਾਇਆ, ਦੂਜਾ ਭਾਇਆ॥
ਬਸਤ੍ਰ ਨ ਪਹਿਰੈ॥ ਅਹਿਨਿਸਿ ਕਹਰੈ॥
ਮੋਨਿ ਵਿਗੂਤਾ॥ ਕਿਉ ਜਾਗੈ, ਗੁਰ ਬਿਨੁ ਸੂਤਾ॥
ਪਗ ਉਪੇਤਾਣਾ॥ ਅਪਣਾ ਕੀਆ ਕਮਾਣਾ॥
ਅਲੁ ਮਲੁ ਖਾਈ, ਸਿਰ ਛਾਈ ਪਾਈ॥ ਮੂਰਖਿ ਅੰਧੈ, ਪਤਿ ਗਵਾਈ॥
ਵਿਣੁ ਨਾਵੈ, ਕਿਛੁ ਥਾਇ ਨ ਪਾਈ॥
ਰਹੈ ਬੇਬਾਣੀ, ਮੜੀ ਮਸਾਣੀ॥ ਅੰਧੁ ਨ ਜਾਣੈ, ਫਿਰਿ ਪਛੁਤਾਣੀ॥
ਸਤਿਗੁਰ ਭੇਟੇ ਸੋ ਸੁਖੁ ਪਾਏ॥ ਹਰਿ ਕਾ ਨਾਮੁ ਮੰਨਿ ਵਸਾਏ॥
ਨਾਨਕ, ਨਦਰਿ ਕਰੇ ਸੋ ਪਾਏ॥
ਆਸ ਅੰਦੇਸੇ ਤੇ ਨਿਹਕੇਵਲੁ, ਹਉਮੈ ਸਬਦਿ ਜਲਾਏ॥੨॥ (ਅੰਗ 467-468)

ਇਸ ਮਾਇਆ ਰੂਪੀ ਸੰਸਾਰ ਵਿਚ ਸਿਵਾਏ ਸੱਚੇ ਨਾਮ ਦੇ ਕੁਝ ਵੀ ਸਥਿਰ ਨਹੀਂ ਹੈ ਅਤੇ ਅਸਚਰਜ ਇਹ ਹੈ ਕਿ ਮਨੁੱਖ ਨੂੰ ਇਹ ਛਲ ਰੂਪ ਸੰਸਾਰ ਸੱਚ ਜਾਪਦਾ ਹੈ।

ਕੂੜੁ ਰਾਜ, ਕੂੜੁ ਪਰਜਾ, ਕੂੜੁ ਸਭੁ ਸੰਸਾਰ॥
ਕੂੜੁ ਮੰਡਪ, ਕੂੜੁ ਮਾੜੀ, ਕੂੜੁ ਬੈਸਣਹਾਰੁ॥
ਕੂੜੁ ਸੁਇਨਾ, ਕੂੜੁ ਰੂਪਾ, ਕੂੜੁ ਪੈਨ੍ਹਣਹਾਰੁ॥
ਕੂੜੁ ਕਾਇਆ, ਕੂੜ ਕਪੜੁ, ਕੂੜੁ ਰੂਪੁ ਅਪਾਰੁ॥
ਕੂੜੁ ਮੀਆ, ਕੂੜ ਬੀਬੀ, ਖਪਿ ਹੋਏ ਖਾਰੁ॥
ਕੂੜਿ ਕੂੜੈ ਨੇਹੁ ਲਗਾ, ਵਿਸਰਿਆ ਕਰਤਾਰੁ॥
ਕਿਸੁ ਨਾਲਿ ਕੀਚੈ ਦੋਸਤੀ, ਸਭੁ ਜੁਗ ਚਲਣਹਾਰੁ॥
ਕੂੜੁ ਮਿਠਾ, ਕੂੜੁ ਮਾਖਿਉ, ਕੂੜੁ ਡੋਬੇ ਪੂਰੁ॥
ਨਾਨਕੁ ਵਖਾਣੈ ਬੇਨਤੀ, ਤੁਧੁ ਬਾਝੁ ਕੂੜੋ ਕੂੜੁ॥੧॥ (ਅੰਗ 468)

ਪ੍ਰਮਾਤਮਾ ਸੱਚੇ ਸਰੂਪ ਦੀ ਪ੍ਰਾਪਤੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਨੁਸਾਰ ਸੱਚ ਨਾਲ ਪਿਆਰ ਪਾਉਣ ਦੁਆਰਾ ਹੀ ਮਿਲਦੀ ਹੈ:

ਸਚੁ ਤਾ ਪਰੁ ਜਾਣੀਐ, ਜਾ ਰਿਦੈ ਸਚਾ ਹੋਇ॥
ਕੂੜ ਕੀ ਮਲੁ ਉਤਰੈ, ਤਨੁ ਕਰੇ ਹਛਾ ਧੋਇ॥
ਸਚੁ ਤਾ ਪਰੁ ਜਾਣੀਐ, ਜਾ ਸਚਿ ਧਰੇ ਪਿਆਰੁ॥
ਨਾਉ ਸੁਣਿ ਮਨੁ ਰਹਸੀਐ, ਤਾ ਪਾਏ ਮੋਖ ਦੁਆਰੁ॥
ਸਚੁ ਤਾ ਪਰੁ ਜਾਣੀਐ, ਜਾ ਜੁਗਤਿ ਜਾਣੈ ਜੀਉ॥
ਧਰਤਿ ਕਾਇਆ ਸਾਧਿ ਕੈ, ਵਿਚਿ ਦੇਇ ਕਰਤਾ ਬੀਉ॥
ਸਚੁ ਤਾ ਪਰੁ ਜਾਣੀਐ, ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ, ਕਿਛੁ ਪੁੰਨੁ ਦਾਨੁ ਕਰੇਇ॥
ਸਚੁ ਤਾਂ ਪਰੁ ਜਾਣੀਐ, ਜਾ ਆਤਮ ਤੀਰਥਿ ਕਰੇ ਨਿਵਾਸੁ॥
ਸਤਿਗੁਰੂ ਨੋ ਪੁਛਿ ਕੈ, ਬਹਿ ਰਹੈ ਕਰੇ ਨਿਵਾਸੁ॥
ਸਚੁ ਸਭਨਾ ਹੋਇ ਦਾਰੂ, ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ, ਜਿਨਿ ਸਚੁ ਪਲੈ ਹੋਇ॥ (ਅੰਗ 465)

ਮਨੁੱਖਾ ਜੀਵਨ ਅਮੋਲਕ ਦਾਤ ਦਾ ਜੇਕਰ ਕੋਈ ਅਸਲ ਮੰਤਵ ਹੈ, ਤਾਂ ਉਹ ਸਿਰਫ਼ ਅਤੇ ਸਿਰਫ਼ ਉਸ ਨਿਰਗੁਣ ਮਾਲਕ ਨਾਲ ਮਿਲਾਪ ਹੈ, ਜਿਸਦਾ ਇਹ ਅੰਸ਼ ਹੈ। ਇਹ ਦਾਤ ਵੀ ਦਾਤੇ ਦੀ ਦਿੱਤੀ ਹੈ ਅਤੇ ਇਸੇ ਰਾਹੀਂ ਉਸ ਤਕ ਪਹੁੰਚਣਾ ਵੀ ਉਸਦੀ ਮਿਹਰ 'ਤੇ ਨਿਰਭਰ ਹੈ। ਬਾਬੇ ਫਰੀਦ ਦੀ ਬਾਣੀ ਵਿਚ ਸਾਨੂੰ ਇਸ ਅਮੋਲਕ ਦਾਤ ਨੂੰ ਇਸਦੇ ਸਹੀ ਮਾਅਨਿਆਂ ਵਿਚ ਅਪਨਾਉਣ ਲਈ ਸੁੱਤੇ ਸਿੱਧ ਜਾਂਚ ਹਾਸਲ ਹੁੰਦੀ ਹੈ।

ਕਵਣੁ ਸੁ ਅਖਰ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥੧੨੬॥
ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ॥੧੨੭॥
ਮਤਿ ਹੋਦੀ ਹੋਇ ਇਆਣਾ॥ ਤਾਣ ਹੋਦੇ ਹੋਇ ਨਿਤਾਣਾ॥
ਅਣਹੋਦੇ ਆਪੁ ਵੰਡਾਏ॥ ਕੋਈ ਐਸਾ ਭਗਤੁ ਸਦਾਏ॥128॥
ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥੧੨੯॥ (ਅੰਗ 1384)

ਉਪਰੋਕਤ ਬਾਣੀ ਵਿਚ ਬਾਬਾ ਫਰੀਦ ਸਾਨੂੰ ਬੜੇ ਪਿਆਰ ਨਾਲ ਸਮਝ-ਉਂਦੇ ਹਨ ਕਿ ਇਸ ਮਨੁੱਖਾ ਜੀਵਨ ਵਿਚ ਅਸੀਂ ਪ੍ਰਭੂ ਨਾਲ ਮਿਲਾਪ ਤਦ ਹੀ ਕਰ ਪਾਵਾਂਗੇ ਜੇਕਰ ਅਸੀਂ ਨੀਵਾਂ ਹੋ ਕੇ, ਮਿੱਠਾ ਬੋਲ ਕੇ, ਦੂਸਰਿਆਂ ਦੀਆਂ ਗੱਲਾਂ ਨੂੰ ਸਹਾਰ ਕੇ ਅਤੇ ਇਕ ਵੀ ਫਿੱਕਾ ਬਚਨ ਨਾ ਬੋਲ ਕੇ ਕਿਸੇ ਦਾ ਦਿਲ ਨਾ ਦੁਖਾਈਏ।

ਫਿੱਕੇ ਬੋਲ ਇਨਸਾਨ ਨੂੰ ਇਸ ਜਗਤ ਅਤੇ ਦਰਗਾਹ ਵਿਚ ਵੀ ਧੱਕੇ ਪਵਾਉਂਦੇ ਹਨ।

ਨਾਨਕ ਫਿਕੈ ਬੋਲਿਐ, ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ, ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ, ਮੁਹਿ ਥੁਕਾ ਫਿਕੇ ਪਾਇ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥੧॥ (ਅੰਗ 473)

ਹੁਣ ਅਹਿਮ ਸੁਆਲ ਜੋ ਆਪ-ਮੁਹਾਰੇ ਉੱਠਦਾ ਹੈ ਉਹ ਹੈ ਅਜਿਹੀ ਜੀਵਨ ਜਾਂਚ ਕਿੱਥੋਂ ਹਾਸਲ ਕੀਤੀ ਜਾਵੇ। ਜਿਸ ਨਾਲ ਸੱਚ ਦੀ ਸਮਝ ਆ ਕੇ ਜੀਵਨ ਦੇ ਅਸਲੀ ਮਕਸਦ ਨੂੰ ਪ੍ਰਾਪਤ ਕਰ ਸਕੀਏ। ਕਿਵ ਸਚਿਆਰਾ ਹੋਈਐ, ਕਿਵ ਕੂੜੇ ਤੁਟੈ ਪਾਲਿ॥ ਇਹ ਕੂੜ ਦੀ ਪਾਲ ਜਿਸ ਵਲ ਬਾਬਾ ਨਾਨਕ ਇਸ਼ਾਰਾ ਕਰਦੇ ਹਨ ਉਹ ਕਿਹੜੀ ਹੈ, ਉਸਦਾ ਵਜੂਦ ਕੀ ਹੈ। ਕੂੜ ਤੋਂ ਭਾਵ ਹੈ ਮਾਇਆ। ਮਾਇਆ ਦੇ ਭਿੰਨ ਭਿੰਨ ਰੂਪ ਮਨੁੱਖਾ ਜਨਮ ਦੀ ਅਮੋਲਕ ਦਾਤ ਨੂੰ ਇਸਦੇ ਇਲਾਹੀ ਮੰਤਵ ਤੋਂ ਦੂਰ ਕਰਦੇ ਹਨ। ਮਾਇਆ ਆਪਣੇ ਚੰਚਲ ਸੁਭਾਅ ਦੇ ਹਿਤੂ ਜੀਵਨ ਨੂੰ ਭਟਕਣ ਵਲ ਧਕੇਲਦੀ ਹੈ। ਇਸਦੇ ਜੰਜਾਲ ਤੋਂ ਸਾਧਾਰਨ ਵਿਅਕਤੀ ਤਾਂ ਕੀ ਜੋਗੀ, ਜਤੀ, ਤਪੀ, ਮੁਨੀ, ਜੰਗਮ ਅਤੇ ਸੰਨਿਆਸੀ ਵੀ ਬਚ ਨਹੀਂ ਸਕੇ। ਇਥੇ ਅਸੀਂ ਇਸਦੇ ਸਥੂਲ ਅਤੇ ਸੂਖਮ ਰੂਪ ਦੀ ਕੁਝ ਚਰਚਾ ਕਰਦੇ ਹਾਂ। ਦੁਨਿਆਵੀ ਰਿਸ਼ਤੇ ਮਾਤਾ-ਪਿਤਾ, ਭੈਣ-ਭਰਾ, ਪਤੀ-ਪਤਨੀ, ਬੰਧਪ ਅਤੇ ਸਾਧਨ ਜਿਵੇਂ ਧਨ, ਸੰਪਤੀ, ਰਾਜ, ਭਾਗ ਇਸਦੇ ਸਥੂਲ ਰੂਪ ਵਿਚ ਲੋਭ, ਮੋਹ ਅਤੇ ਮਮਤਾ ਦੇ ਦਾਅ ਪੇਚਾਂ ਵਿਚ ਰੁਦਨ ਕਰਦੇ ਮਨੁੱਖਾ ਜੀਵਨ ਨੂੰ ਉਸਦੇ ਅਸਲ ਭਾਵ ਤੋਂ ਅਣਜਾਣ ਬਣਾਈ ਰੱਖਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਮਾਇਆ ਦੇ ਸੂਖਮ ਰੂਪ ਇਨਸਾਨ ਨੂੰ ਬਾਲਪਣ ਤੋਂ ਲੈ ਕੇ ਬਿਰਧ ਅਵਸਥਾ ਤਕ ਅਜਿਹੀ ਘੁੰਮਣ ਘੇਰੀ ਵਿਚ ਪਾਈ ਰੱਖਦੇ ਹਨ ਕਿ ਉਸਨੂੰ ਇਸ ਜਗਤ ਤਮਾਸ਼ੇ ਦੀ ਅਸਲੀ ਪਹਿਚਾਣ ਦੀ ਸੋਝੀ ਹੀ ਨਹੀਂ ਆਉਂਦੀ। ਉਹ ਇਸ ਜੀਵਨ ਦੇ ਅਸਲੀ ਮੰਤਵ ਤੋਂ ਗੁੰਮਰਾਹ ਹੋ ਕੇ ਮਾਇਆ ਦੇ ਜ਼ੋਰ ਹੇਠ ਲਗਾਤਾਰ ਦੁਰਾਚਾਰ ਦੇ ਰਾਹ ਪਿਆ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਇਸਦੀ ਵਿਆਖਿਆ ਇੰਝ ਕਰਦੇ ਹਨ:

ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥
ਅਸੰਖ ਅਮਰ ਕਰਿ ਜਾਹਿ ਜੋਰ॥ ਅਸੰਖ ਗਲਵਢ, ਹੱਤਿਆ ਕਮਾਹਿ॥
ਅਸੰਖ ਪਾਪੀ, ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ, ਕੂੜੇ ਫਿਰਾਹਿ॥
ਅਸੰਖ ਮਲੇਛ, ਮਲੁ ਭਖਿ ਖਾਹਿ॥ ਅਸੰਖ ਨਿੰਦਕ, ਸਿਰਿ ਕਰਹਿ ਭਾਰੁ॥
ਨਾਨਕ ਨੀਚੁ ਕਹੈ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥18॥ (ਅੰਗ 4)

ਜੀਵਨ ਜਾਂਚ ਅਤੇ ਕੂੜ ਦੀ ਪਾਲ ਦਾ ਸਿੱਧਾ ਨਾਤਾ ਜੀਵਨ ਦੇ ਸੰਸਾਰੀ ਸੰਬੰਧਾਂ ਨਾਲ ਜੁੜਿਆ ਹੋਇਆ ਹੈ ਜੋ ਇਸਨੂੰ ਇਸਦੀ ਅਧਿਆਤਮਿਕ ਲੰਬੀ ਯਾਤਰਾ ਦੇ ਰਾਹੇ ਹੀ ਨਹੀਂ ਪੈਣ ਦਿੰਦਾ। ਜੀਵਨ ਅਤੇ ਸੰਸਾਰ ਦਾ ਆਪਸੀ ਸੰਬੰਧ ਅਤੇ ਦੁਬੰਧ ਜੀਵਨ ਦੇ ਸਹੀ ਅਰਥਾਂ ਨੂੰ ਪਰਿਭਾਸ਼ਿਤ ਕਰਦਾ ਹੈ। ਜੀਵਨ ਦਾ ਸਾਰ ਸਮਾਜ ਦੀ ਜਟਿਲ ਵਿਵਸਥਾ ਨਾਲ ਮੋਹ ਪੱਤ ਹੈ। ਅਸੀਂ ਮਨੁੱਖਾ ਜੀਵਨ ਨੂੰ ਸੰਸਾਰ/ਸਮਾਜ ਦੀ ਬਣਤਰ ਤੋਂ ਅਲੱਗ ਰਖ ਕੇ ਇਸਦੇ ਸਮਝਣ ਦੀ ਵਿਆਕਰਣ ਤੋਂ ਅਣਜਾਣ ਰਹਿੰਦੇ ਹਾਂ। ਜੀਵਨ ਅਤੇ ਸਮਾਜ ਆਪਸ ਵਿਚ ਅਟੁੱਟ ਰੂਪ ਵਿਚ ਜੁੜੇ ਹੋਏ ਹਨ। ਚੰਗੇ ਜੀਵਨ ਲਈ ਚੰਗੇ ਸਮਾਜ ਦੀ ਅਤਿ ਜ਼ਰੂਰਤ ਹੈ। ਅਗਰ ਸਮਾਜ ਚੰਗਾ ਨਹੀਂ ਤਾਂ ਉਸ ਦਾ ਕਾਰਨ ਵੀ ਜੀਵਨ ਅੰਦਰੋਂ ਲੱਭਣਾਂ ਪਵੇਗਾ। ਜੀਵਨ ਸਮਾਜ ਅਤੇ ਸਮਾਜ ਜੀਵਨ ਦਾ ਪੂਰਕ ਹੈ। ਇਸ ਕਰਕੇ ਗੁਰੂ ਸਾਹਿਬਾਨ ਪ੍ਰਭੂ ਦੇ ਮਿਲਨ ਦੀ ਲੋਚਾ ਨੂੰ ਸਮਾਜ ਦੀ ਕੋਠੜੀ ਵਿਚ ਰਹਿ ਕੇ ਸੰਪੂਰਨ ਕਰਨ ਦੀ ਸਿੱਖਿਆ ਦਿੰਦੇ ਹਨ। ਸਮਾਜ ਦੇ ਤਿਆਗ ਨੂੰ ਵਰਜਿਤ ਕਰਦੇ ਹਨ। ਸੂਤਕ-ਪਾਤਕ, ਤੀਰਥ, ਇਸ਼ਨਾਨ, ਧੂਣੀਆਂ ਤਪਾਉਣ, ਅਵਤਾਰਾਂ ਦੀ ਪੂਜਾ, ਆਦਿ ਤੋਂ ਗੁਰੇਜ ਕਰਦੇ ਹਨ। ਇਸ ਸਭ ਦੇ ਉਲਟ ਸਮਾਜ ਸੇਵੀ ਹੋਣ ਦੀ ਸੋਝੀ ਦਿੰਦੇ ਹਨ। ਸੰਨਿਆਸ ਦੇ ਉਲਟ ਕਿਰਤ ਨੂੰ ਤਰਜੀਹ ਦਿੰਦੇ ਹਨ। ਠੱਗੀਆਂ ਠੋਰੀਆਂ ਅਤੇ ਹੇਰਾ-ਫੇਰੀਆਂ ਦੀ ਥਾਂ ਹੱਕ-ਹਲਾਲ ਦੀ ਕਮਾਈ ਚੋਂ ਦਸਵੰਧ ਦੀ ਸਿੱਖਿਆ ਦਿੰਦੇ ਹਨ-

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ (ਅੰਗ 1245)

ਗੁਰੂ ਗ੍ਰੰਥ ਸਾਹਿਬ ਵਿਚਲੀ ਜੀਵਨ ਜਾਚ ਸੰਸਾਰਿਕ ਧੰਦਿਆਂ ਤੋਂ ਕਿਨਾਰਾ ਕਰ ਕੇ ਸਮਾਜ ਨੂੰ ਪਿੱਠ ਦਿਖਾਉਣ ਨੂੰ ਨਕਾਰਦੀ ਹੈ। ਗੁਰੂ ਸਾਹਿਬਾਨ ਇਨਸਾਨ ਨੂੰ ਸਮਾਜ ਸੇਵੀ ਹੋਣ ਦੀ ਸਿੱਖਿਆ ਦਿੰਦੇ ਹੋਏ ਉਸਨੂੰ ਕਰਮ ਤੋਂ ਮੂੰਹ ਮੋੜਨ ਵਾਲੀ ਵਿਰਤੀ ਤੋਂ ਮੁਕਤ ਕਰਵਾ ਕੇ ਕਿਰਤ-ਮਈ ਜੀਵਨ ਨਾਲ ਜੋੜਦੇ ਹਨ। ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਵਿਚ –

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆਂ ਸੁਖ ਭੁੰਚੁ॥

ਦੁਨਿਆਵੀ ਕੰਮਾਂ-ਕਾਰਾਂ ਦਾ ਤਿਆਗ ਮਾਇਆ/ਕੂੜ ਤੋਂ ਮੁਕਤੀ ਨਹੀਂ ਬਲਕਿ ਇਸ ਅੱਗੇ ਗੋਡੇ ਟੇਕਣਾ ਹੈ। ਮਾਇਆ ਬਹੁਤ ਸੁਖਮ ਢੰਗ ਨਾਲ ਮਨ ਨੂੰ ਕਾਬੂ ਕਰਕੇ ਇਨਸਾਨੀ ਜਾਮੇ ਨੂੰ ਪਲੀਤ ਕਰਦੀ ਹੈ। ਘਰ-ਬਾਰ ਛੱਡ ਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੂਰ ਨਹੀਂ ਹੋ ਜਾਂਦੇ। ਸੰਗੀਆਂ ਸਾਥੀਆਂ ਵਿਚ ਰਹਿੰਦਿਆਂ ਜੇ ਧੰਨ-ਦੌਲਤ ਦਾ ਹੰਕਾਰ ਹੁੰਦਾ ਹੈ ਤਾਂ ਸੰਨਿਆਸ ਵਿਚ ਭਗਤੀ ਕਰਨ ਦਾ ਨਵਾਂ ਹੰਕਾਰ ਉਠ ਖੜੋਂਦਾ ਹੈ। ਇਸ ਕਰਕੇ ਗੁਰੂ ਸਾਹਿਬਾਨ ਸਾਨੂੰ ਪਰਿਵਾਰਕ ਮੋਹ ਮਾਇਆ ਛੱਡ ਕੇ ਸੰਨਿਆਸ ਲੈਣ ਤੋਂ ਵਰਜਦੇ ਹਨ। ਉਹ ਪਰਿਵਾਰ ਵਿਚ ਰਹਿੰਦਿਆਂ ਅਤੇ ਸੰਸਾਰ ਵਿਚ ਵਿਚਰਦਿਆਂ ਇਕ ਨਿਵੇਕਲੇ ਸੰਨਿਆਸ ਦੀ ਗਲ ਕਰਦੇ ਹਨ। ਇਹ ਨਿਵੇਕਲਾ ਸੰਨਿਆਸ ਮਾਇਆ ਦੀਆਂ ਸਥੂਲ ਅਤੇ ਸੂਖਮ ਚਾਲਾਂ ਤੋਂ ਬਚਾਉਂਦਿਆਂ ਮਨੁੱਖ ਜੀਵਨ ਦੀ ਅਮੁੱਲੀ ਦਾਤ ਨੂੰ ਪਲੀਤ ਹੋਣ ਤੋਂ ਸੁਰੱਖਿਅਤ ਰਖਦਾ ਹੈ ਅਤੇ ਉਸਨੂੰ ਅਖੀਰ ਵਿਚ ਉਸਦੇ ਨਿੱਜ ਘਰ ਵਾਸਾ ਕਰਨ ਵਿਚ ਸਹਾਈ ਸਿੱਧ ਹੁੰਦਾ ਹੈ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਮਾਇਆ ਦੇ ਪ੍ਰਭਾਵ ਹੇਠ ਇਨਸਾਨ ਵਲੋਂ ਸੁੱਖ ਲਈ ਲਈ ਕੀਤੇ ਯਤਨਾਂ ਤੋਂ ਨਿਸਫਲ ਹੁੰਦਿਆਂ ਫੁਰਮਾਉਂਦੇ ਹਨ:

ਜਤਨ ਬਹੁਤ ਸੁਖ ਕੀ ਕੀਏ,
ਦੁਖ ਕੋ ਕੀਓ ਨ ਕੋਇ॥
ਕਹੁ ਨਾਨਕ ਸੁਨ ਰੇ ਮਨਾਂ, ਹਰਿ ਭਾਵੈ ਸੋ ਹੋਇ॥ (ਅੰਗ 1428)

ਮਾਇਆ ਦੇ ਪ੍ਰਭਾਵ ਹੇਠ ਇਨਸਾਨ ਭਾਵੇਂ ਸੁੱਖਾਂ ਦੀਆਂ ਜਿੰਨੀਆਂ ਮਰਜੀ ਸੁੱਖਾਂ ਸੁਖਦਾ ਫਿਰੇ ਹੋਣਾ ਉਹ ਹੀ ਹੈ ਜੋ ਉਸ ਕਰਤਾਰ ਨੂੰ ਭਾਵੇਗਾ। ਮਾਇਆ ਦੀ ਮ੍ਰਿਗ ਤ੍ਰਿਨਾ ਇਨਸਾਨ ਨੂੰ ਸਿਵਾਏ ਉਸਦੇ ਸਦੀਵੀ ਲਕਸ਼ ਤੋਂ ਭਟਕਾਉਣ ਤੋਂ ਬਿਨਾਂ ਉਸਦੀ ਕਿਤੇ ਵੀ ਮਦਦ ਨਹੀਂ ਕਰਦੀ। ਗੁਰੂ ਸਾਹਿਬ ਫੁਰਮਾਉਂਦੇ ਹਨ:

ਜੈਸੇ ਜਲ ਤੇ ਬੁਦਬੁਦਾ, ਉਪਜੈ ਬਿਨਸੈ ਨੀਤ॥
ਜਗ ਰਚਨਾ ਤੈਸੇ ਰਚੀ, ਕਹੁ ਨਾਨਕ ਸੁਨਿਮੀਤ॥
ਮਾਇਆ ਕਾਰਨਿ ਧਾਵਹੀ, ਮੂਰਖ ਲੋਗ ਅਜਾਨ॥
ਕਹੁ ਨਾਨਕ ਬਿਨ ਹਰ ਭਜਨ, ਬਿਰਥਾ ਜਨਮੁ ਸਿਰਾਨ॥ (ਅੰਗ 1427)

ਸੰਸਾਰ ਦੇ ਨਾਸ਼ਵਾਨ ਪਲੇਟਫਾਰਮ ਤੇ ਖੜਿਆਂ ਕਿਸੇ ਸਥਾਈ ਸੁਖ ਦੀ ਪ੍ਰਾਪਤੀ ਦੀ ਲੋਚਾ ਕਰਨਾ ਮਾਇਆ ਨੂੰ ਕੂੜ ਨਹੀਂ ਤਾਂ ਹੋਰ ਕੀ ਹੈ। ਅਜਿਹੀ ਲੋਚਾ ਹੀ ਇਨਸਾਨ ਨੂੰ ਬੇਮਤਲਬਾ ਦੁੜਾਈ ਫਿਰਦੀ ਹੈ। ਜੇਕਰ ਸੰਸਾਰ ਛਿਨ-ਭੰਗਰ ਹੈ ਤਾਂ ਇਸਦੇ ਵਿਚ ਰਹਿਣ ਵਾਲੇ ਜੀਵ ਵੀ ਬੁਲਬੁਲੇ ਦੀ ਤਰ੍ਹਾਂ ਹਨ ਅਤੇ ਉਹਨਾਂ ਵੱਲੋਂ ਚਾਰੇ ਪਾਸੇ ਸੁੱਖ ਅਤੇ ਉਹਨਾਂ ਦੀ ਪ੍ਰਾਪਤੀ ਦੇ ਨਾਲ-ਨਾਲ ਉਹਨਾਂ ਦਾ ਆਨੰਦ ਵੀ ਕੁਝ ਸਮੇਂ ਲਈ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਦੀਵੀ ਆਨੰਦ ਕਿਸ ਤਰ੍ਹਾਂ ਮਿਲੇ। ਇਸ ਦੀ ਸੋਝੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ-ਮੁਹਾਰੇ ਗੁਰਮਖ ਨੂੰ ਹਾਸਿਲ ਹੁੰਦੀ ਹੈ।

ਜਉ ਸੁਖ ਕਉ ਚਾਹੈ ਸਦਾ, ਸਰਨਿ ਰਾਮ ਕੀ ਲੇਹ॥
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹਿ॥ (ਅੰਗ 1427)

ਗੁਰੂ ਸਾਹਿਬਾਨ ਗੁਰਮੁਖ ਨੂੰ ਮਾਇਆ ਦੀਆਂ ਬਹੁ-ਪਰਤਾਂ ਤੋਂ ਸੁਚੇਤ ਕਰਦੇ ਹੋਏ ਫੁਰਮਾਉਂਦੇ ਹਨਜੋ

ਪ੍ਰਾਨੀ ਮਮਤਾ ਤਜੈ, ਲੋਭ ਮੋਹ ਅਹੰਕਾਰ॥
ਕਹੁ ਨਾਨਕ ਆਪਨ ਤਰੈ, ਅਉਰਨ ਲੇਤ ਉਧਾਰ॥ (ਅੰਗ 1427)

ਗੁਰੂ ਸਾਹਿਬਾਨ ਸਾਧਕ ਨੂੰ ਸੰਸਾਰ ਨੂੰ ਸੁਪਨੇ ਦੀ ਤਰ੍ਹਾਂ ਮੰਨਣ ਦੀ ਹਦਾਇਤ ਕਰਦੇ ਹਨ, ਜਿਸਦੇ ਤਹਿਤ ਮਾਇਆ ਨੂੰ ਕੂੜ ਦਾ ਘੇਰਾ ਸੰਕੁਚਿਤ ਹੁੰਦਾ ਹੈ ਅਤੇ ਸਾਧਕ ਸਦੀਵੀ ਸੁੱਖ ਨੂੰ ਪ੍ਰਾਪਤ ਹੁੰਦਾ ਹੈ –

ਜਿਉ ਸੁਪਨਾ ਅਰੁ ਪੇਖਨਾਂ, ਐਸੇ ਜਗ ਕਉ ਜਾਨਿ॥
ਇਨ ਮਹਿ ਕਛੁ ਸਾਚੋ ਨਹੀਂ, ਨਾਨਕ ਬਿਨੁ ਭਗਵਾਨ॥ (ਅੰਗ 1427)

ਜੀਵਨ ਅਤੇ ਸੰਸਾਰ ਦੋਨੋਂ ਇਕ ਦੂਸਰੇ ਨੂੰ ਪ੍ਰਭਾਵਿਤ ਕਰਦੇ ਹਨ। ਜੇ ਜਗ ਮਿਥਿਆ ਹੈ ਤਾਂ ਜੀਵਨ ਦੇ ਸਤ ਹੋਣ ਤੇ ਵੀ ਸ਼ੱਕ ਉੱਠ ਖਲੋਂਦਾ ਹੈ । ਪਰ ਜੀਵਨ ਸਮੇ ਅਤੇ ਸਥਾਨਾਂ ਦੀਆਂ ਬੰਦਸ਼ਾਂ ਵਿਚ ਬੱਝਿਆ ਹੋਇਆ ਤਾਂ ਸੀਮਤ ਹੈ, "ਮਿਥਿਆ" ਵੀ ਲਗਦਾ ਹੈ ਪਰ ਇਸ ਜੀਵਨ ਮਾਧਿਅਮ ਰਾਹੀਂ ਹੀ ਜਗ ਦੇ ਮਿਥਿਆ ਹੋਣ ਦਾ ਪ੍ਰਮਾਣ ਵੀ ਮਿਲਦਾ ਹੈ। ਜੀਵਨ ਤੋਂ ਬਿਨਾਂ ਸੰਸਾਰ ਦੀ ਹੋਂਦ ਦੀ ਕਨਸੋਅ ਕਿਵੇਂ ਪਵੇ? ਜਗ ਦੇ ਸਚ ਅਤੇ ਮਿਥਿਆ ਹੋਣ ਦਾ ਪਤਾ ਕਿਵੇਂ ਲੱਗੇ। ਇਨ੍ਹਾਂ ਸਭ ਸਵਾਲਾਂ ਦੇ ਉੱਤਰ ਲਈ ਜੀਵਨ ਤਾਂ ਜਰੂਰੀ ਹੈ। ਪਰ ਜੀਵਨ ਸੱਚ ਦੀ ਸੋਝ ਤੋਂ ਬਿਨਾ ਸੰਸਾਰ ਦੇ ਮਿਥਿਆ ਹੋਣ ਦੀ ਜਾਣਕਾਰੀ ਨਹੀਂ ਪ੍ਰਾਪਤ ਕਰ ਸਕਦਾ। ਭਾਵੇਂ ਇਹ ਜਗ ਅਸਥਿਰ ਹੈ, ਪਰ ਇਸ ਨੂੰ ਉਸ ਸਦਾ ਸਥਿਰ ਪ੍ਰਭੂ ਨੇ ਖੁਦ ਰਚਿਆ ਹੈ ਅਤੇ ਇਹ ਉਸਦੇ ਰਹਿਣ ਦੀ ਥਾਂ ਹੈ। ਇਸ ਜਗਤ ਵਿਚ ਵਿਚਰਦੇ ਜੀਵ ਵੀ ਉਸ ਦੀ ਹੀ ਕਰਾਮਾਤ ਹਨ ਅਤੇ ਜਿਨ੍ਹਾਂ ਜੀਵਾਂ ਉੱਤੇ ਉਸਦੀ ਮਿਹਰ ਹੁੰਦੀ ਹੈ, ਉਨ੍ਹਾਂ ਨੂੰ ਹੀ ਮਾਇਆ ਅਤੇ ਸੱਚ ਦੇ ਭੇਦ ਦਾ ਗਿਆਨ ਹੁੰਦਾ ਹੈ। ਇਸ ਲਈ ਜਗ ਦੇ ਸੱਚ ਅਤੇ ਮਿਥਿਆ ਹੋਣ ਦਾ ਸਿੱਧਾ ਸੰਬੰਧ ਜੀਵਨ ਜੀਵਨ ਜਾਂਚ ਨਾਲ ਹੈ। ਸਮਾਜ/ ਸੰਸਾਰ/ ਜਗ ਬਹੁਤ ਸਾਰੇ ਜੀਵਨ ਦੇ ਸਮੂਹ ਅਤੇ ਉਨ੍ਹਾਂ ਦੇ ਆਪਸੀ ਸੰਬੰਧਾਂ ਅਤੇ ਦੰਬੰਧਾਂ ਦਾ ਮਿਲਗੋਭਾ ਹਨ। ਇਕੱਲਾ ਕਹਿਰਾ ਜੀਵਨ

**(ਬਾਕੀ ਅਗਲੇ ਸਫੇ 'ਤੇ)**

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਅਨੁਸਾਰ ਅਰਥ ਭਰਪੂਰ ਜੀਵਨ ਜੀਣ ਦੀ ਜਾਂਚ

(ਸਫਾ 21 ਦੀ ਬਾਕੀ)

ਸਮਾਜ ਦੀ ਰਚਨਾ ਕਰਨ ਤੋਂ ਅਸਮਰਥ ਹੈ ਅਤੇ ਗੁਰੂ ਦੀ ਸਿੱਖਿਆ ਤੋਂ ਬਿਨਾਂ ਇਸਦੇ ਪ੍ਰਭਾਵ ਤੋਂ ਬਚ ਸਕਣ ਦੇ ਵੀ ਅਸਮਰਥ ਹੈ। ਗੁਰਮੁਖ ਜੀਵਨ ਸਮਾਜ ਨੂੰ ਕੁਰਾਹੇ ਤੋਂ ਰਾਹੇ ਪਾਉਣ ਦੀ ਸਮਰਥਾ ਰਖਦਾ ਹੈ। ਜਿਸਦੀ ਜਿਉਂਦੀ ਜਾਗਦੀ ਉਦਾਹਰਣ ਗੁਰੂ ਸਾਹਿਬਾਨ ਹਨ, ਜਿਨ੍ਹਾਂ ਨੇ ਆਪਣੇ ਵੱਡਮੁੱਲੇ ਯੋਗਾਦਨ ਨਾਲ ਘੋਰ ਅੰਧੇਰ ਵਿਚ ਖੱਜਲ ਖੁਵਾਰ ਹੁੰਦੀ ਲੁਕਾਈ ਨੂੰ ਪ੍ਰਕਾਸ਼ਮਾਨ ਕਰ ਕੇ ਵਾਹਿਗੁਰੂ ਦੀ ਸਿੱਤ ਸਲਾਹ ਦੇ ਮਾਰਗ ਪਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੀਵਨ ਜਾਂਚ ਅਤੇ ਮਨੁੱਖੀ ਜੀਵਨ ਦੇ ਅਸਲ ਮਨੋਰਥ ਨੂੰ ਹਾਸਿਲ ਕਰਨ ਵਾਸਤੇ ਸਤ-ਸੰਤੋਖ ਅਤੇ ਗਿਆਨ ਉੱਤੇ ਬਹੁਤ ਜੋਰ ਦਿੱਤਾ ਗਿਆ ਹੈ।

ਸੁਣਿਐ ਸਤੁ ਸੰਤੋਖ ਗਿਆਨੁ॥

ਇਹਨਾਂ ਤਿੰਨਾਂ ਗੁਣਾਂ ਦਾ ਧਾਰਨੀ ਰੱਬ ਦੀ ਮਿਹਰ ਦਾ ਪਾਤਰ ਬਣ ਕੇ ਮਨੁੱਖਾ ਜੀਵਨ ਦੇ ਅਸਲ ਮੰਤਵ ਨੂੰ ਪ੍ਰਾਪਤ ਹੁੰਦਾ ਹੈ। ਸਤ ਤੋਂ ਭਾਵ ਹੈ, ਸੱਚਾ, ਸਥਾਈ। ਪ੍ਰੋਫੈਸਰ ਸਾਹਿਬ ਸਿੰਘ ਜਪੁਜੀ ਸਟੀਕ ਵਿਚ ਇਸਦਾ ਭਾਵ ਦਾਨੀ ਤੋਂ ਵੀ ਲੈਂਦੇ ਹਨ। ਸੱਚੇ ਅਤੇ ਦਾਨੀ ਇਨਸਾਨ ਦੇ ਮਨੋ ਹਉਮੈ ਦੂਰ ਹੋ ਜਾਂਦੀ ਹੈ ਅਤੇ ਉਹ ਮਨ ਦੇ ਵਿਕਾਰਾਂ ਤੋਂ ਨਿਜਾਤ ਪ੍ਰਾਪਤ ਕਰ ਕੇ ਸਮਦ੍ਰਿਟੀ ਨੂੰ ਪ੍ਰਾਪਤ ਹੁੰਦਾ ਹੈ। ਜਿਹੜਾ ਇਨਸਾਨ ਆਪਣੀ ਜੀਵਨ ਯੁਗਤ ਵਿਚ ਸਤ ਨੂੰ ਸ਼ਾਮਿਲ ਕਰ ਲੈਂਦਾ ਹੈ, ਉਹ ਲੋਕ, ਪਰਲੋਕ ਦੋਹਾਂ ਵਿਚ ਜਸ ਦਾ ਪਾਤਰ ਬਣ ਜਾਂਦਾ ਹੈ। ਗੁਰਬਾਣੀ ਅਨੁਸਾਰ ਦਾਨੀ ਉਹੀ ਹੈ ਜਿਹੜਾ ਕਠਿਨ ਕਿਰਤ ਕਰ ਕੇ ਉਸਦੇ ਫਲ ਵਿਚੋਂ ਦਾਨ ਕਰਦਾ ਹੈ। ਅਜਿਹੇ ਦਾਨ ਦੀ ਹੀ ਦਰਗਾਹ ਵਿਚ ਰਸਾਈ ਹੈ ਨੂੰ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥

ਸਦਾਚਾਰਤਾ ਮਨ ਨੂੰ ਵਿਕਾਰਾਂ ਤੋਂ ਵੀ ਵਰਜਦੀ ਹੈ। ਗੁਰਬਾਣੀ ਵਿਚ ਨਸ਼ਿਆਂ ਦੇ ਵਿਕਾਰ ਤੋਂ ਮਨੁੱਖੀ ਜੀਵਨ ਨੂੰ ਬਚਣ ਦੀ ਸੋਝੀ ਪ੍ਰਾਪਤ ਹੁੰਦੀ ਹੈ। ਨਸ਼ਿਆਂ ਦਾ ਸੇਵਨ ਮਨੁੱਖੀ ਸਰੀਰ ਅਤੇ ਮਨ ਨੂੰ ਨਿਰਬਲ ਕਰਕੇ ਪਸ਼ੂ-ਵ੍ਰਿਤੀ ਵਲ ਧਕੇਲਦਾ ਹੈ, ਜੋ ਇਸਨੂੰ ਇਸਦੇ ਅਸਲੀ ਮੰਤਵ ਤੋਂ ਕੁਰਾਹੇ ਪਾ ਦਿੰਦਾ ਹੈ। ਗੁਰਬਾਣੀ ਵਿਚ ਨਸ਼ਿਆਂ ਦੇ ਵਿਕਾਰ ਨੂੰ ਸਪਸ਼ਟ ਕੀਤਾ ਹੈ।

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀਂ ਪਾਨੰ॥
ਸੁਰਾ ਅਪਵ੍ਰਿਤ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ॥੧॥
(ਅੰਗ 1293)

ਸ਼ਰਾਬ ਭਾਵੇਂ ਗੰਗਾ ਜਲ ਵਿਚ ਬਣਾਈ ਹੋਵੇ ਤਾਂ ਵੀ ਸੰਤ ਜਨ ਇਸਦਾ ਇਸਤੇਮਾਲ ਨਹੀਂ ਕਰਦੇ। ਪਰੰਤੂ ਜੇਕਰ ਸ਼ਰਾਬ ਅਤੇ ਹੋਰ ਅਪਵਿੱਤਰ ਚੀਜ਼ਾਂ ਨੂੰ ਗੰਗਾ ਜਲ ਵਿਚ ਮਿਲਾਇਆ ਜਾਵੇ ਤਾਂ ਉਹ ਵੀ ਪਵਿੱਤਰ ਹੋ ਜਾਂਦੀਆਂ ਹਨ।

ਜਿਤੁ ਪੀਤੈ ਮਤਿ ਦੂਰਿ ਹੋਇ ਬਰੁਲ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥ (ਅੰਗ 554)

ਸਤ ਦਾ ਇਕ ਹੋਰ ਪਹਿਲੂ ਹੈ ਕਰਨੀ ਅਤੇ ਕਥਨੀ ਵਿਚ ਅੰਤਰ ਨਾ ਹੋਣਾ-

ਫਰੀਦਾ ਜੇ ਤੂ ਅਕਲਿ ਲਤੀਫੁ, ਕਾਲੇ ਲਿਖੁ ਨ ਲੇਖ॥
ਆਪਨੜੈ ਗਿਰੀਵਾਨ ਮਹਿ, ਸਿਰਿ ਨੀਵਾਂ ਕਰਿ ਦੇਖੁ॥੬॥ (ਅੰਗ 1378)

ਗੁਰੂ ਗ੍ਰੰਥ ਸਾਹਿਬ ਵਿਚ ਦੂਸਰੀ ਇਲਾਹੀ ਵਸਤੂ ਜਿਸ ਨੂੰ ਅਪਣਾ ਕੇ ਅਸੀਂ ਅਰਥ ਭਰਪੂਰ ਜੀਵਨ ਜੀ ਸਕਦੇ ਹਾਂ ਉਹ ਹੈ ਸੰਤੋਖ। ਸੰਤੋਖ ਤੋਂ ਭਾਵ ਹੈ ਜਿਸ ਹਾਲਤ ਵਿਚ ਉਹ ਮਾਲਕ ਰੱਖੇ ਉਸੇ ਵਿਚ ਸੰਤੁਸ਼ਟ ਰਹਿਣਾ।

ਇਹ ਉਹ ਅਵਸਥਾ ਹੈ ਜਿਸ ਵਿਚ ਦੁੱਖ-ਸੁੱਖ, ਹਰਖ-ਸੋਗ, ਮਾਣ ਅਪਮਾਨ,

ਉਸਤਤ-ਨਿੰਦਾ, ਸੋਨਾ-ਮਿੱਟੀ ਆਦਿਕ ਸਭ ਨੂੰ ਇਕ ਸਮਾਨ ਸਮਝਿਆ ਜਾਂਦਾ ਹੈ। ਇਹ ਅਵਸਥਾ ਇਨਸਾਨ ਨੂੰ ਸਹਿਜ ਅਤੇ ਅਡੋਲਤਾ ਵਲ ਲੈ ਕੇ ਜਾਂਦੀ ਹੈ। ਇਸ ਦੇ ਉਲਟ ਮਨ ਦੇ ਵਿਕਾਰਾਂ ਦੀਆਂ ਤ੍ਰਿਪਤਈਆਂ ਵਲ ਰੁੱਖ ਕਰਨਾ ਨਰਕਵਾਸੀ ਹੋਣਾ ਹੈ, ਜੋ ਇਨਸਾਨ ਨੂੰ ਹਨੇਰੇ ਵਿਚ ਧੱਕਦਾ ਹੈ। ਸਮ-ਅਵਸਥਾ ਨੂੰ ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਜੀਵਨ ਦੀ ਸਭ ਤੋਂ ਉੱਚੀ ਪ੍ਰਾਪਤੀ ਦੱਸਿਆ ਹੈ ਜਿਸ ਨੂੰ ਉਹ ਨਿਰਵਾਨ ਅਤੇ ਨਿਰਭੈ ਪਦ ਵੀ ਮੰਨਦੇ ਹਨ।

ਜਦੋਂ ਤੱਕ ਸਮ ਅਵਸਥਾ ਨੂੰ ਹਾਸਿਲ ਨਹੀਂ ਕੀਤਾ ਜਾਂਦਾ ਤਦ ਤਕ ਕੋਈ ਇਨਸਾਨ ਉੱਚੀ ਤੋਂ ਉੱਚੀ ਹਰ ਤਰ੍ਹਾਂ ਦੀ ਪਦਵੀ ਹਾਸਿਲ ਕਰ ਕੇ ਵੀ ਸਦੀਵੀ ਖੁਸ਼ੀ ਤੋਂ ਸੱਖਣਾ ਰਹਿੰਦਾ ਹੈ। ਅੱਜ ਕੱਲ ਦੇ ਉਪਭੋਗਤਾ ਜੀਵਨ ਵਿਚ ਸਮ-ਅਵਸਥਾ ਦੀ ਬਹੁਤ ਮਹੱਤਤਾ ਹੈ, ਜੋ ਇਨਸਾਨ ਨੂੰ ਖੁਦ ਤੋਂ ਬਚਾਅ ਕੇ ਬਾਹਰੀ ਤਾਕਤਾਂ ਨਾਲ ਵਿਚਾਰ ਪੂਰਵਕ ਸੰਬਾਦ ਦੇ ਜ਼ਰੀਏ ਨੂੰ ਸ਼ਾਂਤਮਈ ਜੀਵਨ ਜੀਊਣ ਦਾ ਰਸਤਾ ਪ੍ਰਦਾਨ ਕਰਦੀ ਹੈ। ਗੁਰੂ ਤੇਗ ਬਹਾਦਰ ਜੀ ਸਮ ਅਵੱਸਥਾ ਬਾਰੇ ਦਰਸਾਉਂਦੇ ਹਨ:

ਸੁਖ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥੨॥ (ਅੰਗ 219)

ਗੁਰੂ ਤੇਗ ਬਹਾਦਰ ਜੀ ਨੇ ਦੁੱਖ-ਸੁੱਖ, ਲੋਭ-ਮੋਹ, ਅਤੇ ਹਰਖੁ-ਸੋਗ ਨੂੰ ਸਮ ਕਰਕੇ ਸਮਝਣ ਵਾਲੇ ਮਨੁੱਖ ਨੂੰ ਪ੍ਰਮਾਤਮਾ ਦਾ ਰੂਪ ਬਿਆਨਿਆ ਹੈ:

ਸੁਖੁ ਦੁਖੁ ਜਿਹ ਪਰਸੈ ਨਹੀਂ, ਲੋਭੁ ਮੋਹੁ ਅਭਿਮਾਨੁ॥
ਕਹੈ ਨਾਨਕ ਸੁਨੁ ਰੇ ਮਨਾ, ਸੋ ਮੂਰਤਿ ਭਗਵਾਨ॥
ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ॥ ਮੁਕਤਿ ਤਾਹਿ ਤੈ ਜਾਨਿ॥ (ਅੰਗ 1427)

ਤੀਸਰੀ ਵਸਤੂ ਜਿਸ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਸਾਨੂੰ ਵਿਸਥਾਰ ਪੂਰਵਕ ਅਰਥ ਭਰਪੂਰ ਜੀਵਨ ਜੀਊਣ ਦੀ ਸੋਝੀ ਮਿਲਦੀ ਹੈ ਉਹ ਹੈ ਵਿਚਾਰ/ਗਿਆਨ। ਇਥੇ ਇਹ ਦਰਸਾਉਣਾ ਅਤਿ ਜ਼ਰੂਰੀ ਬਣਦਾ ਹੈ ਕਿ ਜਿਥੇ ਗੁਰਬਾਣੀ ਵਿਚ ਆਸਥਾ ਉੱਤੇ ਜੋਰ ਦਿੱਤਾ ਜਾਂਦਾ ਹੈ ਉਥੇ ਗਿਆਨ ਨੂੰ ਵੀ ਉਨੀ ਹੀ ਮਹਾਨਤਾ ਦਿੱਤੀ ਜਾਂਦੀ ਹੈ।

ਗੁਰਬਾਣੀ ਵਿਚ ਸਮਰਪਣ ਦੀ ਭਾਵਨਾ ਵਿਵੇਕ ਤੇ ਨਿਰਧਾਰਿਤ ਹੈ। ਜਿਸ ਗਿਆਨ ਦੀ ਗਲ ਗੁਰਬਾਣੀ ਵਿਚ ਕੀਤੀ ਗਈ ਹੈ, ਉਹ ਗਿਆਨ ਸ਼ਬਦੀ ਅਤੇ ਲੌਜਿਕ (Logic) 'ਤੇ ਨਿਰਧਾਰਿਤ ਨਹੀਂ ਹੈ। ਉਹ ਗਿਆਨ ਅਧਿਆਤਮਿਕ ਗਿਆਨ ਹੈ। ਜੋ ਕਿ ਪ੍ਰਭੂ ਕਿਰਪਾ ਨਾਲ ਮਿਲਦਾ ਹੈ। ਇਸ ਗਿਆਨ ਦੇ ਸਦਕਾ ਹੀ ਮਨੁੱਖੀ ਮਨ ਕਾਬੂ ਵਿਚ ਰਹਿੰਦਾ ਹੈ ਅਤੇ ਇਹ ਗਿਆਨ ਹੀ ਸਾਰੇ ਝੂਠੇ ਸਗਲ ਪਸਾਰਿਆਂ ਦਾ ਪੜਦਾ ਫਾਸ ਕਰਦਾ ਹੈ। ਇਹ ਗਿਆਨ ਹੀ ਮਾਇਆ ਦੇ ਪ੍ਰਭਾਵ ਨੂੰ ਖਤਮ ਕਰ ਕੇ ਮਨ ਨੂੰ ਸ਼ਾਂਤ ਕਰਦਾ ਹੈ। ਜੋ ਅੰਤ ਵਿਚ ਇਨਸਾਨ ਨੂੰ ਪ੍ਰਭੂ ਦੀ ਸ਼ਰਨ ਵਿਚ ਜਾਣ ਦਾ ਸੁਭਾਗ ਪ੍ਰਾਪਤ ਕਰਵਾਉਂਦਾ ਹੈ

ਐਸਾ ਗਿਆਨੁ ਜਪਹੁ ਮਨ ਮੇਰੇ॥ ਹੋਵਹੁ ਚਾਕਰ ਸਾਚੇ ਕੇਰੇ॥ (ਅੰਗ 728)

ਜਿਸ ਗਿਆਨ ਦੀ ਗੁਰੂ ਸਾਹਿਬਾਨ ਗੱਲ ਕਰਦੇ ਹਨ। ਉਹ ਗਿਆਨ ਸਤ ਅਤੇ ਸੰਤੋਖ ਦੇ ਧਾਰਨੀ ਹੋਣ ਉਪਰੰਤ ਉਪਜਦਾ ਹੈ। ਇਹ ਉਹ ਅਵਸਥਾ ਹੈ, ਜਦੋਂ ਮਨ ਟਿਕਾ ਵਿਚ ਆ ਜਾਂਦਾ ਹੈ, ਤਾਂ ਸਹਿਜ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸ ਗਿਆਨ ਦੇ ਉਪਜਣ ਤੇ ਮਨ ਨਿਰਮਲ ਹੋ ਜਾਂਦਾ ਹੈ ਅਤੇ ਮਾਇਆ ਮਮਤਾ, ਲੋਭ, ਮੋਹ, ਹੰਕਾਰ ਮਨੁੱਖਾ ਜੀਵਨ ਵਿਚੋਂ ਤਜ (ਨਿਕਲ-ਤਿਆਗਣਾ) ਜਾਂਦੇ ਹਨ।

ਮਾਇਆ ਮਮਤਾ ਤਨ ਤੇ ਭਾਗੀ, ਉਪਜਿਉ ਨਿਰਮਲ ਗਿਆਨੁ॥ (ਅੰਗ 1186)

ਇਸ ਗਿਆਨ ਦੀ ਅਣਹੋਂਦ ਦਾ ਜ਼ਿਕਰ ਕਰਦੇ ਹੋਏ ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ-

ਮਾਧੋ ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥ (ਅੰਗ 486)

ਇਹ ਗਿਆਨ ਗੁਰੂ ਦੀ ਮਿਹਰ ਸਦਕਾ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਇਸ ਬਾਰੇ ਸਮਝਾਉਂਦੇ ਹੋਏ ਫੁਮਰਾਉਂਦੇ ਹਨਜੇ

ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆ, ਗੁਰ ਬਿਨੁ ਘੋਰ ਅੰਧਾਰ॥ (ਅੰਗ 463)

ਗੁਰੂ ਦੁਆਰਾ ਹਾਸਿਲ ਕੀਤੇ ਗਿਆਨ ਤੋਂ ਬਿਨਾਂ ਕੁਝ ਵੀ ਸੋਝੀ ਹਾਸਿਲ ਨਹੀਂ ਕੀਤੀ ਜਾ ਸਕਦੀ। ਜਿਸ ਤਰ੍ਹਾਂ ਕਿ ਅਸੀਂ ਉੱਪਰ ਜ਼ਿਕਰ ਕਰ ਆਏ ਹਾਂ ਕਿ ਇਹ ਗਿਆਨ ਗੱਲਾਂ ਰਾਹੀਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਹ ਤਾਂ ਉਸਦੀ ਨਦਿਰ ਨਾਲ ਹੀ ਹਾਸਿਲ ਹੁੰਦਾ ਹੈ।

ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ॥ (ਅੰਗ 465)

ਅਜਿਹੇ ਗਿਆਨ ਦਾ ਧਾਰਨੀ ਮਨੁੱਖ ਜਿੱਥੇ ਪਰਮ ਸੱਤ ਤੋਂ ਵਾਕਿਫ ਹੁੰਦਾ ਹੈ ਉਥੇ ਅਥਾਹ ਅਲੌਕਿਕ ਸ਼ਕਤੀ ਦਾ ਸਹਿਜ ਸੁਭਾ ਵਿਚ ਵਿਚਰਦਿਆਂ ਆਨੰਦ ਮਾਣਦਾ ਹੋਇਆ ਮਾਇਆ ਦੀਆਂ ਜਟਿਲ ਪਰਤਾਂ ਦਾ ਭੇਦ ਖੋਲ੍ਹ ਕੇ ਸਮਾਜ ਨੂੰ ਕੁਰਾਹਿਆਂ ਤੋਂ ਰਾਹੇ ਪਾਉਂਦਾ ਹੈ। ਗੁਰੂ ਘਰ ਦੀ ਬਾਣੀ ਵਿਚ ਔਰਤ ਦੀ ਬਰਾਬਰੀ ਅਤੇ ਜਾਤ-ਪਾਤ ਦੇ ਕੋਹੜ ਤੋਂ ਨਿਜ਼ਾਤ ਪਾਉਣ ਸੰਬੰਧੀ ਬਹੁਤ ਡੂੰਘੀ ਸਿੱਖਿਆ ਉਪਲੱਬਧ ਹੈ। ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਉਸ ਨੂੰ ਜਨਮ ਦਾ ਧੁਰਾ ਦਰਸਾਇਆ ਹੈ। ਆਪ ਫੁਰਮਾਉਂਦੇ ਹਨ।

ਇਸਤਰੀ ਤੋਂ ਹੀ ਜਨਮ ਹੁੰਦਾ ਹੈ। ਇਸਤਰੀ ਦੇ ਪੇਟ ਵਿਚ ਹੀ ਮਨੁੱਖ ਦਾ ਸਰੀਰ ਬਣਾ ਹੈ। ਇਸਤਰੀ ਨਾਲ ਹੀ ਕੁੜਮਾਈ ਅਤੇ ਵਿਆਹ ਹੁੰਦਾ ਹੈ। ਇਸਤਰੀ ਰਾਹੀਂ ਹੀ ਜਗਤ ਵਿਚ ਭਾਈਚਾਰਾ ਚਲਦਾ ਹੈ ਅਤੇ ਇਸਤਰੀ ਦੀ ਮੌਤ ਉਪਰੰਤ ਹੋਰ ਇਸਤਰੀ ਦੀ ਭਾਲ ਕਰਨੀ ਪੈਂਦੀ ਹੈ। ਜਿਸ ਇਸਤਰੀ ਤੋਂ ਸੰਸਾਰ ਦੇ ਬੜੇ ਮਹਾਂ-ਪੁਰਖਾਂ ਨੇ ਜਨਮ ਲਿਆ ਹੈ ਤਾਂ ਫਿਰ ਉਸ ਇਸਤਰੀ ਨੂੰ ਮਾੜਾ ਕਿਉਂ ਕਿਹਾ ਜਾਵੇ? ਇਸਤਰੀ ਤੋਂ ਹੀ ਇਸਤਰੀ ਦਾ ਜਨਮ ਹੁੰਦਾ ਹੈ।

ਜਗਤ ਵਿਚ ਇਸਤਰੀ ਬਿਨਾਂ ਕੋਈ ਜੀਵ ਜਨਮ ਨਹੀਂ ਲੈ ਸਕਦਾ ਸਿਵਾਏ ਉਸ ਕਰਤਾਰ ਦੇ। ਗੁਰਬਾਣੀ ਵਿਚ ਸਤੀ ਪ੍ਰਥਾ ਵਿਰੁੱਧ ਵੀ ਬੁਲੰਦ ਆਵਾਜ਼ ਉਠਾਈ ਗਈ ਹੈ ਅਤੇ ਪਰਾਈ ਇਸਤਰੀ ਨੂੰ ਗ੍ਰਹਿਣ ਕਰਨ ਵਾਲੀ ਰੁਚੀ ਨੂੰ ਬਹੁਤ ਗਿਆਨਮਈ ਢੰਗ ਨਾਲ ਨਕਾਰਿਆ ਗਿਆ ਹੈ। ਗੁਰਬਾਣੀ ਵਿਚ ਜਾਤ-ਪਾਤ ਦੇ ਬ੍ਰਾਹਮਣੀ ਸਿਧਾਂਤ ਦਾ ਗੁਰੁ ਸਾਹਿਬਾਨ ਨੇ ਸਾਫ-ਸਾਫ ਸ਼ਬਦਾਂ ਵਿਚ ਖੰਡਨ ਕਤਾ ਹੈ। ਗੁਰੂ ਨਾਨਕ ਦੇਵ ਜੀ ਨੇ ਵਰਨ ਵਿਵਸਥਾ ਨਿਰਧਾਰਤ ਜਾਤਿ ਪਾਤਿ ਸਿਧਾਂਤ ਦੇ ਉਲਟ ਉਸ ਵਿਅਕਤੀ ਨੂੰ ਨੀਵੀਂ ਜਾਤ ਦਾ ਮੰਨਿਆ ਹੈ, ਜੋ ਉਸ ਕੁਲ ਕਾਇਨਾਤ ਦੇ ਮਾਲਕ ਤੋਂ ਮੂੰਹ ਮੋੜੀ ਬੈਠਾ ਹੈ।


ਖਸਮੁ ਵਿਸਾਰਹਿ ਤੇ ਕਮਜਾਤਿ॥ (ਅੰਗ 10)

ਗੁਰੂ ਅਮਰਦਾਸ ਜੀ ਨਾਮ ਸਿਮਰਨ ਤੋਂ ਵਿਮੁੱਖ ਵਿਅਕਤੀ ਨੂੰ ਨੀਚ ਜਾਤਿ ਆਖਦੇ ਹਨ: ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ॥ (ਅੰਗ 426)। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਜਿਥੇ ਨੀਚਾਂ ਦੀ ਸੰਭਾਲ ਹੁੰਦੀ ਹੈ ਉਥੇ ਹੀ ਵਾਹਿਗੁਰੂ ਦੀ ਨਦਰਿ ਦੀ ਬਖਸ਼ਿਸ਼ ਹੁੰਦੀ ਹੈ ਅਤੇ ਆਪ ਅਰਜੋਈ ਕਰਦੇ ਹਨ ਕਿ ਉਹਨਾਂ ਦਾ ਸੰਗ ਨੀਚਾਂ ਤੋਂ ਨੀਚ ਜਾਤਿ ਵਾਲਿਆਂ ਨਾਲ ਵਾਹਿਗੁਰੂ ਕਰੇ ਅਤੇ ਉਹ ਆਪਣੇ ਆਪ ਨੂੰ ਵੱਡਿਆਂ ਤੋਂ ਅਲੱਗ ਕਰਦੇ ਹਨ। ਇਸ ਤਰ੍ਹਾਂ ਜਿਸ ਗਿਆਨ ਦੀ ਉਪਰੋਕਤ ਸਤਰਾਂ ਵਿਚ ਅਸੀਂ ਗੱਲ ਕੀਤੀ ਹੈ ਉਹ ਅਧਿਆਤਮਿਕ ਅਤੇ ਦੁਨਿਆਵੀ ਜੀਵਨ ਦੇ ਦੋਹਾਂ ਪੱਖਾਂ ਦਾ ਮਾਰਗ ਦਰ੍ਕ ਬਣਦਾ ਹੈ। ਇਸ ਗਿਆਨ ਦਾ ਗੁਰਬਾਣੀ ਵਿਚ ਅਥਾਹ ਭੰਡਾਰ ਹੈ, ਜਿਸ ਤੋਂ ਇਨਸਾਨ ਨੂੰ ਅਰਥ ਭਰਪੂਰ ਜੀਵਨ ਜੀਊਣ ਦੀ ਜਾਚ ਹਾਸਿਲ ਹੁੰਦੀ ਹੈ।



# ਪੁਸਤਕ ਸਮੀਖਿਆਵਾਂ/ ਤਰਕ ਭਾਰਤੀ ਪ੍ਰਕਾਸ਼ਨ ਦੀਆਂ ਕੁਝ ਕਿਤਾਬਾਂ ਦੀ ਝਲਕ

### ਗੂੰਜਾਂ ਬੱਬਰਾਂ ਦੀਆਂ
### ਬੱਬਰ ਅਕਾਲੀ ਲਹਿਰ ਅਤੇ ਅੱਜ
### ਕੀਮਤ 150 ਰੁਪਏ





ਇਤਿਹਾਸ ਨਿਰੰਤਰ ਵਹਿੰਦਾ ਦਰਿਆ ਹੈ। ਇਸਦੇ ਅਤੀਤ ਦੀ ਟੋਹ ਲਾਉਂਦਿਆਂ ਇਸ ਵਿੱਚ ਸਦੀਆਂ ਤੋਂ ਆਣ ਰਲ਼ੇ ਨਦੀਆਂ , ਨਾਲਿਆਂ ਅਤੇ ਝਰਨਿਆਂ ਦਾ ਥਹੁ ਪੈਂਦਾ ਹੈ। ਬੱਬਰ ਅਕਾਲੀ ਲਹਿਰ ਦਾ ਇਤਿਹਾਸ ਵੀ ਇਨ੍ਹਾਂ ਲੜੀਆਂ ਅਤੇ ਕੜੀਆਂ ਦਾ ਇਤਿਹਾਸ ਹੈ। ਇਸਦੀਆਂ ਪੈੜਾਂ ਨਾ ਹੀ ਇਸ ਤੋਂ ਸ਼ੁਰੂ ਹੋਈਆਂ ਅਤੇ ਨਾ ਹੀ ਇਸ ਪਿੱਛੋਂ ਮਿਟੀਆਂ।


ਬਰਤਾਨਵੀ ਬਸਤੀਵਾਦ ਦਾ ਗਲਬਾ ਵਗਾਹ ਮਾਰਨ ਲਈ ਸਮੇਂ - ਸਮੇਂ ਵੰਨ- ਸਵੰਨੀਆਂ ਬਗਾਵਤਾਂ ਹੋਈਆਂ ।ਇਤਿਹਾਸ ਦਾ ਹਰ ਵਿਸ਼ੇਸ਼ ਵਰਕਾ ਆਪਣੀ ਵਿਸ਼ੇਸ਼ਤਾ ਰੱਖਦਾ ਹੈ। ਆਪਣੇ ਬੀਤੇ , ਵਰਤਮਾਨ ਅਤੇ ਭਵਿੱਖ ਦੀ ਕੜੀ-ਜੋੜ ਬਾਰੇ ਸੈਨਤਾਂ ਵੀ ਕਰਦਾ ਹੈ।

ਕੂਕਾ ਲਹਿਰ ਦੀ ਆਪਣੀ ਅੰਗੜਾਈ ਹੈ। ਆਪਣਾ ਸ਼ਾਨਦਾਰ ਸਫ਼ਾ ਹੈ। ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਅਤੇ ਸ਼ਹੀਦ ਭਗਤ ਸਿੰਘ ਵਰਗੇ ਅਨੇਕਾਂ ਅਨਮੋਲ ਹੀਰੇ ਇਤਿਹਾਸ ਦੇ ਮਾਣ ਮੱਤੇ ਚਾਨਣ ਮੁਨਾਰੇ ਬਣਦੇ ਹਨ।


### ਕਹਾਣੀ ਸੰਗ੍ਰਹਿ ਨਵੀਂ ਪੁਸਤਕ
### 'ਲਟ ਲਟ ਬਲ਼ਦਾ ਦੀਵਾ
### ਕੀਮਤ 150 ਰੁਪਏ




ਨੀਲਮ ਸੈਣੀ ਦੀ ਕਹਾਣੀ ਮਨੁੱਖੀ ਰਿਸ਼ਤਿਆਂ ਵਿੱਚ ਵਿਸ਼ਵਾਸ ਜਗਾਉਂਦੀ ਹੈ। ਸਾਡਾ ਸਾਡੇ ਮੋਹ ਸ੍ਰੋਤਾਂ ਵਿੱਚ ਵਿਸ਼ਵਾਸ ਪੱਕਾ ਕਰਦੀ ਹੈ। ਉਸਦੀਆਂ ਕਹਾਣੀਆਂ ਵਿੱਚ ਰਿਸ਼ਤਿਆਂ ਦੀ ਭੌਤਿਕ ਅਣਹੋਂਦ ਵਿੱਚ ਵੀ ਰਿਸ਼ਤਿਆਂ ਵਿੱਚ ਜੀਵੇ ਸਾਵੇਂ ਸੁਖਾਵੇਂ ਪਲ ਬੋਲਾਂ ਯਾਦਾਂ ਦੇ ਰੂਪ ਵਿੱਚ ਪਾਤਰਾਂ ਦੀ ਧਰੋਹਰ ਬਣਦੇ ਉਨ੍ਹਾਂ ਨੂੰ ਊਰਜਿਤ ਕਰਦੇ ਹਨ। 'ਲਟ ਲਟ ਬਲ਼ਦਾ ਦੀਵਾ' ਕਹਾਣੀ ਦੀ ਮੈਂ ਪਾਤਰ ਪਤੀ ਦੀ ਮੌਤ ਦਾ ਸਦਮਾ ਪਤੀ ਦੀਆਂ ਨਿੱਘੀਆਂ ਯਾਦਾਂ ਦੇ ਸਹਾਰੇ ਹੀ ਸਹਿ ਰਹੀ ਹੈ। ਆਪਣੀ ਇਕੱਲਤਾ ਨੂੰ, ਆਪਣੇ ਤੌਖਲਿਆਂ ਨੂੰ, ਆਪਣੀ ਰਹਿੰਦੀ ਜ਼ਿੰਦਗੀ ਦੀ ਵਿਉਂਤਕਾਰੀ ਨੂੰ ਜਿਸ ਵਿਸ਼ਵਾਸ 'ਤੇ ਉਹ ਆਸ਼੍ਰਿਤ ਕਰ ਰਹੀ ਹੈ, ਉਹ ਵਿਸ਼ਵਾਸ ਉਸਦੇ ਅਤੀਤ ਦੇ ਸਿਮਰਨ ਵਿੱਚ ਨਿਹਿਤ ਹੈ। ਆਪਣੇ ਅੰਦਰਲੇ ਸਹਿਜ ਅਤੇ ਜਲੌਅ ਨੂੰ ਰੇਖਾਂਕਿਤ ਕਰਦਿਆਂ ਉਹ ਕਹਿ ਰਹੀ ਹੈ।






ਭਾਰਤ ਇੱਕ ਗਰੀਬ ਦੇਸ਼ ਹੈ। ਇਸਦੇ ਵਿੱਚ ਜਿਆਦਾ ਵੱਸੋਂ ਕਿਸਾਨਾਂ ਤੇ ਨਿਰਭਰ ਕਰਦੀ ਹੈ। ਖੇਤੀ ਧੰਦਿਆਂ ਦੀ ਆਮਦਨ ਹੀ ਭਾਰਤ ਸਰਕਾਰ ਦੀ ਰੀੜ੍ਹ ਦੀ ਹੱਡੀ ਹੈ। ਸਰਕਾਰ ਪੂਰੇ ਦੇਸ਼ ਵਿੱਚ ਖੇਤੀ ਯੋਜਨਾਵਾਂ ਬਣਾਕੇ ਦੇਸ਼ ਦੀ ਆਰਥਿਕ ਨੀਤੀ ਤਿਆਰ ਕਰਦੀ ਹੈ। ਜਿਸ ਵਿੱਚ ਕਿਸਾਨਾਂ ਦੀ ਲੁੱਟ ਨੂੰ ਰੋਕਣ ਲਈ ਕਈ ਅਜਿਹੇ ਕਾਨੂੰਨ ਬਣਾਏ ਹੋਏ ਹਨ ਜਿਹੜੇ ਖੇਤੀ ਜਿਨਸਾ ਨਾਲ ਸਿੱਧਾ ਸਬੰਧ ਰੱਖਦੇ ਹਨ। ਬਹੁਤੇ ਕਿਸਾਨ ਆਰਥਿਕ ਤੌਰ ਤੇ ਟੁੱਟ ਚੁੱਕ ਹਨ। ਖੇਤੀ ਦਾ ਲਾਗਤ ਮੁੱਲ ਵੱਧ ਹੋਣ ਕਰਕੇ ਸਾਰੇ ਪਰਿਵਾਰ ਦੀ ਮਹਿਨਤ ਕਰਨ ਪਿੱਛੋਂ ਵੀ ਕਿਸਾਨਾਂ ਪੱਲੇ ਘਾਟਾ ਹੀ ਰਹਿੰਦਾ ਹੈ। ਕਿਸਾਨੀ ਔਕੜਾਂ ਨੂੰ ਮੁੱਖ ਰੱਖਦਿਆਂ ਅਸੀਂ ਇੱਕ ਪੁਸਤਕ ਖੇਤੀਬਾੜੀ ਸੰਬੰਧੀ ਸਹਾਇਕ ਧੰਦੇ ਪ੍ਰਸਿੱਧ ਲੇਖਕ ਡਾ। ਰਾਜ ਕੁਮਾਰ ਗਰਗ ਜੀ ਤੋਂ ਤਿਆਰ ਕਰਵਾਈ ਹੈ। ਇਸ ਪੁਸਤਕ ਵਿੱਚ ਖੇਤੀਬਾੜੀ ਨਾਲ ਜੁੜੇ 27 ਦੇ ਕਰੀਬ ਵੱਖ-ਵੱਖ ਧੰਦਿਆਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ। ਇਹਨਾਂ ਨਵੇਂ ਧੰਦਿਆਂ ਨੂੰ ਸਹਾਇਕ ਧੰਦਿਆਂ ਵੱਜੋਂ ਅਪਣਾ ਕੇ ਕਿਸਾਨ ਕੁੱਝ ਹੋਰ ਕਮਾਈ ਕਰ ਸਕਦੇ ਹਨ। ਇੰਨਾਂ ਕੰਮਾਂ ਬਾਰੇ ਜਾਣਨ ਲਈ ਤੁਸੀਂ 136 ਪੰਨਿਆਂ ਦੀ ਇਹ ਕਿਤਾਬ ਜਿਸਦੀ ਬਣਦੀ ਕੀਮਤ 200 ਰੁ ਹੈ, ਪਰ ਤੁਸੀ ਮੇਰੇ ਤੋ 150 ਰੁ ਵਿੱਚ ਮੰਗਵਾ ਸਕਦੇ ਹੋ।











## ਅਧੂਰੀ ਆਜ਼ਾਦੀ




ਇਹ ਕਿਤਾਬ , ਉੱਘੇ ਇਨਕਲਾਬੀ ਕੋਬਾਦ ਗਾਂਧੀ ਦੀਆਂ ਜੇਲ੍ਹ ਯਾਦਾਂ ਤੇ ਨਿਰਧਾਰਿਤ ਹੈ। ਆਪਣੀ ਜ਼ਿੰਦਗੀ ਦਾ ਇਕ ਦੁਹਾਕਾ ਭਾਰਤ ਦੀਆਂ ਵੱਖ- ਵੱਖ ਜੇਲ੍ਹਾ ਵਿਚ ਬਤੀਤ ਕਰਨ ਵਾਲੇ ਕੋਬਾਦ ਗਾਂਧੀ ਨੇ ਵਿਦਿਆਰਥੀਆਂ ਨਾਗਰਿਕ ਹੱਕਾਂ , ਔਰਤਾਂ ਮਜ਼ਦੂਰਾਂ , ਦਲਿਤਾਂ ਅਤੇ ਆਦਿਵਾਸੀਆਂ ਲਈ ਸੰਘਰਸ਼ਾਂ ਚ ਮੋਹਰੀ ਭੂਮਿਕਾ ਨਿਭਾਈ। ਇਹ ਇਕ ਅਜਿਹਾ ਆਗੂ ਹੈ ਜੋ ਮਹਿਲਾਂ ਦਾ ਜਾਇਆ ਤੇ ਕੁੱਲੀਆ ਲਈ ਲੜਿਆ, ਕੋਬਾਦ ਗਾਂਧੀ ਨੇ ਮੁੰਬਈ ਦੇ ਸੇਂਟ ਮੈਰੀ ਸਕੂਲ ਅਤੇ ਦੇਹਰਾਦੂਨ ਦੇ ਦੂਨ ਸਕੂਲ ਚ ਪੜਾਈ ਕੀਤੀ।

# ਲੰਬੜਦਾਰਾ ਲੈਣਾ ਈ ਮੈਂ ਲਾਲ ਘੱਗਰਾ



ਬਲਵਿੰਦਰ ਬਾਲਮ ਗੁਰਦਾਸਪੁਰ
ਵਟਸਐਪ - 98156-25409

ਪੰਜਾਬੀ ਪਹਿਰਾਵਾ ਸਭਿਆਚਾਰ ਵਿਚ ਨਾਰੀ ਸ਼ਖ਼ਸੀਅਤ ਦੀ ਸੁੰਦਰ ਦਿਖ ਦੀ ਨਿਸ਼ਾਨਦੇਹੀ ਕਰਦਾ ਹੈ ਘੱਗਰਾ। ਦੁਨੀਆਂ ਵਿਚ ਸਭ ਤੋਂ ਜ਼ਿਆਦਾ ਰੋਅਬਦਾਰ, ਇੱਜ਼ਤਦਾਰ, ਸ਼ਰਮ-ਹਯਾ ਵਿਚ ਸਾਕਾਰ, ਪਵਿੱਤਰ ਅਤੇ ਸਾਧਾਰਣ ਆਕਰਸ਼ਕ ਦਿੱਖ ਦਾ ਪਹਿਰਾਵਾ ਹੈ ਪੰਜਾਬ ਦਾ। ਪੰਜਾਬੀ ਪਹਿਰਾਵਿਆਂ 'ਚੋਂ ਸਾਧਾਰਣ, ਸ਼ਲੀਲ ਅਤੇ ਸੰਵੇਦਨਸ਼ੀਲ ਭੌਤਿਕ, ਦੈਹਿਕ ਸੁੱਖ ਵਾਲਾ ਪਹਿਰਾਵਾ ਆਉਂਦਾ ਹੈ ਘੱਗਰਾ।

ਛੋਟੀਆਂ ਬੱਚੀਆਂ, ਅਲ੍ਹੜ ਉਮਰ (ਕਿਸ਼ੋਰ ਅਵਸਥਾ) ਅਤੇ ਪ੍ਰੌਢ ਅਵਸਥਾ ਤੱਕ ਘੱਗਰਾ ਪੰਜਾਬੀ ਪਹਿਰਾਵੇ ਦੀ ਪ੍ਰਤੀਨਿਧਤਾ ਕਰਦਾ ਹੈ। ਵੈਸੇ ਤਾਂ ਘੱਗਰਾ ਖ਼ੂਬਸੂਰਤ ਸਮਾਗਮਾਂ, ਵਿਆਹ-ਸ਼ਾਦੀਆਂ ਅਤੇ ਜਵਾਨੀ ਦਾ ਬੇਹਤਰੀਨ ਆਕਸਕ ਮਨਮੋਹਨਾ ਤੇਜਸਵੀ ਪ੍ਰਤੀ ਹੈ। ਘੱਗਰੇ ਦੀ ਸੁੰਦਰਤਾ ਉਪਰ ਸਾਹਿਤ ਦੀ ਹਰ ਵਿਧਾ ਵਿਚ ਲਿਖਿਆ ਗਿਆ ਹੈ। ਉਪਮਾਵਾਂ, ਅਲੰਕਾਰਾਂ, ਤਸਬੀਰਾਂ, ਪ੍ਰਤੀਕਾਂ-ਬਿੰਬਾ ਨਾਲ ਘੱਗਰੇ ਦੀ ਵਡਿਆਈ ਅਤੇ ਖ਼ੂਬਸੂਰਤੀ ਨੂੰ ਸ਼ਿੰਗਾਰ-ਰਸ ਵਿਚ ਓਤ-ਪ੍ਰੋਤ ਕਰਦਿਆਂ ਪ੍ਰਸਿੱਧੀ ਅਤੇ ਬੁਲੰਦੀ ਤੱਕ ਪਹੁੰਚਾ ਦਿੱਤਾ ਹੈ। ਘੱਗਰੇ ਦੀ ਘੁਮਾਉਦਾਰ ਬਣਤਰ ਅਤੇ ਰੋਮਾਂਟਿਕ-ਰੋਮਾਂਚਿਤ ਦਿੱਖ ਕਰਕੇ ਇਸ ਦੀਆਂ ਧੁੰਮਾਂ ਅਤੇ ਪ੍ਰਸਿੱਧੀ ਵਿਦੇਸ਼ਾਂ ਤੱਕ ਜਾ ਪਹੁੰਚੀ ਹੈ। ਖ਼ਾਸ ਕਰਕੇ ਫਿਲਮਾਂ ਦੇ ਸ਼ਾਨਦਾਰ ਸਮਾਗਮਾਂ, ਕੱਵਾਲੀਆਂ, ਵਿਆਹ-ਸ਼ਾਦੀਆਂ ਆਦਿ ਵਿਚ ਇਸ ਦੀ ਦਿਲਕਸ਼ ਪੇਸ਼ਗੋਈ ਨੇ ਘੱਗਰੇ ਨੂੰ ਵਿਦੇਸ਼ਾਂ ਤਕ ਪਹੁੰਚਾ ਦਿੱਤਾ ਅਤੇ ਵਿਦੇਸ਼ੀ ਲੋਕਾਂ ਨੇ ਇਸ ਨੂੰ ਆਦਰ-ਸਤਿਕਾਰ ਸਹਿਤ ਆਪਣੇ ਸਭਿਆਚਾਰ ਵਿਚ ਸ਼ਾਮਿਲ ਕਰ ਲਿਆ। ਭਾਰਤ (ਪੰਜਾਬ) ਵਿਚ ਵੀ ਨਹੀਂ ਘੱਗਰੇ ਨੂੰ ਤਰ੍ਹਾਂ-ਤਰ੍ਹਾਂ ਨਾਲ ਡਿਜ਼ਾਇਨ (ਸ਼ਿਲਪ) ਕਰਕੇ ਕੀਮਤੀ ਕਪੜੇ ਵਿਚ ਤਿਆਰ ਕੀਤਾ ਜਾਂਦਾ ਹੈ। ਇਹ ਭਾਰਤੀਏ ਵਿਹਾਰਕ ਪਰੰਪਰਾਗਤ ਪਹਿਰਾਵਾ ਵਿਸ਼ਵ ਵਿਚ ਮਸਹੂਰ ਹੋ ਚੁੱਕਾ ਹੈ। ਅਜ ਕਲ੍ਹ ਵਿਦੇਸ਼ਾਂ ਵਿਚ ਵੀ ਵਿਆਹ ਸ਼ਾਦੀਆਂ ਅਤੇ ਮਹੱਤਵ ਪੂਰਨ ਸਮਾਗਮਾਂ ਵਿਚ ਘੱਗਰਾ (ਲਹਿੰਗਾ) ਅਧਿਕਾਧਿਕ ਪਸੰਦ ਕੀਤਾ ਜਾਂਦਾ ਹੈ, ਘੱਗਰੇ ਦੀ ਗੋਲਾਕਾਰ ਘੁਮਾਊ ਬਣਾਵਟ ਕਸਾਵਟ, ਅਕਾਵਟ, ਨਜਾਕਤ, ਤੇਜ਼ਸਵੀ ਸੰਵੇਦਨਸ਼ੀਲਤਾ, ਦਿਲ ਖੋਊ ਦਿੱਖ, ਗਰਿਮਾ, ਪ੍ਰਭਾਵ, ਲਪਕ, ਕਲਕ, ਨੂਤਨ ਰਚਨਾਤਮਕ ਸ਼ੈਲੀ ਅਤੇ ਦਿਲ ਟੁੰਬਵਾਂ ਯਥਾਰਥ, ਭਾਰਤੀਏ (ਪੰਜਾਬ) ਸੰਸਕ੍ਰਿਤੀ ਦਾ ਮੁਲੱਆਂਕਣ ਕਰਦੇ ਹੋਏ ਨਾਰੀ ਦੀ ਕੋਸ਼ਲਾਂਗਤਾ ਨੂੰ ਸਹਿਚਰੀ ਅਤੇ ਅਨੁਚਰੀ ਬਣਾ ਦਿੰਦਾ ਹੈ, ਖ਼ੂਬਸੂਰਤ ਚਿਹਰੇ ਦੀ ਦਿੱਖ, ਲੰਬੀ ਗੁੱਤ, ਰੰਗਦਾਰ ਫੁੰਮਣਾਂ ਵਾਲਾ ਗੁੰਦਿਆ ਪਰਾਂਦਾ ਅਤੇ ਕਢਾਈਦਾਰ, ਕਸੀਦਾਕਾਰੀ ਵਾਲੀ ਸੰਕੇਤਿਕ ਪ੍ਰਭਾਵੀ ਰੁਮਾਂਟਿਕਦਾਰ, ਮਰਮ ਸਪਰਸ਼ੀ ਕੁੜਤੀ, ਪੂਛਲਦਾਰ ਡੋਰੇ ਦੀ ਖਿੱਚ ਵਾਲਾ ਕਜਲਾ (ਸੁਰਮਾ), ਬੋਸਕੀ ਵਾਲਾ ਕਪੜਾ, ਲਹਿਰਾਂਦਾ ਮੇਚਦਾਰ ਸੱਤਰੰਗੀ ਪੀਂਘ ਵਰਗਾ ਡੋਰੀਆ, ਹੱਸ ਦੰਦਾਂ ਦੀ ਪ੍ਰੀਤ, ਗਹਿਣਿਆਂ ਦਾ ਜੱਚਣਾ, ਜੜਾਊਦਾਰ ਗਾਨੀ, ਅਲਸੀ ਦੇ ਫੁੱਲ ਜਿਹੀ ਕਿਰਮਰੀ, ਨਾਰੰਗੀ, ਪਿਆਜੀ ਜੀ ਸੂਹੀ, ਧੂਹ ਪਾਉਣ ਵਾਲੀ ਤੰਗ ਕੁੜਤੀ ਅਤੇ ਮੇਚਦਾਰ ਜਚਦਾ ਧੁੰਨੀ ਹੇਠ ਕਸਾਵਟਦਾਰ ਘੱਗਰਾ ਲੋਹੜੇ ਦਾ ਕਹਿਰ ਢਾਹ ਦਿੰਦਾ ਹੈ। ਕਿਸੇ ਕਵੀ ਨੇ ਕਿਹਾ ਹੈ - ਤੇਰੀ ਘੱਗਰੀ ਬਰਾਨੀ ਖੇਤੀ, ਸੁੱਥਣਾ ਨੂੰ ਪੈਣ ਮਾਮਲੇ ਅਤੇ ਰੰਨੇ ਚੱਜ ਨਹੀਂ ਵੱਸਣ ਦੇ ਤੇਰੇ, ਘੱਗਰੇ ਤੇ ਪਾਵੇਂ ਬੂਟੀਆਂ ਅਤੇ ਘੱਗਰੀਏ ਸੂਫਦੀਏ ਤੈਨੂੰ ਜੇਠ ਮਰੇ ਤੇ ਪਾਵਾਂ ਅਤੇ ਆਰਾ-ਆਰਾ-ਆਰਾ, ਸ਼ੈਲ ਗੁਲਾਬੀ ਘੱਗਰਾ, ਵਿਚ ਸੱਪ ਦੇ ਬੱਚੇ ਦਾ ਨਾਲਾ, ਮਿਤਰਾਂ ਨੂੰ ਮਾਰ ਗਈ ਨੀ ਤੇਰੀ ਲਾਲ ਘੱਗਰੀ, ਪਿੰਡ ਦਿਆਂ ਲੰਬੜਦਾਰਾਂ ਪਾਉਣਾ ਈ ਮੈਂ ਲਾਲ ਘੱਗਰਾ ਆਦਿ।



ਪੰਜਾਬੀ, ਹਿੰਦੀ, ਉਰਦੂ, ਰਾਜਸਥਾਨੀ, ਹਰਿਆਣਵੀ, ਹਿਮਾਚਲੀ, ਡੋਗਰੀਆਦਿ ਭਾਸ਼ਾਵਾਂ ਦੇ ਕਵੀਆਂ ਲੇਖਕਾਂ ਨੇ ਇਸ ਦਾ ਜ਼ਿਕਰ ਪ੍ਰਤੀਕਾ, ਬਿੰਬਾ ਅਤੇ ਵੱਖ-ਵੱਖ ਵਿਧਾਵਾਂ ਵਿਚ ਦੁਨਿਆਵੀ ਤੌਰ 'ਤੇ ਖੁੱਲ੍ਹ ਕੇ ਕੀਤਾ ਹੈ।

ਘੱਗਰੇ ਦੇ ਪ੍ਰੇਮ ਆਦਰ ਭਾਵ ਦੇ ਸ਼ਬਦ, ਗੀਤ, ਬੋਲ, ਬੋਲੀਆਂ, ਟੱਪੇ ਆਦਿ ਨੂੰ ਲਾਲਿਤਯ ਅਤੇ ਮਿਠਾਸ ਪ੍ਰਦਾਨ ਕਰਦੇ ਹਨ, ਵਿਆਹ-ਸ਼ਾਦੀਆਂ ਦੇ ਸੰਖੇਪਕਰਣ ਨਾਲ ਪਰੰਪਰਾਵਾਂ ਅਤੇ ਗੀਤਾਂ ਨੂੰ ਬਲ ਮਿਲਦਾ ਹੈ। ਘਗਰੇ ਉਪਰ ਆਂਚਲਿਕ ਬੋਲੀਆਂ ਭਾਸ਼ਾਂ ਨੂੰ ਜਿੱਥੇ ਅਮਰ ਕਰਦੀਆਂ ਹਨ ਉਥੇ ਸੰਪੁਸ਼ਟੀ ਵੀ ਕਰਦੀਆਂ ਹਨ।

ਪ੍ਰਾਚੀਨ ਇਤਿਹਾਸ ਵੱਲ ਝਾਤ ਮਾਰੀਏ ਤਾਂ ਘੱਗਰਾ ਪਹਿਰਾਵਾ ਮਹਾਂਭਾਰਤ, ਰਾਮਾਇਣ ਅਤੇ ਹੋਰ ਗ੍ਰੰਥਾਂ ਵਿਚ ਵੀ ਮਿਲਦਾ ਹੈ। ਮਹਾਨ ਕਵੀ ਕਾਲੀਦਾਸ ਨੇ ਔਰਤ ਦੇ ਹਰ ਅੰਗ-ਹਰ ਪਹਿਰਾਵੇ ਦੀ ਉਪਮਾਵਾਂ ਸਹਿਤ ਤਾਰੀਫ਼ ਕੀਤੀ ਹੈ। ਘੱਗਰਾ-ਚੋਲੀ (ਲਹਿੰਗਾ-ਚੋਲੀ) ਅਤੇ ਜਾਂ ਸਥਾਨੀਏ ਰੂਪ ਵਿਚ ਚੋਲੀ ਦੇ ਰੂਪ ਵਿਚ ਵੀ ਜਾਣਿਆਂ ਜਾਂਦਾ ਹੈ। ਭਾਰਤੀਏ ਉਪਮਹਾਂਦੀਪ ਦੀਆਂ ਮਹਿਲਾਵਾਂ ਦੇ ਲਈ ਇਕ ਪ੍ਰਕਾਰ ਦਾ ਜਾਤੀਏ ਵਸਤਰ ਹੈ। ਵਿਸ਼ੇਸ਼ ਰੂਪ ਵਿਚ ਪੰਜਾਬ, ਹਰਿਆਣਾ, ਗੁਜਰਾਤ, ਮੱਧ ਪ੍ਰਦੇਸ਼, ਉਤਰ ਪ੍ਰਦੇਸ਼, ਬਿਹਾਰ, ਹਿਮਾਚਲ, ਉਤਰਾ ਖੰਡ, ਜੰਮੂ-ਕਸ਼ਮੀਰ ਅਤੇ ਸਿੰਧ ਦੇ ਪਾਕਿਸਤਾਨੀ ਪ੍ਰਾਤਾਂ ਵਿਚ ਇਸ ਦੀ ਹੋਂਦ ਪ੍ਰਚਲਿਤ ਹੈ।

ਪੰਜਾਬ ਵਿਚ ਪਾਰੰਪਰਿਕ ਰੂਪ ਵਿਚ ਘੱਗਰਾ (ਲਹਿੰਗਾ) ਕੁੜਤੀ ਦੇ ਨਾਲ ਹੀ ਪਹਿਣਿਆ ਜਾਂਦਾ ਹੈ। ਘੱਗਰਾ ਅਤੇ ਕੁੜਤੀ (ਬਲਾਊਜ) ਦਾ ਇਕ ਸੰਯੋਜਨ ਹੈ। ਹਾਲਾਂ ਕਿ ਸਮਕਾਲੀਨ ਅਤੇ ਆਧੁਨਿਕ ਉਪਯੋਗ ਵਿਚ ਘੱਗਰਾ-ਕੁੜਤੀ ਦੱਖਣ ਏਸ਼ੀਆ ਵਿਚ ਫੈਸ਼ਨ ਡਿਜਾਇਨਰਾਂ, ਟਰੇਡ ਸੈਂਟਰਸ ਅਤੇ ਬੁਟਿਕ ਦੁਆਰਾ ਅਧਿਕ ਲੋਕ ਪ੍ਰਿਯ (ਲੋਕ-ਪਸੰਦ) ਅਤੇ ਵਪਾਰਕ ਰੂਪ ਵਿਚ ਸਵੀਕ੍ਰਿਤ ਸ਼ਬਦ ਹੈ ਕਿਉਂਕਿ ਇਕ ਤਿੰਨ ਟੁਕੜਾ ਪੋਸ਼ਾਕ ਹੈ। ਕਮਰ ਤਕ ਸੁਰਖਿਅਤ ਅਤੇ ਮਿਡ-ਰਿਫ ਲੰਗੇ ਛੜਕੇ।

ਘੱਗਰਾ (ਲਹਿੰਗਾ-ਚੋਲੀ) ਆਮ ਅਤੇ ਖ਼ਾਸ ਤੌਰ 'ਤੇ ਕੀਮਤੀ ਦਰ ਕੀਮਤੀ ਕਸ਼ੀਦਾਕਾਰੀ ਮੁਦਰਿਤ ਅਲੰਕ੍ਰਿਤ ਹੈ। ਘੱਗਰਾ 10ਵੀਂ ਸ਼ਤਾਬਦੀ ਦੇ ਦੌਰਾਨ ਮੁੱਖ ਰੂਪ ਵਿਚ ਉਤਰ ਭਾਰਤ ਵਿਚ, ਮਹਿਲਾਵਾਂ ਦੇ ਵਿਚ ਪੋਸ਼ਾਕ ਦੇ ਰੂਪ ਵਿਚ ਪ੍ਰਸਿੱਧ ਅਤੇ ਮਨਪਸੰਦਾ ਹੋ ਗਿਆ। ਵੇਖਿਆ ਜਾਵੇ ਤਾਂ ਘੱਗਰਾ ਭਾਰਤ ਵਿਚ ਮੁਗਲਾਂ ਦੇ ਆਗਮਨ ਅਤੇ 12ਵੀਂ ਅਤੇ 18ਵੀਂ ਸ਼ਤਾਬਦੀ ਤੱਕ ਅਤੇ ਉਸ ਦੇ ਬਾਅਦ ਦੇ ਸ਼ਾਸਨ ਕਾਲ ਦੇ ਨਾਲ ਉਤਕ੍ਰਿਸ਼ਟ ਸ਼ਿਲਪ ਕੌਸ਼ਲ ਦੇ ਜਰੀਏ ਨਾਲ ਵਿਕਸਿਤ ਹੋਇਆ। ਘੱਗਰੇ ਦਾ ਮੂਲ, ਪ੍ਰਾਚੀਨ ਰੂਪ, ਮੁੱਖ ਤੌਰ 'ਤੇ ਕਪਾਹ ਨਾਲ ਕੀਤਾ ਗਿਆ ਹੈ। ਜਿਸ ਦੇ ਬਾਅਦ ਰੇਸ਼ਮ ਅਤੇ ਬ੍ਰਿਕੇਡ ਵਰਗੇ ਸ਼ਾਹੀ ਕਪੜੇ ਅਤੇ ਕੀਮਤੀ ਕਢਾਈ ਦਾ ਉਪਯੋਗ ਕੀਤਾ ਗਿਆ। ਜਿੱਥੇ ਅੱਗੇ ਜਾ ਕੇ ਘੱਗਰਾ ਸ਼ਾਹੀ ਪੋਸ਼ਾਕ ਵਿਚ ਵਿਕਸਿਤ ਹੋ ਗਿਆ। ਇਹ ਚੁਨਰਕਾਰ ਅਤੇ ਵੱਡੇ ਘੇਰੇ ਵਾਲਾ ਪਹਿਰਾਵਾ ਜਿਸ ਨੂੰ ਔਰਤਾਂ ਕਮਰ 'ਤੇ ਬੰਨਦੀਆਂ ਹਨ। ਇਸ ਨਾਲ ਕਮਰ ਤੋਂ ਅੱਡੀ ਤੱਕ ਦੇ ਅੰਗ ਢੱਕੇ ਰਹਿੰਦੇ ਹਨ।

ਸਿੱਖ ਇਤਿਹਾਸ ਵੱਲ ਜੇ ਝਾਤੀ ਮਾਰੀਏ ਤਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਸਿਕਲੰਗਰ ਦਾ ਨਾਮ ਪ੍ਰਚਲਿਤ ਹੋਇਆ। ਵਿਸ਼ੇਸ਼ ਤੌਰ 'ਤੇ ਸਿਕਲੀਗਰ ਲੋਕ ਘੱਗਰਾ ਅਤੇ ਚੋਲੀ ਪਹਿਣਦੇ ਸਨ। ਪੰਜਾਬ ਦਾ ਅਧਿਕਾਰਿਤ ਖੇਤਰ ਉਦੋਂ ਬਹੁਤ ਵਿਸ਼ਾਲ ਹੁੰਦਾ ਸੀ। ਸਿਕਲੀਗਰ ਦਾ ਸ਼ਿਲਪਗਰ ਭਾਵ ਕਿ ਸਿਕਲੀ ਕਰਨ ਵਾਲਾ ਕਾਰੀਗਰ, ਹਥਿਆਰ ਤੇਜ਼ ਕਰਨ ਵਾਲਾ ਅਤੇ ਉਨ੍ਹਾਂ ਵਿਚ ਚਮਕ ਪੈਦਾ ਕਰਨ ਵਾਲਾ ਕਾਰੀਗਰ। ਲੋਹੇ ਦੇ ਔਜਾਰ ਬਣਾਉਣ ਵਾਲੇ। ਮਿਲਪੀਗਰ ਅਨੇਕਾਂ ਸ੍ਰੇਣੀਆਂ ਵਿਚ ਸਨ ਪਰ ਇਹ ਲੋਕ ਘੱਗਰਾ ਹੀ ਪਹਿਣਦੇ ਸਨ ਖਾਸ ਕਰਕੇ ਔਰਤਾਂ ਮਿਲਣੀਗਰ ਔਰਤਾਂ ਪਰੰਪਰਾਵਾਦੀ ਰੀਤਿ ਰਹੁ ਰਿਵਾਜ ਮੁਤਾਬਿਕ ਅੱਜ ਵੀ ਘੱਗਰਾ ਚੋਲੀ ਪਹਿਨਦੇ ਹਨ। ਮਹਾਰਾਣਾ ਪ੍ਰਤਾਪ, ਮਹਾਰਾਜਾ ਰਣਜੀਤ ਸਿੰਘ, ਜਹਾਂਗੀਰ ਦੇ ਸਮੇਂ ਘੱਗਰਾ ਪ੍ਰਚਲਿਤ ਸੀ ਪਰ ਸਿਲਦੀਗਰ ਲੋਕ ਜ਼ਿਆਦਾ ਪਹਿਣਦੇ ਹਨ। ਇਨ੍ਹਾਂ ਲੋਕਾਂ 'ਤੇ ਘੱਗਰਾ ਚੋਲੀ ਦੀ ਆਮਦ ਅੱਗੇ ਵਧੀ। ਲੰਬੜਦਾਰਾਂ ਲੈਂਦਾ ਈ ਮੈਂ ਲਾਲ ਘੱਗਰਾ ਦੇ ਸ਼ਬਦਾਂ ਵਿਚ ਇਕ ਦੰਪਤੀ ਨਿੱਘ, ਲਲਕ ਹੈ, ਚੂਕ ਹੈ, ਫਰਿਆਦ ਹੈ, ਅਪਣਤਵ ਹੈ, ਪਿਆਰ ਦੀ ਇਕ ਅਟੁੱਟ ਬੇਜੋੜ ਸੱਚਾਈ ਹੈ। ਲੰਬੜਦਾਰ ਸ਼ਬਦ ਇੱਕ ਜੁੰਮੇਵਾਰੀ ਦਾ ਨਾਮ, ਸਤਿਕਾਰ, ਪਿਆਰ ਅਤੇ ਮੁਖੀਆ ਦੀ ਜਿੰਮੇਦਾਰੀ। ਇਲਾਕੇ ਦੀ ਗੌਰਵਮਈ ਕਿਰਿਆ ਦਾ ਨਾਮ ਹੈ, ਘੱਗਰਾ ਪ੍ਰਤੀਕ ਹੈ ਖ਼ੂਬਸੂਰਤੀ ਦਾ। ਜੁੰਮੇਵਾਰੀ ਨੂੰ ਨੀਅਤ, ਨੀਤੀ ਅਤੇ ਸੁਹਿਰਦਤਾ ਨਾਲ ਪਾਲਣਾ ਕਰਨ ਦਾ ਨਾਮ ਹੈ। ਲੰਬੜਦਾਰ ਅਤੇ ਘੱਗਰਾ ਦੋਵੇਂ ਸ਼ਬਦ ਇਕ ਹੀ ਸਮੇਂ ਦੀ ਦੇਣ ਹਨ। ਫਿਰ ਦੋਵੇਂ ਸ਼ਬਦ ਮੁੱਢਕਦੀਮ ਦੀ ਉਪਜ 'ਚੋਂ ਨਿਕਲ ਕੇ ਆਧੁਨਿਕਤਾ ਦੀ ਵਿਰਾਸਤ ਵਿਚ ਸ਼ਾਮਿਲ ਹੋ ਗਏ। ਸਭਿਆਚਾਰ ਨੂੰ ਮਹਾਨਤਾ ਅਤੇ ਵਿਸ਼ਸਟਤਾ ਪ੍ਰਦਾਨ ਕਰਨ ਵਿਚ ਨਾਰੀ ਦਾ ਵਿਸ਼ੇਸ਼ ਯੋਗਦਾਨ ਹੈ, ਪੱਛਮੀ ਸਭਿਅਤਾ ਅਤੇ ਸੰਸਕ੍ਰਿਤੀ ਦੀ ਚਕਾਂਚੌਂਧ ਦੇ ਚਲਦੇ ਹੋਏ ਭਾਰਤੀ ਨਾਰੀ ਦੇ ਹਿਰਦੇ ਵਿਚ ਨਿਮਰਤਾ, ਸੰਗਾਉ ਪਰ ਵਿਰਤੀ ਅਤੇ ਆਪਣੀ ਮਿੱਟੀ ਦੇ ਸਤਿਕਾਰ ਦੇ ਚਿੰਨ੍ਹ ਅਜੇ ਵੀ ਮੌਜੂਦ ਹਨ। ਆਧੁਨਿਕ ਰਾਹਾਂ ਵਿਚ ਨਾਰੀ-ਸਭਾਵਿਕ ਰੂਪ ਵਿਚ ਅਧਿਕ ਸਮਰੱਥ, ਕੁਸ਼ਲ, ਸੰਸਕ੍ਰਿਤੀ, ਸੁਸਿਖਿਅਤ, ਆਤਮ ਨਿਰਭਰ ਅਤੇ ਕਲਾ ਪ੍ਰਵੀਨ, ਸਹਿਚਰੀ, ਅਨੁਚਰੀ ਹੀ ਨਹੀਂ ਬਲਕਿ ਸਮਝ-ਸੂਝ-ਬੂਝ ਅਤੇ ਵਿਰੋਧਭਾਸ ਦਾ ਸਾਹਮਣਾ ਕਰਨ ਦੇ ਸਮਰੱਥ ਹੈ ਜਿਸ ਦੀ ਬਦੌਲਤ ਪ੍ਰਾਚੀਨ ਪੰਜਾਬੀ ਸਭਿਆਚਾਰ ਦੀ ਝਲਕ ਹੋਂਦ ਬਣੀ ਹੋਈ ਹੈ।

# ਅੱਖਰ-ਕਾਰੀ 'ਚ ਨਿਪੁੰਨ ਸਟੇਟ ਅਵਾਰਡੀ ਮੈਡਮ ਮਨਦੀਪ ਕੌਰ



ਮੇਜਰ ਸਿੰਘ ਨਾਭਾ
91-94635-53962

ਅਧਿਆਪਕ ਕੌਮ ਦਾ ਨਿਰਮਾਤਾ ਹੈ । ਉਸਦੇ ਪੜ੍ਹਾਏ ਬੱਚੇ ਕੱਲ੍ਹ ਦੇ ਨੇਤਾ ਬਣ ਕੇ ਦੇਸ਼ ਦੀ ਵਾਂਗ ਡੋਰ ਸੰਭਾਲਣਗੇ। ਬੱਚਿਆਂ ਨੂੰ ਪ੍ਰਾਇਮਰੀ ਸਿੱਖਿਆ ਸਮੇਂ ਅਧਿਆਪਕਾਂ ਵਲੋਂ ਜੋ ਪੜ੍ਹਾਇਆ-ਸਿਖਾਇਆ ਜਾਂਦਾ ਹੈ,ਉਹ ਉਨ੍ਹਾਂ ਦੇ ਮਨਾਂ ਵਿੱਚ ਸਦਾ ਲਈ ਵਸ ਜਾਂਦਾ ਹੈ ਕਿਉਂ ਕਿ ਬੱਚਾ ਕੱਚੀ ਕਲੀ ਵਾਂਗ ਹੁੰਦਾ ਹੈ ਉਸ ਨੂੰ ਜਿਧਰ ਮਰਜ਼ੀ ਮੋੜ ਲਵੋ।ਸੋ ਇੱਕ ਆਦਰਸ਼ ਅਧਿਆਪਕ ਆਪਣੇ ਬੱਚਿਆਂ ਦੇ ਵਧੀਆ ਭਵਿੱਖ ਦੀ ਹਮੇਸ਼ਾ ਕਾਮਨਾ ਕਰਦਾ ਹੈ । ਇਹੋ ਜਿਹੇ ਹੀ ਅਧਿਆਪਕਾ ਹਨ ਸ੍ਰੀਮਤੀ ਮਨਦੀਪ ਕੌਰ ਜੋ ਸਰਕਾਰੀ ਪ੍ਰਾਇਮਰੀ ਸਕੂਲ ਮਾਝੀ ਵਿਖੇ ਬਤੌਰ ਈ.ਟੀ.ਟੀ. ਅਧਿਆਪਕਾ ਸੇਵਾ ਨਿਭਾ ਰਹੇ ਹਨ ।






ਮਨਦੀਪ ਕੌਰ ਦਾ ਜਨਮ ਪਿੰਡ ਗੱਜਣਮਾਜਰਾ (ਸੰਗਰੂਰ) ਵਿਖੇ ਸ. ਬਲਵੀਰ ਸਿੰਘ ਦੇ ਘਰ ਮਾਤਾ ਸ੍ਰੀਮਤੀ ਅਮਰਜੀਤ ਕੌਰ ਦੀ ਕੁੱਖੋਂ 6ਦਸੰਬਰ 1980 ਨੂੰ ਹੋਇਆ । ਉਸ ਨੇ ਪੰਜਵੀਂ ਤੱਕ ਦੀ ਪੜ੍ਹਾਈ ਸ.ਪ੍ਰ.ਸ. ਗੱਜਣਮਾਜਰਾ ਤੋਂ ਪ੍ਰਾਪਤ ਕੀਤੀ ਅਤੇ ਦਸਵੀਂ ਤੱਕ ਦੀ ਪੜ੍ਹਾਈ ਲਾਗਲੇ ਪਿੰਡ ਭਰਥਲਾ ਮੰਡੇਰ ਦੇ ਸਰਕਾਰੀ ਹਾਈ ਸਕੂਲ ਤੋਂ 1996 ਵਿੱਚ ਪ੍ਰਾਪਤ ਕੀਤੀ। ਸ਼ੁਰੂ ਤੋਂ ਹੀ ਉਹ ਮਿਹਨਤੀ ਅਤੇ ਹੁਸ਼ਿਆਰ ਰਹੀ ।ਗਿਆਰਵੀਂ ਤੋਂ ਬੀ.ਏ. ਤੱਕ ਦੀ ਪੜ੍ਹਾਈ ਉਸ ਨੇ ਸਰਕਾਰੀ ਕਾਲਜ ਮਾਲੇਰਕੋਟਲਾ ਤੋਂ 2001 ਵਿੱਚ ਪੂਰੀ ਕਰ ਲਈ । ਅਧਿਆਪਕ ਬਣਨ ਦਾ ਸੁਪਨਾ ਲੈ ਕੇ ਉਸ ਨੇ ਬੀ.ਐਡ. ਲੁਧਿਆਣੇ ਦੇ ਡੀ.ਡੀ. ਜੈਨ ਕਾਲਜ ਤੌਂ 2002 ਵਿੱਚ ਕਰ ਲਈ ।ਸਿੱਖਿਆ ਵਿਭਾਗ ਵਲੋਂ 2008 ਵਿੱਚ ਟੀਚਿੰਗ ਫੈਲੋਜ਼ ਦੀ ਭਰਤੀ ਕਰਨ ਸਮੇਂ ਮਨਦੀਪ ਕੌਰ ਦੀ ਨਿਯੁਕਤੀ ਬਤੌਰ ਈ.ਟੀ.ਟੀ. ਅਧਿਆਪਕਾ ਹੋਣ 'ਤੇ ਉਸ ਨੇ ਸ.ਪ੍ਰ.ਸ. ਬਖਤੜੀ ਵਿਖੇ ਪਹਿਲੀ ਹਾਜ਼ਰੀ ਦਿੱਤੀ।

ਜੁਲਾਈ 2014 ਵਿੱਚ ਉਹ ਬਦਲੀ ਕਰਵਾ ਕੇ ਸ.ਪ੍ਰ.ਸ. ਮਾਝੀ ਵਿਖੇ ਆ ਗਏ।ਇਥੇ ਉਹ 2015 ਤੋਂ ਲਗਾਤਾਰ ਸਮਰ ਕੈਂਪ ਲਗਾ ਕੇ ਬੱਚਿਆਂ ਦੀ ਸਖਸ਼ੀਅਤ ਨੂੰ ਨਿਖਾਰਨ ਲਈ ਵੱਖ-ਵੱਖ ਗਤੀਵਿਧੀਆਂ ਕਰਵਾ ਰਹੇ ਹਨ ।ਉਨ੍ਹਾਂ ਨੇ ਖੇਡਾਂ ਵਿੱਚ ਹਰ ਸਾਲ 15 ਤੋਂ 20 ਬੱਚਿਆਂ ਨੂੰ ਜਿਲ੍ਹਾ ਪੱਧਰ ਤੱਕ ਭਾਗ ਦਿਵਾਇਆ ਅਤੇ ਪੁਜ਼ੀਸ਼ਨਾਂ ਵੀ ਪ੍ਰਾਪਤ ਕੀਤੀਆਂ । ਵਿ-ਦਅਕ ਮੁਕਾਬਲਿਆਂ ਵਿੱਚ ਹਰ ਸਾਲ ਮਾਝੀ ਸਕੂਲ ਦੇ ਬੱਚੇ ਅੱਵਲ ਆ ਰਹੇ ਹਨ।

।ਮਨਦੀਪ ਕੌਰ ਆਪ ਸੁੰਦਰ ਲਿਖਾਈ ਲਿਖਣ 'ਚ ਨਿਪੁੰਨ ਹਨ ।ਉਹ ਹਰ ਸਾਲ ਸੁੰਦਰ ਲਿਖਾਈ ਦਾ ਕੈਂਪ ਲਾ ਕੇ ਬੱਚਿਆਂ ਦੀ ਹੱਥ-ਲਿਖਤ ਸੁੰਦਰ ਬਣਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਨ , ਜਿਸ ਵਿੱਚ ਉਹ ਕਾਮਯਾਬ ਵੀ ਹੋ ਰਹੇ ਹਨ ।ਇਸੇ ਕਰਕੇ ਉਨ੍ਹਾਂ ਨੇ ਆਨ-ਲਾਈਨ ਅੱਖਰਕਾਰੀ ਵਿੱਚ ਰਿਸੋਰਸ ਪਰਸਨ ਦੀ ਭੂਮਿਕਾ ਨਿਭਾ ਕੇ ਆਪਣਾ ਯੋਗਦਾਨ ਪਾਇਆ ।ਉਨ੍ਹਾਂ ਸਕੂਲ ਦੇ ਸਟਾਫ ਨਾਲ ਮਿਲ ਕੇ ਪਿਛਲੇ ਸਾਲ ਵੀਹ ਪ੍ਰਤੀਸ਼ਤ ਅਤੇ ਇਸ ਸਾਲ ਪੰਦਰਾਂ ਪ੍ਰਤੀਸ਼ਤ ਦਾਖਲਿਆਂ ਵਿੱਚ ਵਾਧਾ ਕੀਤਾ। ਉਨ੍ਹਾਂ ਦੀ ਯੋਗ ਅਗਵਾਈ ਹੇਠ ਮਾਝੀ ਸਕੂਲ ਦੀ ਜਸ਼ਨਪ੍ਰੀਤ ਕੌਰ ਨੇ 2017 ਵਿੱਚ ਸੁੰਦਰ ਲਿਖਾਈ ਮੁਕਾਬਲੇ ਵਿੱਚ ਜਿਲ੍ਹਾ ਸੰਗਰੂਰ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ । ਨਵਦੀਪ ਕੌਰ ਨੇ 2019 ਵਿੱਚ ਲੇਖ ਮੁਕਾਬਲੇ ਵਿੱਚ ਪੰਜਾਬ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਉੱਚਾ ਕੀਤਾ ।ਲਾਕਡਾਊਨ ਦੌਰਾਨ ਸਕੂਲ ਦੇ 4 ਬੱਚਿਆਂ ਨੇ ਬਲਾਕ ਪੱਧਰ ਦੇ ਵਿਦਿਅਕ ਮੁਕਾਬਲੇ ਵਿੱਚ ਪਹਿਲਾ ਅਤੇ ਇੱਕ ਬੱਚੇ ਨੇ ਦੂਜਾ ਸਥਾਨ ਪ੍ਰਾਪਤ ਕੀਤਾ ।ਇਸੇ ਦੌਰਾਨ ਉਨ੍ਹਾਂ ਨੇ ਸਕੂਲ ਦਾ ਯੂ-ਟਿਊਬ ਚੈਨਲ ਬਣਾ ਕੇ ਬੱਚਿਆਂ ਦੀ ਪੜ੍ਹਾਈ ਕਰਵਾਈ ।ਬੱਚਿਆਂ ਦੀਆਂ ਕਲਾਸਾਂ ਜੂਮ-ਐਪ ਰਾਹੀਂ ਲਗਾਈਆਂ ।ਕਈ ਵਾਰੀ ਉਨ੍ਹਾਂ ਦੇ ਬੱਚਿਆਂ ਦੀਆਂ ਵੀਡੀਓਜ ਅਤੇ ਪੋਸਟਰ ਪੰਜਾਬ ਦੇ ਐਕਟੀਵਿਟੀ ਫੇਸਬੁੱਕ ਪੇਜ਼ ਅਤੇ ਪੜ੍ਹੋ ਪੰਜਾਬ ਫੇਸਬੁੱਕ ਪੇਜ਼ 'ਤੇ ਮਾਨਯੋਗ ਸਕੱਤਰ ਸਕੂਲੀ ਸਿੱਖਿਆ ਵਲੋਂ ਸ਼ੇਅਰ ਕੀਤੀਆਂ ਗਈਆਂ ।ਮਾਝੀ ਸਕੂ.ਲ ਵਲੋਂ ਹਰ ਸਾਲ ਸਾਲਾਨਾ ਸ਼ਾਨਦਾਰ ਸਮਾਗਮ ਕਰਵਾਇਆ ਜਾਂਦਾ ਹੈ ਜਿਸ ਦੀ ਤਿਆਰੀ ਲਈ ਮੈਡਮ ਮਨਦੀਪ ਕੌਰ ਅਹਿਮ ਭੂਮਿਕਾ ਨਿਭਾਉਂਦੇ ਹਨ ।ਸਕੂਲ ਮੁੱਖੀ ਸ੍ਰੀ ਕੁਲਦੀਪ ਸਿੰਘ, ਕਰਮਜੀਤ ਸਿੰਘ ਨਦਾਮਪੁਰ ਈ.ਟੀ.ਟੀ. ਅਧਿਆਪਕ ਅਤੇ ਸਮੂਹ ਸਟਾਫ ਦੇ ਹਮੇਸ਼ਾ ਦਿੱਤੇ ਸਹਿਯੋਗ ਲਈ ਉਹ ਸ਼ੁਕਰ ਗੁਜ਼ਾਰ ਹਨ । ਉਨ੍ਹਾਂ ਦੇ ਪਤੀ ਸ਼੍ਰੀ ਇੰਦਰਪਾਲ ਸਿੰਘ ਈ.ਟੀ.ਟੀ. ਅਧਿਆਪਕ ਦਾ ਵੀ ਉਨ੍ਹਾਂ ਨੂੰ ਪੂਰਨ ਸਹਿਯੋਗ ਮਿਲ ਰਿਹਾ ਹੈ। ਹੁਣ ਇਸ ਸਾਲ ਨਵੇਂ ਸਕੂਲ ਮੁੱਖੀ ਸ੍ਰ. ਅੰਮ੍ਰਿਤਪਾਲ ਸਿੰਘ ਦੀ ਯੋਗ ਅਗਵਾਈ ਹੇਠ ਆਸ ਹੈ ਮੈਡਮ ਮਨਦੀਪ ਕੌਰ ਪਹਿਲਾਂ ਦੀ ਤਰ੍ਹਾਂ ਹੋਰ ਵਧੇਰੇ ਰੌਚਿਕ ਤਰੀਕਿਆਂ ਨਾਲ ਬੱਚਿਆਂ ਦੀ ਸ਼ਖਸ਼ੀਅਤ ਨਿਖਾਰਨ 'ਚ ਕਾਮਯਾਬ ਹੋਣਗੇ।

ਇਸ ਸਾਲ ਵੀ ਹੁਣ ਤੱਕ ਹੋਏ ਤਿੰਨ ਮੁਕਾਬਲਿਆਂ ਵਿੱਚ ਵੀ ਤਹਿਸੀਲ ਪੱਧਰ 'ਤੇ ਉਨ੍ਹਾਂ ਦੇ ਦੋ ਬੱਚੇ ਅਤੇ ਬਲਾਕ ਪੱਧਰ 'ਤੇ ਇੱਕ ਬੱਚਾ ਫਸਟ ਆਏ ।ਮੈਡਮ ਮਨਦੀਪ ਕੌਰ ਵਲੋਂ ਤਿਆਰੀ ਕਰਵਾਏ ਮਾਝੀ ਸਕੂਲ ਦੇ ਬੱਚੇ ਹਰ ਸਾਲ ਗਣਤੰਤਰ ਦਿਵਸ਼ ਅਤੇ ਆਜ਼ਾਦੀ ਦਿਵਸ਼ ਦੇ ਤਹਿਸੀਲ ਪੱਧਰੀ ਸਮਾਗਮ ਵਿੱਚ ਆਪਣੀ ਪੇਸ਼ਕਾਰੀ ਪੇਸ਼ ਕਰਦੇ ਹਨ ।ਪਿਛਲੇ ਪੰਜ ਸਾਲਾਂ ਵਿੱਚ ਤਿੰਨ ਵਾਰੀ ਮਾਝੀ ਸਕੂਲ ਦੇ ਬੱਚਿਆਂ ਨੇ ਪੰਜਵੀਂ ਸ਼੍ਰੇਣੀ ਦੀ ਪ੍ਰੀਖਿਆ ਵਿੱਚੋਂ ਬਲਾਕ ਪੱਧਰ 'ਤੇ ਪਹਿਲਾਂ ਸਥਾਨ ਪ੍ਰਾਪਤ ਕਰਕੇ ਸਕਾਲਰਸ਼ਿਪ ਪ੍ਰਾਪਤ ਕੀਤੀ ।ਮਨਦੀਪ ਕੌਰ 2017 ਤੋਂ ਬਲਾਕ ਪੱਧਰੀ ਅਧਿਆਪਕਾਂ ਦੇ ਮੁਕਾਬਲਿਆਂ 'ਚੋਂ ਲਗਾਤਾਰ ਜੇਤੂ ਰਹਿ ਰਹੀ ਹੈ । ਹਰ ਸਾਲ ਬੱਚਿਆਂ ਨੂੰ ਨਵੀਂ ਟੀਚਿੰਗ ਲਰਨਿੰਗ ਮਟੀਰੀਅਲ ਹੱਥੀਂ ਤਿਆਰ ਕਰਕੇ ਸਿਖਾਇਆ ਜਾਂਦਾ ਹੈ ।ਹਰ ਸਾਲ ਬੱਚਿਆਂ ਅਤੇ ਅਧਿਆਪਕਾਂ ਦੀਆਂ ਰਚਨਾਵਾਂ ਨੂੰ ਮਨਮੋਹਕ ਹੱਥ ਲਿਖਤ ਮੈਗਜ਼ੀਨ ਵਿੱਚ ਸਾਮਲ ਕਰਕੇ ਬੱਚਿਆਂ ਅੰਦਰ ਸਿਰਜਣਾਤਿਕ ਸੋਚ ਪੈਦਾ ਕਰਨ ਦੀ ਪਿਰਤ ਚਲ ਰਹੀ ਹੈ ਹਰ ਸਾਲ ਬੱਚਿਆਂ ਨੂੰ ਓਵਰ ਟਾਈਮ ਕਲਾਸਾਂ ਲਗਾ ਕੇ ਪੜ੍ਹਾਇਆ ਜਾਂਦਾ ਹੈ।

ਸਿੱਖਿਆ ਵਿਭਾਗ ਵਲੋਂ ਸਮੇਂ ਸਮੇਂ 'ਤੇ ਸਟੇਟ ਪੱਧਰ, ਜਿਲ੍ਹਾ ਪੱਧਰ ਅਤੇ ਬਲਾਕ ਪੱਧਰ 'ਤੇ ਮਨਦੀਪ ਕੌਰ ਨੂੰ ਵਧੀਆਂ ਸੇਵਾਵਾਂ ਬਦਲੇ ਪ੍ਰਸ਼ੰਸਾ ਪੱਤਰ ਪ੍ਰਾਪਤ ਹੋ ਚੁੱਕੇ ਹਨ । ਉਹ ਇੱਕ ਆਦਰਸ਼ ਅਧਿਆਪਕ ਹੋਣ ਦੇ ਨਾਤੇ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਹਰ ਤਰ੍ਹਾਂ ਦੇ ਪੱਖ ਨੂੰ ਦੇਖਦੇ ਹੋਏ ਨਵੇਂ ਨਵੇਂ ਅਧਿਆਪਨ ਤਰੀਕੇ ਅਪਣਾ ਕੇ ਬੱਚਿਆਂ ਨੂੰ ਗੁਣਾਤਮਿਕ ਸਿੱਖਿਆ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ , ਜਿਸ ਦੇ ਸਾਰਥਿਕ ਸਿੱਟੇ ਜਰੂਰ ਸਾਹਮਣੇ ਆਉਂਦੇ ਹਨ।ਇਸੇ ਕਰਕੇ ਉਨ੍ਹਾਂ ਦੇ ਨਿਵੇਕਲੇ ਢੰਗ ਨਾਲ ਬੱਚਿਆਂ ਨੂੰ ਪੜ੍ਹਾਉਣ ਸਦਕਾ ਸਿੱਖਿਆ ਵਿਭਾਗ ਵਲੋਂ ਮਾਣ-ਮੱਤੇ ਸਟੇਟ ਅਵਾਰਡ-2021 ਨਾਲ ਸਨਮਾਨਿਤ ਕਰਨ ਨਾਲ ਮੈਡਮ ਮਨਦੀਪ ਕੌਰ ਦੀਆਂ ਵੱਡਮੁੱਲੀਆਂ ਸੇਵਾਵਾਂ ਨੂੰ ਬੂਰ ਪਿਆ ਹੈ, ਜਿਸ ਨਾਲ ਮਾਝੀ ਸਕੂਲ ਦੇ ਪਹਿਲੇ ਸਟੇਟ ਅਵਾਰਡੀ ਅਧਿਆਪਕ ਬਣ ਕੇ ਉਨ੍ਹਾਂ ਸਕੂਲ ਦਾ ਨਾਮ ਉੱਚਾ ਕੀਤਾ ਹੈ। ਉਨ੍ਹਾਂ ਨੂੰ ਬੀ.ਪੀ.ਈ.ਓ.ਦਫਤਰ ਭਵਾਨੀਗੜ੍ਹ, ਸੈਂਟਰ ਹੈੱਡ ਟੀਚਰ ਬਖੋਪੀਰ ਵਲੋਂ ਵੀ ਸਨਮਾਨ ਕੀਤਾ ਗਿਆ । ਉਨ੍ਹਾਂ ਨੂੰ ਆਪਣੇ ਸ਼ਹਿਰ ਨਾਭਾ ਦੀ ਸ਼੍ਰੀ ਗੁਰੂ ਰਵਿਦਾਸ ਸੇਵਾ ਸੁਸਾਇਟੀ ਵਲੋਂ ਵਿਸ਼ੇਸ਼ ਸਮਾਗਮ ਕਰਵਾ ਕੇ ਪ੍ਰਸ਼ੰਸ਼ਾ ਪੱਤਰ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ।

ਕਾਮਨਾ ਕਰਦੇ ਹਾਂ ਕਿ ਉਹ ਹੋਰ ਵਧੇਰੇ ਮਿਹਨਤ ਕਰਕੇ ਅਗਲਾ ਅਵਾਰਡ ਪਾਪਤ ਕਰਨ ਦੇ ਜਲਦੀ ਹੀ ਸਮਰੱਥ ਹੋਣਗੇ।

# ਮਸਲਾ ਪੰਜਾਬ ਦੇ ਵਿਧਾਇਕਾਂ ਦੀ ਜੁਆਬਦੇਹੀ ਤੇ ਉਨ੍ਹਾਂ ਨੂੰ ਮਿਲਦੇ ਆਰਥਿਕ ਲਾਭਾਂ ਦਾ



ਡਾ. ਚਰਨਜੀਤ ਸਿੰਘ ਗੁਮਟਾਲਾ
0019375739812

ਜਦ ਅਸੀਂ ਕਨੇਡਾ ,ਇੰਗਲੈਂਡ ਤੇ ਹੋਰ ਅਗਾਂਹ ਵਧੂ ਮੁਲਕਾਂ ਵਿਚ ਵਿਚਰਦੇ ਹਾਂ, ਪਤਾ ਲੱਗਦਾ ਹੈ ਕਿ ਉੱਥੇ ਸਭ ਲਈ ਮੁਫ਼ਤ ਸਿਹਤ ਸੇਵਾਵਾਂ, ਬਾਰਵੀਂ ਤੀਕ ਮੁਫ਼ਤ ਵਿਦਿਆ, ਬੱਸਾਂ ਵਿਦਿਆਰਥੀਆਂ ਨੂੰ ਘਰੋਂ ਮੁਫ਼ਤ ਲੈ ਕੇ ਜਾਂਦੀਆਂ ਆਉਂਦੀਆਂ ਹਨ,ਅਮਨ ਕਾਨੂੰਨ ਦੀ ਹਾਲਤ ਬਹੁਤ ਵਧੀਆ ਵਗ਼ੈਰਾ ਤੋਂ ਇਲਾਵਾ ਜਨ ਪ੍ਰਤੀਨਿਧਾਂ ਦਾ ਲੋਕਾਂ ਨੂੰ ਆਸਾਨੀ ਨਾਲ ਮਿਲਣਾ ਤੇ ਸਰਕਾਰੀ ਪੈਸੇ ਨੂੰ ਸੋਚ ਸਮਝ ਕੇ ਖ਼ਰਚਣਾ ਹੈ। ਅਖ਼ਬਾਰਾਂ ਨੂੰ ਕੋਈ ਸਰਕਾਰੀ ਇਸ਼ਤਿਹਾਰ ਨਹੀਂ ਦਿੱਤਾ ਜਾਂਦਾ, ਏਸੇ ਲਈ ਅਖ਼ਬਾਰਾਂ ਸਰਕਾਰ ਵਿਰੁਧ ਲਿਖਦੀਆਂ ਹਨ। ਭਾਰਤ ਵਿਚ ਅਖ਼ਬਾਰਾਂ ਤੇ ਟੈਲੀਵੀਜ਼ਨ ਚਲਦੇ ਹੀ ਸਰਕਾਰੀ ਇਸ਼ਤਿਹਾਰਾਂ ਸਿਰ ਹਨ ਤੇ ਉਹ ਸਰਕਾਰ ਦੀ ਬੋਲੀ ਬੋਲਦੇ ਹਨ। ਬਹੁਤ ਘੱਟ ਅਖ਼ਬਾਰ ਹਨ ਜੋ ਲੋਕਾਂ ਦੀ ਗੱਲ ਕਰਦੇ ਹਨ।

23 ਸਤੰਬਰ 2021 ਨੂੰ ਨਵੇਂ ਬਣੇ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਨੇ ਆਈ ਕੇ ਗੁਜਰਾਲ ਟੈਕਨੀਕਲ ਯੂਨੀਵਰਸਿਟੀ ਵਿਚ ਬੜਾ ਜਜ਼ਬਾਤੀ ਲੈਕਚਰ ਕੀਤਾ ਸੀ ਕਿ ਉਨ੍ਹਾਂ ਨੂੰ ਦਸਿਆ ਗਿਆ ਹੈ ਕਿ ਉਨ੍ਹਾਂ ਲਈ ਦੋ ਕ੍ਰੋੜ ਦੀ ਲਗਜ਼ਰੀ ਕਾਰ ਤੇ ਇਕ ਹਜ਼ਾਰ ਸਿਪਾਹੀਆਂ ਦੀ ਫ਼ੌਜ ਹੈ। ਉਨ੍ਹਾਂ ਕਿਹਾ ਕਿ ਮੈਂ ਵੀ ਆਈ ਪੀ ਕਲਚਰ ਖ਼ਤਮ ਕਰਾਂਗਾ ਤੇ ਮਹਿੰਗੀਆਂ ਕਾਰਾਂ ਦੀ ਥਾਂ 'ਤੇ ਇਹ ਪੈਸਾ ਲੋਕਾਂ ਤੇ ਖ਼ਾਸ ਕਰ ਕਮਜ਼ੋਰ ਤੇ ਲਿਤਾੜੇ ਲੋਕਾਂ ਦੀ ਭਲਾਈ ਲਈ ਖ਼ਰਚ ਕਰਾਂਗਾ।ਪਰ ਅਗਲੇ ਹੀ ਦਿਨ ਉਨ੍ਹਾਂ 27 ਇਨੋਵਾ ਗਡੀਆਂ ਦਾ ਆਰਡਰ ਦੇ ਦਿੱਤਾ। ਉਹ ਕਹਿੰਦੇ ਹਨ ਕਿ ਮੈਂ ਗ਼ਰੀਬ ਆਦਮੀ ਹਾਂ ਜਦ ਕਿ ਉਨ੍ਹਾਂ ਨੇ 2017 ਦੀ ਚੋਣ ਸਮੇਂ ਆਪਣੀ ਸੰਪਤੀ 17 ਕ੍ਰੋੜ ਤੋਂ ਵੱਧ ਦੀ ਦੱਸੀ ਹੈ ਜੋ ਕਿ ਸੋਸ਼ਲ ਮੀਡਿਆ 'ਤੇ ਵਾਇਰਲ ਹੋ ਰਹੀ ਹੈ।

ਵਿਕਸਤ ਦੇਸ਼ਾਂ ਵਿਧਾਇਕਾਂ ਨੂੰ ਸਿਰਫ਼ ਤਨਖਾਹ ਮਿਲਦੀ ਹੈ।ਨਾ ਤਾਂ ਸਰਕਾਰੀ ਗੱਡੀ ਤੇ ਨਾ ਹੀ ਡਰਾਇਵਰ ਮਿਲਦੇ ਹਨ। ਉਹ ਆਪਣੀ ਕਾਰ ਆਪ ਖ਼ੁਦ ਚਲਾਉਂਦੇ ਹਨ । ਸੁਰੱਖਿਆ ਲਈ ਕੋਈ ਪੁਲੀਸ ਕਰਮਚਾਰੀ ਨਹੀਂ । ਪੰਜਾਬ ਵਿਚ ਵੀ ਜਦ ਹਾਲਾਤ ਆਮ ਸਨ ਤਾਂ ਵਿਧਾਇਕਾਂ ਨੂੰ ਨਾ ਤਾਂ ਸਰਕਾਰੀ ਗੱਡੀ ਤੇ ਨਾ ਹੀ ਗਨਮੈਨ ਦਿੱਤੇ ਜਾਂਦੇ ਸਨ । ਉਸ ਸਮੇਂ ਪੰਜਾਬ ਰੋਡਵੇਜ਼ ਦੀਆਂ ਬੱਸਾਂ ਦੀਆਂ ਅਗਲੀਆਂ ਕੁਝ ਸੀਟਾਂ ਵਿਧਾਇਕਾਂ ਲਈ ਰਾਖਵੀਆਂ ਰਖੀਆਂ ਹੁੰਦੀਆਂ ਸਨ । ਹੁਣ ਹਾਲਾਤ ਆਮ ਵਰਗੇ ਹੋਣ ਦੇ ਬਾਵਜੂਦ ਵਿਧਾਇਕਾਂ ਵਿਚ ਗਨਮੈਨ ਤੇ ਮਹਿੰਗੀਆਂ ਕਾਰਾਂ ਖ਼ਰੀਦਣ ਲਈ ਹੋੜ ਲੱਗੀ ਹੋਈ ਹੈ। 13 ਅਗਸਤ 2021 ਦੀ ਖ਼ਬਰ ਅਨੁਸਾਰ 27 ਵਿਧਾਇਕਾਂ ਜਿਨ੍ਹਾਂ ਵਿੱਚ ਜ਼ਿਆਦਾਤਰ ਵਿਧਾਇਕ ਸ. ਨਵਜੋਤ ਸਿੰਘ ਸਿੱਧੂ ਦੇ ਖੇਮੇ ਵਿੱਚੋਂ ਸਨ ਉਨ੍ਹਾਂ ਨੂੰ ਇਹ ਆਖ ਕੇ ਕਿ ਫੰਡ ਖ਼ਤਮ ਹੋ ਗਿਆ ਕਹਿ ਕਿ ਕਾਰਾਂ ਨਹੀਂ ਦਿੱਤੀਆਂ ਗਈਆਂ ਜਦ ਕਿ ਕੈਪਟਨ ਧੜ੍ਹੇ ਦੇ 22 ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ 3 ਕਰੋੜ 45 ਲੱਖ ਖ਼ਰਚ ਕੇ ਗੱਡੀਆਂ ਲੈ ਕੇ ਦਿੱਤੀਆਂ ਗਈਆਂ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸੁਰੱਖਿਆ ਲਈ ਚਾਰ ਨਵੀਆਂ ਗੱਡੀਆਂ ਖਰੀਦੀਆਂ ਗਈਆਂ ਜਿਨ੍ਹਾਂ 'ਤੇ ਤਕਰੀਬਨ 55 ਲੱਖ ਰੁਪਏ ਖਰਚਾ ਆਇਆ। ਇਸ ਤਰ੍ਹਾਂ ਕਾਰਾਂ ਦੇਣ ਵਿਚ ਪੱਖਪਾਤ ਕੀਤਾ ਜਾਂਦਾਹੈ।ਪੰਜਾਬ ਵਿੱਚ ਅੱਤਵਾਦ ਸਮੇਂ ਗੱਡੀਆਂ ਤੇ ਸੁਰੱਖਿਆ ਕਰਮਚਾਰੀ ਦਿੱਤੇ ਜਾਣ ਲੱਗੇ ਸਨ। ਹੁਣ ਹਾਲਾਤ ਠੀਕ ਹੋ ਗਏ ਹਨ, ਇਸ ਲਈ ਸਰਕਾਰੀ ਗੱਡੀਆਂ ਤੇ ਸੁਰੱਖਿਆ ਕਰਮਚਾਰੀ ਵਾਪਿਸ ਲਏ ਜਾਣੇ ਬਣਦੇ ਹਨ। ਸਭ ਵਧਾਇਕ ਅਮੀਰ ਹਨ , ਉਨ੍ਹਾਂ ਪਾਸ ਪਹਿਲਾਂ ਹੀ ਬਹੁਤ ਮਹਿੰਗੀਆਂ ਕਾਰਾਂ ਹਨ। ਲੋੜ ਪੈਣ 'ਤੇ ਉਹ ਪ੍ਰਾਈਵੇਟ ਕੰਪਨੀ ਤੋਂ ਸਿਕੁਰਟੀ ਨਿਜੀ ਖ਼ਰਚੇ 'ਤੇ ਲੈ ਸਕਦੇ ਹਨ। ਜਿੱਥੋਂ ਤੀਕ ਵਿਧਾਇਕਾਂ ਦੀ ਤਨਖ਼ਾਹਾਂ ਦਾ ਸਬੰਧ ਹੈ, ਸਭ ਤੋਂ ਘੱਟ ਤਨਖ਼ਾਹ ਮਾਰਕਸਵਾਦੀ ਕਮਿਊਨਿਸਟ ਪਾਰਟੀ (ਸੀ ਪੀ ਐਮ) ਰਾਜ ਕਰਦੇ ਸੂਬੇ ਤ੍ਰਿਪੁਰਾ ਦੀ ਹੈ ਜੋ ਕਿ 17 ਹਜ਼ਾਰ 500 ਰੁਪਏ ਮਹੀਨਾ ਹੈ । ਨਾਗ਼ਾਲੈਂਡ ਦੀ 18 ਹਜ਼ਾਰ , ਆਸਾਮ ਦੀ ਵੀਹ ਹਜ਼ਾਰ ਤੇ ਸਭ ਤੋਂ ਵੱਧ ਤੇਲੰਗਾਨਾ ਦੀ ਹੈ ਜੋ ਕਿ 2 ਲੱਖ 50 ਹਜ਼ਾਰ ਰੁਪਏ ਮਹੀਨਾ ਹੈ। ਪੰਜਾਬ ਦੀ ਇੱਕ ਲੱਖ ਜਦ ਕਿ ਕੇਜਰੀਵਾਲ ਸਰਕਾਰ ਦੀ 2.ਲੱਖ 10 ਹਜ਼ਾਰ, ਸਾਡੇ ਗੁਆਂਢੀ ਹਰਿਆਣਾ ਦੀ 1 ਲੱਖ 15 ਹਜ਼ਾਰ,ਹਿਮਾਚਲ ਦੀ 1 ਲੱਖ 25 ਹਜ਼ਾਰ ਰੁਪਏ ਹੈ।ਰਾਜਸਥਾਨ 40 ਹਜ਼ਾਰ, ਗੁਜਰਾਤ 47 ਹਜ਼ਾਰ ਤੇ ਪੱਛਮੀ ਬੰਗਾਲ 96 ਹਜ਼ਾਰ ਰੁਪਏ ਮਹੀਨਾ ਹੈ।

ਤਨਖ਼ਾਹ ਤੋਂ ਇਲਾਵਾ ਪੰਜਾਬ ਵਿਚ ਹੋਰ ਬਹੁਤ ਸਾਰੇ ਭੱਤੇ ਅਤੇ ਸਹੂਲਤਾਂ ਤੋਂ ਇਲਾਵਾ ਸਰਕਾਰੀ ਖ਼ਜਾਨੇ ਵਿੱਚੋਂ ਆਮਦਨ ਕਰ ਦੀ ਅਦਾਇਗੀ ਕੀਤੀ ਜਾਂਦੀ ਹੈ ਜੋ ਕਿ ਸਰਾਸਰ ਗ਼ਲਤ ਹੈ। 2 ਅਗਸਤ 2021 ਦੀ ਪੰਜਾਬੀ ਟ੍ਰਿਬਿਊਨ ਦੀ ਖ਼ਬਰ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਦੇ ਸਿਰਫ਼ ਤਿੰਨ ਵਿਧਾਇਕ ਸ. ਕੁਲਜੀਤ ਸਿੰਘ ਨਾਗਰਾ, ਸ. ਸਿਮਰਨਜੀਤ ਸਿੰਘ ਬੈਂਸ ਤੇ ਸ. ਬਲਵਿੰਦਰ ਸਿੰਘ ਬੈਂਸ ਹੀ ਅਜਿਹੇ ਵਿਧਾਇਕ ਹਨ ਜਿਨ੍ਹਾਂ ਦੀ ਤਨਖਾਹ ਵਿੱਚੋਂ ਆਮਦਨ ਕਰ ਅਦਾ ਕੀਤਾ ਜਾਂਦਾ ਹੈ ਜਦ ਕਿ 93 ਵਿਧਾਇਕਾਂ ਦਾ ਆਮਦਨ ਕਰ ਸਰਕਾਰੀ ਖਜ਼ਾਨੇ ਵਿੱਚੋਂ ਦਿੱਤਾ ਜਾ ਰਿਹਾ ਹੈ।



2017-18 ਵਿੱਚ 82 ਲੱਖ 77 ਹਜ਼ਾਰ 506 ਰੁਪਏ, 2018-19 ਵਿੱਚ 65 ਲੱਖ 95 ਹਜ਼ਾਰ 264 ਰੁਪਏ, 2019-20 ਵਿੱਚ 64 ਲੱਖ 93 ਹਜ਼ਾਰ 652 ਰੁਪਏ, 2020-21 ਵਿੱਚ 62 ਲੱਖ 54 ਹਜ਼ਾਰ 952 ਰੁਪਏ ਆਮਦਨ ਕਰ ਸਰਕਾਰ ਵਜੋਂ ਅਦਾ ਕੀਤੇ ਗਏ।ਸੁਆਲ ਪੈਦਾ ਹੁੰਦਾ ਹੈ ਕਿ ਬਾਕੀ ਵਿਧਾਇਕ ਕਿਉਂ ਨਹੀਂ ਟੈਕਸ ਤਾਰਦੇ?ਅਗਾਂਹ ਵਧੂ ਦੇਸ਼ਾਂ ਵਿੱਚ ਵਿਧਾਇਕ ਸਰਕਾਰੀ ਕਰਮਚਾਰੀਆਂ ਵਾਂਗ ਆਪਣਾ ਆਮਦਨ ਕਰ ਆਪ ਤਾਰਦੇ ਹਨ ਜਿਵੇਂ ਸਰਕਾਰੀ ਕਰਮਚਾਰੀ ਤਾਰਦੇ ਹਨ। ਪੰਜਾਬ ਵਿੱਚ ਹਰ ਵਾਰੀ ਚੁਣੇ ਜਾਣ 'ਤੇ ਵਿਧਾਇਕ ਦੀ ਤਨਖਾਹ ਵਧਾਈ ਜਾਂਦੀ ਹੈ।ਇਕ ਵਾਰ ਵਿਧਾਇਕ ਬਣਨ ਵਾਲੇ ਨੂੰ 75 ਹਜ਼ਾਰ ਰੁਪਏ ਮਹੀਨਾ, 2 ਵਾਰ ਵਿਧਾਇਕ ਬਣਨ ਵਾਲੇ 1 ਲੱਖ 25 ਹਜ਼ਾਰ, 3 ਵਾਰ ਨੂੰ 1 ਲੱਖ 75 ਹਜ਼ਾਰ, 4 ਵਾਰ ਵਿਧਾਇਕ ਬਣਨ ਵਾਲੇ ਨੂੰ 2 ਲੱਖ 25 ਹਜ਼ਾਰ, 5 ਵਾਰ ਵਿਧਾਇਕ ਬਣਨ ਵਾਲੇ ਨੂੰ 2 ਲੱਖ 75 ਹਜ਼ਾਰ, 6 ਵਾਰ ਬਣਨ ਵਾਲੇ ਨੂੰ 3 ਲੱਖ 25 ਹਜ਼ਾਰ, 7 ਵਾਰ ਬਣਨ ਵਾਲੇ ਨੂੰ 3 ਲੱਖ 75 ਹਜ਼ਾਰ, 8 ਵਾਰ ਵਿਧਾਇਕ ਬਣਨ ਵਾਲੇ ਨੂੰ 4 ਲੱਖ 25 ਹਜ਼ਾਰ ਤੇ 9 ਵਾਰ ਵਿਧਾਇਕ ਬਣਨ ਵਾਲੇ ਨੂੰ 4 ਲੱਖ 75 ਹਜ਼ਾਰ ਰੁਪਏ ਪੈਨਸ਼ਨ ਭੱਤੇ ਤੇ ਹੋਰ ਸਹੂਲਤਾਂ ਮਿਲਦੀਆਂ ਹਨ। 129 ਸਾਬਕਾ ਵਿਧਾਇਕ, ਪ੍ਰਧਾਨ ਮੰਤਰੀ, ਰਾਸ਼ਟਰਪਤੀ ਤੇ ਸੁਪਰੀਮ ਕੋਰਟ ਤੇ ਹਾਈਕੋਰਟ ਦੇ ਚੀਫ਼ ਜਸਟਿਸਾਂ ਨਾਲੋਂ ਜ਼ਿਆਦਾ ਪੈਨਸ਼ਨ ਲੈ ਰਹੇ ਹਨ। 26 ਅਕਤੂਬਰ 2016 ਨੂੰ ਪੰਜਾਬ ਸਰਕਾਰ ਨੇ ਪੈਨਸ਼ਨ ਦੀ ਵਿਵਸਥਾ ਚੱਲਦੇ ਹੋਏ ਹਰੇਕ ਵਿਧਾਇਕ ਨੂੰ ਪਹਿਲੀ ਵਾਰੀ 15 ਹਜ਼ਾਰ ਰੁਪਏ ਮੁੱਢਲੀ ਤਨਖਾਹ, 50ਗ ਡੀ.ਏ ਤੇ 234 ਪ੍ਰਤੀਸ਼ਤ ਮਹਿੰਗਾਈ ਭੱਤਾ ਦੇਣ ਦੀ ਵਿਵਸਥਾ ਕੀਤੀ ਸੀ। ਦੂਜੀ ਵਾਰ ਵਿਧਾਇਕ ਬਣਨ 'ਤੇ 1 ਲੱਖ 25 ਹਜ਼ਾਰ ਪ੍ਰਤੀ ਮਹੀਨਾ ਪੈਨਸ਼ਨ ਦੇਣ ਦੀ ਵਿਵਸਥਾ ਕੀਤੀ ਗਈ।

ਸਾਬਕਾ ਮੁੱਖ ਮੰਤਰੀ ਤੇ 6 ਵਾਰ ਵਿਧਾਇਕ ਰਹਿਣ ਵਾਲੀ ਬੀਬੀ ਰਾਜਿੰਦਰ ਕੌਰ ਭੱਠਲ ਜੋ ਕਿ ਯੋਜਨਾ ਬੋਰਡ ਦੀ ਉਪ ਚੇਅਰਮੈਨ ਵੀ ਹੈ ਨੂੰ ਬੋਰਡ ਵੱਲੋਂ ਤਨਖਾਹ ,ਭੱਤੇ, ਗੱਡੀ ਤੇ ਹੋਰ ਕਈ ਸਹੂਲਤਾਂ ਮਿਲਦੀਆਂ ਹਨ ਪਰ 6 ਵਾਰ ਵਿਧਾਇਕ ਰਹਿਣ ਕਰਕੇ 3 ਲੱਖ 25 ਹਜਾਰ ਰੁਪਏ ਮਹੀਨਾ ਪੈਨਸ਼ਨ ਵੀ ਮਿਲਦੀ ਹੈ। ਅਕਾਲੀ ਲੀਡਰ ਸ. ਸਰਵਣ ਸਿੰਘ ਫਿਲੌਰ 6 ਵਾਰ ਵਿਧਾਇਕ ਤੇ ਜੇਲ ਮੰਤਰੀ ਰਹਿਣ ਕਰਕੇ ਪ੍ਰਤੀ ਮਹੀਨਾ 3 ਲੱਖ 25 ਹਜ਼ਾਰ ਪੈਨਸ਼ਨ ਲੈ ਰਹੇ ਹਨ ਤੇ ਕਈ ਭੱਤੇ ਲੈ ਰਹੇ ਹਨ। ਸ. ਲਾਲ ਸਿੰਘ 6 ਵਾਰ ਵਿਧਾਇਕ ਤੇ 2 ਵਾਰ ਮੰਤਰੀ ਰਹੇ ਹਨ। ਇਸ ਸਮੇਂ ਮੰਡੀ ਬੋਰਡ ਦੇ ਚੇਅਰਮੈਨ ਹਨ। ਮੰਡੀ ਬੋਰਡ ਤੋਂ ਤਨਖਾਹ ਤੇ ਹੋਰ ਸਹੂਲਤ ਦੇ ਨਾਲ 3 ਲੱਖ 25 ਹਜ਼ਾਰ ਰੁਪਏ ਮਹੀਨਾ ਪੈਨਸ਼ਨ ਲੈ ਰਹੇ ਹਨ। ਸ. ਪ੍ਰਤਾਪ ਸਿੰਘ ਬਾਜਵਾ, ਸ. ਬਲਵਿੰਦਰ ਸਿੰਘ ਭੂੰਦੜ, ਸ. ਸੁਖਦੇਵ ਸਿੰਘ ਢੀਂਡਸਾ ਸਮੇਤ 7 ਰਾਜ ਸਭਾ ਮੈਂਬਰ ਹਨ ਜਿਨ੍ਹਾਂ ਨੂੰ ਤਨਖਾਹ ਤੇ ਹੋਰ ਭੱਤੇ ਮਿਲਦੇ ਹਨ ਪਰ ਉਹ ਸਾਬਕਾ ਵਿਧਾਇਕ ਹੋਣ ਕਰਕੇ 2 ਲੱਖ 75 ਹਜ਼ਾਰ ਪ੍ਰਤੀ ਮਹੀਨਾ ਪੈਨਸ਼ਨ ਵੱਖਰੀ ਲੈ ਰਹੇ ਹਨ ਜੋ ਕਿ ਨਹੀਂ ਮਿਲਣੀ ਚਾਹੀਦੀ। ਸ. ਪ੍ਰਕਾਸ਼ ਸਿੰਘ ਬਾਦਲ ਇਸ ਸਮੇਂ ਵਿਧਾਇਕ ਹਨ। ਜੇ ਉਹ ਰੀਟਾਇਰਡ ਹੁੰਦੇ ਹਨ ਤਾਂ ਉਨ੍ਹਾਂ ਦੀ ਪੈਨਸ਼ਨ ਇੱਕ ਰਿਕਾਰਡ ਹੋਵੇਗੀ। ਉਹ 10 ਵਾਰ ਵਿਧਾਇਕ ਰਹੇ ਹਨ, ਉਨ੍ਹਾਂ ਨੂੰ ਪ੍ਰਤੀ ਮਹੀਨਾ 5 ਲੱਖ 26 ਹਜ਼ਾਰ ਪੈਨਸ਼ਨ ਮਿਲੇਗੀ।

ਇੰਟਰਨੈਟ ਉਪਰ ਮਿਲਦੀ ਜਾਣਕਾਰੀ ਅਨੁਸਾਰ ਪ੍ਰਧਾਨ ਮੰਤਰੀ ਦੀ ਤਨਖਾਹ 1 ਲੱਖ 65 ਹਜ਼ਾਰ ਪ੍ਰਤੀ ਮਹੀਨਾ, ਰਾਸ਼ਟਰਪਤੀ ਦੀ 5 ਲੱਖ ਰੁਪਏ ਪ੍ਰਤੀ ਮਹੀਨਾ, ਉਪ-ਰਾਸ਼ਟਰਪਤੀ ਦੀ 4 ਲੱਖ, ਰਜਾਪਾਲ ਦੀ 3 ਲੱਖ 50 ਹਜ਼ਾਰ, ਚੀਫ਼ ਜਸਟਿਸ 2 ਲੱਖ 80 ਹਜ਼ਾਰ, ਸੁਪਰੀਮ ਕੋਰਟ ਦੇ ਜੱਜ ਦੀ ਤਨਖਾਹ 2 ਲੱਖ 50 ਹਜ਼ਾਰ ਮਹੀਨਾ ਹੈ। ਮੁੱਖ ਚੋਣ ਕਮਿਸ਼ਨ, ਕੈਬਨਿਟ ਸਕੱਤਰ, ਫੌਜ ਦੇ ਮੁੱਖੀਆ ਦੀ ਤਨਖਾਹ 2 ਲੱਖ 50 ਹਜ਼ਾਰ ਹੈ।ਇਸ ਤਰ੍ਹਾਂ ਸਾਡੇ ਬਹੁਤ ਸਾਰੇ ਵਿਧਾਇਕ ਇਨ੍ਹਾਂ ਸ਼ਖ਼ਸੀਅਤਾਂ ਨਾਲੋਂ ਵੱਧ ਤਨਖ਼ਾਹ ਲੈ ਰਹਿ ਹਨ।

ਕਿਸੇ ਵੀ ਹੋਰ ਮੁਲਕ ਵਿੱਚ ਸਰਕਾਰੀ ਖ਼ਜ਼ਾਨੇ ਦੀ ਐਸੀ ਲੁੱਟ ਨਹੀਂ। ਆਪ ਪਾਰਟੀ ਦੇ ਵਿਧਾਇਕਾਂ ਨੇ 17 ਅਗਸਤ 2021 ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰੀ ਰਾਣਾ ਕੇ ਪੀ ਸਿੰਘ ਨਾਲ ਮੁਲਾਕਾਤ ਕਰਕੇ ਵਿਧਾਇਕਾਂ ਨੂੰ ਇੱਕ ਤੋਂ ਵੱਧ ਪੈਨਸ਼ਨਾਂ ਰੋਕਣ ਦੀ ਮੰਗ ਕੀਤੀ ਹੈ, ਜਿਸ 'ਤੇ ਅਜੇ ਤੀਕ ਕੋਈ ਕਾਰਵਾਈ ਨਹੀਂ ਹੋਈ। ਕਨੇਡਾ ਵਿੱਚ ਵਿਧਾਇਕਾਂ ਦੇ ਕਾਰੋਬਾਰ ਕਰਨ 'ਤੇ ਪਾਬੰਦੀ ਹੈ। ਭਾਵ ਕਿ ਜਿਵੇਂ ਭਾਰਤ ਵਿੱਚ ਸਰਕਾਰੀ ਕਰਮਚਾਰੀ ਕੋਈ ਕਾਰੋਬਾਰ ਨਹੀਂ ਕਰ ਸਕਦੇ, ਉਸੇ ਤਰ੍ਹਾਂ ਵਿਧਾਇਕ ਵੀ ਨਹੀਂ ਕਰ ਸਕਦੇ। ਇਹ ਇਸ ਲਈ ਵੀ ਜਰੂਰੀ ਹੈ ਕਿ ਉਹ ਆਪਣੇ ਆਹੁਦੇ ਦੀ ਦੁਰਵਰਤੋਂ ਨਾ ਕਰ ਸਕਣ ਤੇ ਸਾਰਾ ਸਮਾਂ ਲੋਕਾਂ ਦੀ ਭਲਾਈ 'ਤੇ ਲਾ ਸਕਣ।ਪਰ ਸਾਡੇ ਹਰ ਵਿਧਾਇਕ ਕੋਈ ਨਾ ਕੋਈ ਕਾਰੋਬਰ ਕਰ ਰਿਹਾ ਹੈ। ਇਸ ਲਈ ਕਾਰੋਬਾਰ ਕਰਨ 'ਤੇ ਪਾਬੰਦੀ ਲਾਉਣਾ ਸਮੇਂ ਦੀ ਲੋੜ ਹੈ।

ਵਿਦੇਸ਼ਾਂ ਵਿੱਚ ਸਰਕਾਰੀ ਦਫ਼ਤਰਾਂ ਵਾਂਗ ਹਰ ਹਲਕੇ ਵਿਚ ਵਿਧਾਇਕ ਤੇ ਪਾਰਲੀਮੈਂਟ ਮੈਂਬਰ ਦਾ ਦਫ਼ਤਰ ਹੈ। ਉੱਥੇ ਸਰਕਾਰੀ ਦਫ਼ਤਰਾਂ ਵਾਂਗ ਬਕਾਇਦਾ ਕਰਮਚਾਰੀ ਬੈਠਦੇ ਹਨ ।ਵਿਧਾਇਕ ਤੇ ਪਾਰਲੀਮੈਂਟ ਮੈਂਬਰ ਵੀ ਦਫ਼ਤਰ ਵਿੱਚ ਲੋਕਾਂ ਨੂੰ ਮਿਲਦੇ ਹਨ।ਪਰ ਸਾਡੇ ਅਜਿਹਾ ਨਹੀਂ । ਉਹ ਘਰਾਂ ਵਿਚ ਮਿਲਦੇ ਹਨ।ਆਮ ਲੋਕਾਂ ਨੂੰ ਇਨ੍ਹਾਂ ਦੇ ਘਰਾਂ ਦਾ ਹੀ ਪਤਾ ਨਹੀਂ ਕਿ ਉਹ ਕਿੱਥੇ ਰਹਿੰਦੇ ਹਨ। ਕਈਆਂ ਦੇ ਘਰ ਬਹੁਤ ਦੂਰ ਹਨ। ਕਈ ਦੂਰ ਦੁਰਾਡਿਓ ਆ ਕੇ ਚੋਣ ਲੜਦੇ ਹਨ ਫਿਰ ਉਹ ਲਭਦੇ ਨਹੀਂ। ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਮਸ਼ਹੂਰ ਕਲਾਕਾਰ ਸ੍ਰੀ ਸਨੀ ਦਿਓਲ ਬੰਬਈ ਤੋਂ ਆ ਕੇ ਚੋਣ ਲੜਿਆ । ਚੋਣ ਜਿੱਤਣ ਬਾਦ ਉਹ ਮੁੜ ਲੱਭਾ ਨਹੀਂ । ਕੰਮ ਨਹੀਂ ਤੇ ਤਨਖ਼ਾਹ ਨਹੀਂ ਫਾਰਮੂਲਾ ਇਨ੍ਹਾਂ ਤੇ ਵੀ ਲਾਇਆ ਜਾਵੇ ਤੇ ਗ਼ੈਰ ਹਾਜ਼ਰ ਵਾਲਿਆਂ ਵਿਰੁੱਧ ਸਰਕਾਰੀ ਕਰਮਚਾਰੀਆ ਵਾਂਗ ਕਾਨੂੰਨੀ ਕਾਰਵਾਈ ਕੀਤੀ ਜਾਵੇ। ਹਰ ਹਲਕੇ ਦਾ ਦਫ਼ਤਰ ਉਸ ਇਲਾਕੇ ਵਿਚ ਬਣਾਇਆ ਜਾਵੇ ਜਿਵੇਂ ਅਜਨਾਲਾ ਹਲਕੇ ਦਾ ਅਜਨਾਲਾ ਵਿੱਚ, ਰਾਜਾਸਾਂਸੀ ਦਾ ਰਾਜਾਸਾਂਸੀ ਵਿੱਚ, ਬਿਆਸ ਦਾ ਬਿਆਸ ਵਿੱਚ ਆਦਿ।

ਕਨੇਡਾ ਵਿਚ ਵਿਧਾਇਕ ਨੂੰ ਦਸ ਹਜ਼ਾਰ ਡਾਲਰ ਤੋਂ ਵੱਧ ਕਿਸੇ ਕਾਰੋਬਾਰ 'ਤੇ ਲਾਉਣ 'ਤੇ ਸਰਕਾਰ ਨੂੰ ਦਸਣਾ ਪੈਂਦਾ ਹੈ। ਸਾਡੇ ਵੀ ਅਜਿਹਾ ਚਾਹੀਦਾ ਹੈ ।ਇਸ ਨਾਲ ਨਜਇਜ਼ ਕਾਰੋਬਾਰ 'ਤੇ ਰੋਕ ਲਗੇਗੀ। ਪੰਜਾਬ ਪਿਛਲੇ ਕਈ ਸਾਲਾਂ ਤੋਂ ਆਰਥਕ ਸੰਕਟ ਵਿੱਚੋਂ ਗੁਜਰ ਰਿਹਾ ਹੈ। ਭਾਵੇਂ ਸਰਕਾਰਾਂ ਪੰਜਾਬ ਦਾ ਖ਼ਜ਼ਾਨਾ ਖਾਲੀ ਹੋਣ ਦੀ ਦੁਹਾਈ ਦਿੰਦੀਆਂ ਆ ਰਹੀਆਂ ਹਨ ਪਰ ਪੰਜਾਬ ਦੇ ਮੁੱਖ ਮੰਤਰੀ ਹੁੰਦਿਆਂ ਸ.ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਸਾਲ 2014 ਤੋਂ ਸਾਲ 2021 ਤਕ ਅੱਠ ਸਾਲਾਂ ਵਿਚ 22 ਕਰੋੜ 73 ਲੱਖ 99 ਹਜ਼ਾਰ 473 ਰੁਪਏ ਤੋਂ ਜ਼ਿਆਦਾ ਦੀ ਰਕਮ ਆਉਣ-ਜਾਣ ਲਈ ਵਰਤੋਂ ਵਿਚ ਲਿਆਂਦੇ ਹੈਲੀਕਾਪਟਰਾਂ 'ਤੇ ਖਰਚ ਕੀਤੀ। ਪੰਜਾਬ ਛੋਟਾ ਜਿਹਾ ਸੂਬਾ ਹੈ।

ਕਾਰਾਂ ਦੀ ਵਰਤੋਂ ਨਾਲ ਵੀ ਕੰਮ ਸਾਰਿਆ ਜਾ ਸਕਦਾ ਹੈ ਤੇ ਅਜਿਹੇ ਖ਼ਰਚਿਆਂ ਤੋਂ ਬਚਿਆ ਜਾ ਸਕਦਾ ਹੈ। ਮੌਜੂਦਾ ਮੁੱਖ ਮੰਤਰੀ ਵੀ ਹੈਲੀਕਾਪਟਰ ਦੀ ਵਰਤੋਂ ਕਰਨ ਵਿਚ ਵੀ ਪਿੱਛੇ ਨਹੀਂ। ਉਨ੍ਹਾਂ ਨੂੰ ਵੀ ਕਨੇਡਾ ਵਰਗੇ ਅਗਾਂਹ ਵਧੂ ਦੇਸ਼ ਤੋਂ ਸੇਧ ਲੈ ਕੇ ਆਪਣੇ ਕੰਮ ਕਾਜ਼ ਵਿਚ ਤਬਦੀਲੀ ਲਿਆਉਣੀਂ ਚਾਹੀਦੀ ਹੈ ਤਾਂ ਜੋ ਲੋਕਾਂ ਤੋਂ ਟੈਕਸਾਂ ਦੁਆਰਾ ਇਕੱਠਾ ਪੈਸਾ ਲੋਕ ਭਲਾਈ ਲਈ ਖ਼ਰਚ ਕੀਤਾ ਜਾ ਸਕੇ।

## ਪੁਸਤਕ ਸਮੀਖਿਆ





**ਆਓ ਸਕੂਲ ਚਲੀਏ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਕਵੀ: ਹੀਰਾ ਸਿੰਘ ਤੂਤ**
**ਪ੍ਰਕਾਸ਼ਕ: ਯੂਨੀਮੈਕਸ ਪਬਲੀਕੇਸ਼ਨਜ਼ ਜਲੰਧਰ, ਪੰਨੇ: 20, ਮੁੱਲ: 105/-**

ਹੀਰਾ ਸਿੰਘ ਤੂਤ ਕਾਵਿ ਜਗਤ ਵਿਚ ਕਾਫੀ ਲੰਬੇ ਸਮੇਂ ਤੋਂ ਸਰਗਰਮ ਹੈ। ਉਹ ਪ੍ਰੋੜਾਂ ਵਾਸਤੇ ਅੱਧੀ ਦਰਜਨ ਦੇ ਕਰੀਬ ਪੁਸਤਕਾਂ ਦੀ ਸਿਰਜਣਾ ਕਰ ਚੁੱਕਾ ਹੈ।ਇਕ ਸਫ਼ਲ ਅਧਿਆਪਕ ਹੋਣ ਕਰਕੇ ਜਗਤਾਰ ਸਿੰਘ ਸੋਖੀ ਅਤੇ ਡਾ. ਪਰਮਜੀਤ ਸਿੰਘ ਕਲਸੀ ਵਰਗਿਆਂ ਦੀ ਪ੍ਰੇਰਨਾ ਨਾਲ ਬਾਲਾਂ ਲਈ ਵੀ ਕਵਿਤਾਵਾਂ ਲਿਖ ਰਿਹਾ ਹੈ।ਹੁਣ ਉਸਦਾ ਕਾਰਜ ਖੇਤਰ ਬਾਲ ਸਾਹਿਤ ਹੀ ਬਣਦਾ ਜਾ ਰਿਹਾ ਹੈ।ਇਸ ਵਾਸਤੇ ਆਪਣੀ ਰਚਨਾ ਦੀ ਵੰਨ-ਸੁਵੰਨਤਾ ਬਾਰੇ ਚਿੰਤਨ ਕਰਦਾ ਰਹਿੰਦਾ ਹੈ।

'ਤਾਰੇ ਅੰਬਰਾਂ ਦੇ' ਅਤੇ'ਟਿਮ ਟਿਮ ਤਾਰੇ' ਉਸਦੇ ਦੋ ਬਾਲ ਕਾਵਿ ਸੰਗ੍ਰਹਿ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੇ ਹਨ।ਹੱਥਲੀ ਪੁਸਤਕ 'ਆਓ ਸਕੂਲ ਚਲੀਏ' ਵਿਚ ਉਸਨੇ ਆਪਣੇ ਚੌਦਾਂ ਰੌਚਕ ਗੀਤ ਦਰਜ ਕੀਤੇ ਹਨ। ਪੁਸਤਕ ਦੇ ਵੰਨ ਸੁਵੰਨੇ ਰੰਗੀਨ ਚਿੱਤਰ ਬਾਲ ਮਨਾਂ ਤੇ ਡੂੰਘੀ ਛਾਪ ਲਾਉਂਦੇ ਹਨ।ਕਵਿਤਾਵਾਂ ਵਿਚ ਬੜੀ ਰਵਾਨੀ ਹੈ। ਇਹਨਾਂ ਦੇ ਵਿਸ਼ੇ ਬਾਲ ਜੀਵਨ ਨਾਲ ਸੰਬੰਧਤ ਹਨ। ਕਿਤਾਬਾਂ, ਕਬੱਡੀ, ਪਾਣੀ ਅਧਿਆਪਕ, ਰੁੱਖ ਅਤੇ ਪੰਜਾਬੀ ਬੋਲੀ ਆਦਿ ਕਵਿਤਾਵਾਂ ਬਾਲ ਮਨ ਅੰਦਰ ਨਵੀਆਂ ਤਰੰਗਾਂ ਛੇੜਦੀਆਂ ਹਨ।ਇਹਨਾਂ ਵਿਚ ਵਰਤਿਆ ਗਿਆ ਸ਼ਬਦ ਭੰਡਾਰ ਵੀ ਉਹਨਾਂ ਦੀ ਮਾਨਸਿਕਤਾ ਅਨੁਸਾਰ ਹੈ। ਇਹ ਪੁਸਤਕ ਪ੍ਰਾਇਮਰੀ ਪੱਧਰ ਦੇ ਵਿਦਿਆਰਥੀਆਂ ਅੰਦਰ ਸਾਹਿਤਕ ਰੁਚੀਆਂ ਪ੍ਰਫੁੱਲਤ ਕਰਨ ਵਾਲੀ ਹੈ।'ਆਓ ਸਕੂਲ ਚਲੀਏ' ਨਾਮ ਦੀ ਪੁਸਤਕ ਕੁਝ ਸਮਾਂ ਪਹਿਲਾਂ ਕਰਮਜੀਤ ਸਿੰਘ ਗਰੇਵਾਲ ਦੀ ਛਪ ਚੁੱਕੀ ਹੈ।ਕਵੀ ਕੋਲ ਆਪਣੀਆਂ ਕੋਮਲ ਰਚਨਾਵਾਂ ਰਾਹੀਂ ਬਾਲ ਮਨਾਂ ਅੰਦਰ ਘਰ ਬਨਾਉਣ ਦੀ ਸਮਰੱਥਾ ਹੈ।

**ਸਵੈ ਭਰੋਸਾ ਤੇ ਉੱਚ ਮਕਸਦ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਕ: ਪ੍ਰੇਮ ਸਾਹਿਲ**
**ਪ੍ਰਕਾਸ਼ਕ:ਚੇਤਨਾ ਪ੍ਰਕਾਸ਼ਨ ਲੁਧਿਆਣਾ, ਪੰਨੇ:100, ਮੁੱਲ:150**




ਪ੍ਰੇਮ ਸਾਹਿਲ ਨੇ ਪੰਜਾਬੀ ਹਿੰਦੀ ਸ਼ਾਇਰੀ ਜਗਤ ਵਿਚ ਬਰਾਬਰੀ ਦਾ ਆਲਮ ਸਿਰਜਿਆ ਹੈ।ਉਹ ਉਤਰਾਖੰਡ ਦੇ ਸ਼ਹਿਰ ਦੇਹਰਾਦੂਨ ਵਿਚ ਅਧਿਆਪਨ ਦੇ ਕਿੱਤੇ ਤੋਂ ਸੇਵਾ ਮੁਕਤ ਹੋ ਕੇ ਇਸ ਖੇਤਰ ਵਿਚ ਹੋਰ ਸਰਗਰਮ ਹੋ ਗਿਆ ਹੈ।ਅਜ ਤਕ ਉਸਨੇ ਇਕ ਦਰਜਨ ਪੁਸਤਕਾਂ ਦਾ ਯੋਗਦਾਨ ਪੰਜਾਬੀ ਤੇ ਹਿੰਦੀ ਭਸ਼ਾਵਾਂ ਵਿਚ ਪਾਇਆ ਹੈ।ਜੀਵਨ ਦੇ ਗਹਿਰੇ ਤਜਰਬਿਆਂ ਨਾਲ ਉਹ ਨੱਕੋ ਨੱਕ ਭਰਿਆ ਹੋਇਆ ਹੈ।ਅਸਲ ਵਿਚ ਹੱਥਲੀ ਪੁਸਤਕ 'ਸਵੈ ਭਰੋਸਾ ਤੇ ਉਚ ਮਕਸਦ' ਇਸ ਗੱਲ ਦਾ ਸਬੂਤ ਹੈ। ਉਹ ਕਵੀ ਹੁੰਦਿਆ ਹੋਇਆਂ ਵਾਰਤਕ ਵੀ ਉਚ ਪਾਏ ਦੀ ਰਚਦੇ ਹਨ। ਉਹ ਕਵਿਤਾ ਵਾਂਗ ਵਾਰਤਕ ਵੀ ਉਚ ਪਾਏ ਦੀ ਰਚਦੇ ਹਨ।ਇਹ ਵਾਰਤਕ ਪੁਸਤਕ ਨਵੀਂ ਪਨੀਰੀ ਨੂੰ ਆਪਣੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਦਾ ਗਿਆਨ ਕਰਵਾਉਂਦੀ ਹੈ।

ਪੁਸਤਕ 'ਸਵੈ ਭਰੋਸਾ ਤੇ ਉਚ ਮਕਸਦ' ਵਿਚ 17 ਲੇਖ ਦੋ ਰੇਖਾ ਚਿੱਤਰ ਅਤੇ ਇਕ ਮੁਲਾਕਾਤ ਦਰਜ ਕੀਤੀ ਗਈ ਹੈ। ਇਹ ਸਭ ਲੇਖ ਸਾਡੇ ਜੀਵਨ ਦੀਆਂ ਊਣਤਾਈਆਂ ਨੂੰ ਘਟਾਉਣਾ ਅਤੇ ਖੁਸ਼ੀਆਂ ਨੂੰ ਵਧਾਉਣ ਵਾਲੇ ਹਨ।ਜੀਵਨ ਵਿਚ ਕਿਉਂ ਆਏ ਹਾਂ। ਅਤੇ ਇਸਦਾ ਮਕਸਦ ਕੀ ਹੈ? ਇਸ ਸਮਾਜ ਤੇ ਸੰਸਾਰ ਨੂੰ ਕਿਵੇਂ ਸੋਹਣਾ ਬਣਾਇਆ ਜਾ ਸਕਦਾ ਹੈ। ਪਰਿਵਾਰਕ ਜੀਵਨ ਵਿਚ ਖੁਸ਼ੀਆਂ ਕਿਵੇਂ ਭਰੀਆਂ ਜਾ ਸਕਦੀਆਂ ਹਨ।ਬੱਚਿਆਂ ਨੂੰ ਆਦਰਸ਼ ਨਾਗਰਿਕ ਕਿਵੇਂ ਬਣਾਇਆ ਜਾ ਸਕਦਾ ਹੈ।ਇਕ ਸਾਹਿਤਕਾਰ ਦਾ ਜੀਵਨ ਕਿਹੋ ਜਿਹਾ ਹੁੰਦਾ ਹੈ ?ਅਜਿਹੇ ਕੁੱਝ ਸਵਾਲਾਂ ਦਾ ਇਹ ਪੁਸਤਕ ਭਲੀ ਭਾਂਤ ਨਿਬੇੜਾ ਕਰਦੀ ਹੈ।ਇਹ ਸਭ ਲੇਖ ਸਾਡੇ ਅੰਦਰ ਇਕ ਨਵੀਂ ਤੇ ਨਰੋਈ ਊਰਜਾ ਭਰਦੇ ਹਨ। ਇਹ ਉਹ ਊਰਜਾ ਹੈ ਜਿਸ ਨਾਲ ਸਿਰਫ ਸਾਡਾ ਜੀਵਨ ਹੀ ਸੁਖਾਲਾ ਨਹੀਂ ਬਣਦਾ ਸਗੋਂ ਆਲੇ ਦੁਆਲੇ ਦਾ ਵਾਤਾਵਰਨ ਵੀ ਸਾਜ਼ਗਾਰ ਬਣ ਜਾਂਦਾ ਹੈ। ਇਸ ਮਕਸਦ ਦੀ ਪੂਰਤੀ ਲਈ ਸਾਨੂੰ ਹਊਮੈ ਨੂੰ ਮਾਰਨਾ ਪੈਂਦਾ ਹੈ ਅਤੇ ਕਿਰਤ ਦਾ ਲੜ ਫੜਨਾ ਪੈਂਦਾ ਹੈ।ਪੁਸਤਕ ਦਾ ਖਾਸ ਲੇਖ ਭੋਜ ਪੱਤਰ ਬਾਰੇ ਹੋ ਜੋ ਬੜਾ ਗਹਿਰਾ ਗਿਆਨ ਪ੍ਰਦਾਨ ਕਰਦਾ ਹੋਇਆ ਇਸ ਪੱਤਰ ਦੇ ਇਤਿਹਾਸ ਅਤੇ ਮਹੱਤਤਾ ਰੌਸ਼ਨੀ ਪਾਉਂਦਾ ਹੈ। ਸਮੇਂ ਸਮੇਂ ਤੇ ਅਖਬਾਰਾਂ ਰਸਾਲਿਆਂ ਵਿਚ ਛਪੇ ਇਹ ਲੇਖ ਨਵੀਂ ਪਨੀਰੀ ਲਈ ਚੰਗੇਰੇ ਜੀਵਨ ਦੇ ਦਰ ਦਰਵਾਜੇ ਖੋਲ੍ਹਦੇ ਹਨ।ਲੇਖਕ ਕੋਲ ਕਈ ਭਸ਼ਾਵਾਂ ਦਾ ਗਿਆਨ ਅਤੇ ਮਨੋਵਿਗਆਨ ਦਾ ਅਨੁਭਵ ਹੈ। ਇਸ ਨਾਲ ਹਰ ਬੱਚੇ ਔਰਤ ਅਤੇ ਮਰਦ ਦੀ ਮਾਨਸਿਕਤਾ ਦਾ ਵਿਸ਼ਲੇਸ਼ਣ ਕਰਦਾ ਹੋਇਆ ਆਪਣੀ ਪੁਖਤਾ ਰਾਇ ਪੇਸ਼ ਕਰਦਾ ਹੈ।ਇਸ ਸੰਗ੍ਰਹਿ ਦਾ ਪਾਠ ਕਰਦਿਆਂ ਵਾਰਤਕ ਵਿਚੋਂ ਕਵਿਤਾ ਵਰਗਾ ਰਸ ਅਤੇ ਕਹਾਣੀ ਵਰਗਾ ਆਨੰਦ ਮਿਲਦਾ ਹੈ। ਗੁਰਦੀਪ ਸਿੰਘ ਅਤੇ ਹਰਜੀਤ ਸਿੰਘ ਦੇ ਰੇਖਾ ਚਿੱਤਰ ਅਤੇ ਡਾ. ਧਰਮਪਾਲ ਸਾਹਿਲ ਵਲੋਂ ਲੇਖਕ ਨਾਲ ਕੀਤੀ ਮੁਲਾਕਾਤ ਪੁਸਤਕ ਦੀ ਰੌਚਕਤਾ ਵਿਚ ਵਾਧਾ ਕਰਦੇ ਹਨ।ਇਹ ਪੁਸਤਕ ਨਵੀਂ ਪਨੀਰੀ ਲਈ ਇਕ ਗਾਈਡ ਦਾ ਕੰਮ ਦੇਣ ਦੇ ਸਮਰੱਥ ਹੈ।

## 30 ਅਕਤੂਬਰ ਜੋਤੀ ਜੋਤ ਦਿਵਸ

# ਸ੍ਰੀ ਗੁਰੂ ਹਰਿ ਰਾਇ ਜੀ

ਸਿੱਖ ਧਰਮ ਬਾਕੀ ਧਰਮਾਂ ਨਾਲੋਂ ਉਮਰ ਵਿੱਚ ਬੇਸ਼ੱਕ ਕੁੱਝ ਛੁਟੇਰਾ ਹੈ, ਪਰ ਇਸ ਦੇ ਪੈਗੰਬਰਾਂ/ਗੁਰੂਆਂ ਵੱਲੋਂ ਮਨੁੱਖੀ ਆਤਮਾ ਦੇ ਵਿਕਾਸ ਹਿੱਤ ਜੋ ਫਿਲਾਸਫੀ ਦਿੱਤੀ ਗਈ ਹੈ, ਉਹ ਸਰਲਤਾ, ਸਹਿਜਤਾ ਅਤੇ ਸਮਾਜਿਕਤਾ ਦੇ ਕਾਫੀ ਨੇੜੇ ਹੈ। ਸਿੱਖੀ ਅਸਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪ੍ਰਚਾਰੀ ਅਤੇ ਪ੍ਰਸਾਰੀ ਇੱਕ ਅਜਿਹੀ ਜੀਵਨ ਜਾਂਚ ਹੈ, ਜਿਸ ਨੂੰ ਅਪਣਾ ਕੇ ਕੋਈ ਵੀ ਵਿਅਕਤੀ ਜਿੱਥੇ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਸਫਲਤਾ ਪੂਰਵਕ ਨਿਭਾਅ ਸਕਦਾ ਹੈ, ਉੱਥੇ ਪਰਮ ਪਿਤਾ ਦੀ ਨੇੜ੍ਹਤਾ ਦਾ ਨਿੱਘ ਵੀ ਮਾਣ ਸਕਦਾ ਹੈ। ਗੁਰੂ ਸਾਹਿਬਾਨ ਨੇ ਇੱਕ ਅਜਿਹੀ ਉੱਚੀ ਤੇ ਸੁੱਚੀ ਵਿਚਾਰਧਾਰਾ ਮਨੁੱਖਤਾ ਨੂੰ ਬਖਸ਼ੀ ਹੈ, ਜੋ ਧਰਮ ਦੇ ਪਿੜ ਵਿਚਲੇ ਕਰਮਕਾਂਡੀ ਵਿਵਹਾਰ ਨੂੰ ਰੱਦ ਕਰਕੇ ਨਿਰੋਲ ਪ੍ਰੇਮ ਪੂਰਵਕ ਵਿਧਾਨ ਦਾ ਪੱਖ

ਰਮੇਸ਼ ਬੱਗਾ ਚੋਹਲਾ
91-94631-32719

ਪੂਰਦੀ ਹੈ। ਇਸ ਵਿਧਾਨ ਦੀ ਪੁਸ਼ਟੀ ਜਿੱਥੇ ਦਸ ਪਾਤਸ਼ਾਹੀਆਂ ਨੇ ਆਪੋ-ਆਪਣੇ ਸਮਿਆਂ ਵਿੱਚ ਕੀਤੀ ਹੈ, ਉੱਥੇ ਉਨ੍ਹਾਂ ਭਗਤਾਂ, ਭੱਟਾਂ ਅਤੇ ਗੁਰੂ ਘਰ ਦੇ ਨਿਕਟਵਰਤੀਆਂ ਦਾ ਵੀ ਰੱਜਵਾਂ ਸਤਿਕਾਰ ਕੀਤਾ ਹੈ, ਜਿਨ੍ਹਾਂ ਦੀ ਅਧਿਆਤਮਕ ਸੋਚ ਇਸ ਵਿਧਾਨ ਦੇ ਨੇੜੇ ਲੱਗਦੀ ਸੀ। ਦਸ ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਢੰਗ ਤਰੀਕਿਆਂ ਨਾਲ ਜਿੱਥੇ ਭਾਓ-ਭਗਤੀ ਦੇ ਵਿਧਾਨ ਨੂੰ ਸਾਰਥਿਕਤਾ ਪ੍ਰਦਾਨ ਕੀਤੀ ਹੈ, ਉੱਥੇ ਮਨੁੱਖੀ ਕਦਰਾਂ-ਕੀਮਤਾਂ ਦੀ ਵੀ ਡੱਟ ਕੇ ਪਹਿਰੇਦਾਰੀ ਕੀਤੀ ਹੈ। ਇਸ ਪਹਿਰੇਦਾਰੀ ਲਈ ਸੱਤਵੇਂ ਨਾਨਕ ਸਾਹਿਬ ਸ੍ਰੀ ਗੁਰੂ ਹਰਿਰਾਏ ਜੀ ਦਾ ਨਾਮ ਵੀ ਧੰਨਤਾ ਦੇ ਯੋਗ ਹੈ।

ਗੁਰੂ ਨਾਨਕ ਪਾਤਸ਼ਾਹ ਦੀ ਸੱਤਵੀਂ ਜੋਤ ਸ੍ਰੀ ਹਰਿ ਰਾਏ ਸਾਹਿਬ ਜੀ ਦਾ ਜਨਮ 16 ਜਨਵਰੀ 1630 ਈ. ਨੂੰ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਵੱਡੇ ਫਰਜੰਦ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਦੀ ਕੁੱਖੋਂ ਕੀਰਤਪੁਰ ਸਾਹਿਬ (ਹੁਸ਼ਿਆਰਪੁਰ) ਵਿੱਚ ਹੋਇਆ। ਗੁਰੂ ਸਾਹਿਬ ਦੇ ਬਚਪਨ ਦਾ ਸਮਾਂ ਕੀਰਤਪੁਰ ਸਾਹਿਬ ਵਿਖੇ ਹੀ ਬੀਤਿਆ। ਜਦੋਂ ਆਪ 8 ਕੁ ਸਾਲ ਦੇ ਹੋਏ, ਆਪ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਗੁਰਪੁਰੀ ਪਿਆਨਾ ਕਰ ਗਏ। ਉਮਰ ਦੇ ਅਗਲੇਰੇ 10 ਸਾਲ ਆਪ ਜੀ ਨੇ ਆਪਣੇ ਦਾਦਾ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਦੀ ਨਜ਼ਰਸਾਨੀ ਹੇਠ ਬਤੀਤ ਕੀਤੇ। ਇਸ ਨਜ਼ਰਸਾਨੀ ਸਦਕਾ ਹੀ ਆਪ ਦੇ ਵਿਅਕਤੀਤਵ ਵਿੱਚ ਦਾਦਾ ਗੁਰੂ ਵਾਲੀਆਂ ਸਿਫਤਾਂ ਪ੍ਰਤੀਬਿੰਬ ਹੁੰਦੀਆਂ ਰਹੀਆਂ ਹਨ।

ਗੁਰੂ ਹਰਿਰਾਏ ਸਾਹਿਬ ਨੇ ਆਪਣੀ ਪ੍ਰਾਇਮਰੀ ਤਲੀਮ ਭਾਈ ਦਰਗਾਹ ਮੱਲ ਤੋਂ ਹਾਸਲ ਕੀਤੀ ਅਤੇ ਸ਼ਸਤਰ ਕਲਾ ਭਾਈ ਬਿਧੀ ਚੰਦ ਛੀਨਾ ਤੋਂ ਗ੍ਰਹਿਣ ਕੀਤੀ। ਆਪ ਜੀ ਦੀ ਵਿਸ਼ੇਸ਼ ਲਗਨ ਅਤੇ ਮਿਹਨਤ ਅਤੇ ਉਸਤਾਦਾਂ ਦੀ ਸੰਜੀਦਗੀ ਕਰਨ ਤੇ ਆਪ 13-14 ਸਾਲ ਦੀ ਉਮਰ ਤੱਕ ਸ਼ਸ਼ਤਰ ਅਤੇ ਸ਼ਾਸਤਰ ਸਿੱਖਿਆ ਵਿੱਚ ਬਰਾਬਰਤਾ ਨਾਲ ਮੁਹਾਰਤ ਪ੍ਰਾਪਤ ਕਰ ਗਏ। ਆਪ ਜੀ ਦੇ ਉਸਤਾਦਾਂ ਵਿੱਚ ਪੁਰੋਹਿਤ ਜਾਤੀ ਮੱਲ ਦਾ ਨਾਮ ਵੀ ਜ਼ਿਕਰਯੋਗ ਹੈ।

ਸੱਤਵੇਂ ਪਾਤਸ਼ਾਹ ਜਿੱਥੇ ਗਿਆਨਵਾਨ, ਮਿੱਠੇ ਅਤੇ ਨਿੱਘੜੇ ਸੁਭਾਅ ਦੇ ਮਾਲਕ ਸਨ, ਉੱਥੇ ਉਨ੍ਹਾਂ ਦਾ ਹਿਰਦਾ ਵੀ ਬੜਾ ਕੋਮਲ ਅਤੇ ਤਰਸੀਲਾ ਸੀ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਇੱਕ ਵਾਰੀ ਕਰਤਾਰਪੁਰ ਦੇ ਬਾਗ ਵਿੱਚ ਸੈਰ ਕਰ ਰਹੇ ਸਨ, ਉਸ ਸਮੇਂ ਹਵਾ ਬੜੀ ਤੇਜੀ ਨਾਲ ਵੱਗ ਰਹੀ ਸੀ। ਹਵਾ ਦੇ ਕਾਰਨ ਆਪ ਜੀ ਦਾ ਜਾਮਾ ਕੁੱਝ ਬੂਟਿਆਂ ਨਾਲ ਉਲਝ ਗਿਆ। ਇਸ ਉਲਝਣ ਸਦਕਾ ਕੁੱਝ ਫੁੱਲ ਟਹਿਣੀ ਨਾਲੋਂ ਟੁੱਟ ਕੇ ਹੇਠਾਂ ਡਿੱਗ ਪਏ। ਟੁੱਟੇ ਫੁੱਲਾਂ ਨੂੰ ਦੇਖ ਕੇ ਗੁਰੂ ਸਾਹਿਬ ਦੇ ਕੋਮਲ ਹਿਰਦੇ ਨੂੰ ਬਹੁਤ ਠੇਸ ਪਹੁੰਚੀ। ਇੰਨੇ ਚਿਰ ਵਿੱਚ ਸ੍ਰੀ ਹਰਗੋਬਿੰਦ ਜੀ ਕੋਲ ਆਏ ਅਤੇ ਉਦਾਸੀ ਦਾ ਕਾਰਨ ਪੁੱਛਿਆ। ਆਪ ਜੀ ਨੇ ਕਿਹਾ ਕਿ ਸੱਚੇ ਪਾਤਸ਼ਾਹ ਮੇਰੇ ਖੁੱਲ੍ਹੇ ਜਾਮੇ ਨਾਲ ਅੜ੍ਹ ਕੇ ਇਹ ਵਿਚਾਰੇ ਨਿਰਦੋਸ਼ ਫੁੱਲ ਹੇਠਾਂ ਡਿੱਗ ਪਏ ਹਨ। ਇਸ ਮੌਕੇ 'ਤੇ ਛੇਵੇਂ ਪਾਤਸ਼ਾਹ ਨੇ ਇੱਕ ਉਪਦੇਸ਼ਮਈ ਜਵਾਬ ਦਿੰਦਿਆਂ ਕਿਹਾ ਕਿ ਜੇ ਜਾਮਾ ਵੱਡਾ ਪਹਿਨੀਏ ਤਾਂ ਸੰਭਲ ਕੇ ਤੁਰਨਾ ਚਾਹੀਦਾ ਹੈ। ਉਪਦੇਸ਼ ਬੜਾ ਸਪੱਸ਼ਟ ਸੀ ਕਿ ਜੇ ਜ਼ਿੰਮੇਵਾਰੀ ਵੱਡੀ ਚੁੱਕ ਲਈਏ ਤਾਂ ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਇਹ ਤਾਕਤ ਨਿਆਸਰਿਆਂ ਦਾ ਆਸਰਾ ਬਣਨੀ ਚਾਹੀਦੀ ਹੈ। ਸ੍ਰੀ ਗੁਰੂ ਹਰਿਰਾਏ ਜੀ ਨੇ ਆਪਣੇ ਦਾਦਾ ਗੁਰੂ ਜੀ ਦੇ ਉਪਦੇਸ਼ ਨੂੰ ਘੁੱਟ ਕੇ ਪੱਲ੍ਹੇ ਨਾਲ ਬੰਨ੍ਹ ਲਿਆ। ਸਾਰੀ ਹਯਾਤੀ ਇਸ ਉਪਦੇਸ਼ ਦੀ ਕਮਾਈ ਕੀਤੀ ਅਤੇ ਤਾਣ ਹੁੰਦਿਆਂ ਵੀ ਨਿਤਾਣੇ ਬਣੇ ਰਹੇ। ਗੁਰੂ ਸਾਹਿਬ ਸ਼ੇਖ ਫਰੀਦ ਜੀ ਦੇ ਇਹ ਬਚਨ ਬੜੇ ਪ੍ਰੇਮ ਨਾਲ ਉਚਾਰਿਆ ਕਰਦੇ ਸਨ :-

ਸਭਨਾ ਮਨ ਮਾਣਿਕ
ਠਾਹੁਣ ਮੂਲ ਮਚਾਂਗਣਾ॥
ਜੇ ਤਉ ਪਿਰੀਆ ਦੀ ਸਿੱਕ ਹਿਆਉ ਨਾ ਠਾਹੇ ਕਹੀਦਾ॥

ਇਸ ਤੋਂ ਇਲਾਵਾ ਉਹ ਸ਼ਬਦ 'ਪਾਤੀ ਤੈਰੋ ਮਾਲਿਨੀ ਪਾਤੀ ਪਾਤੀ ਜੀਓ' ਵੀ ਬੜੇ ਵਿਸਮਾਦ ਵਿੱਚ ਗਾਇਆ ਕਰਦੇ ਸਨ।

ਸ੍ਰੀ ਗੁਰੂ ਹਰਿ ਰਾਏ ਸਾਹਿਬ ਦੀ ਸ਼ਾਦੀ ਅਨੂਪ ਸ਼ਹਿਰ (ਯੂ.ਪੀ.) ਦੇ ਵਸਨੀਕ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਜੀ ਨਾਲ ਹੋਈ।ਆਪ ਜੀ ਦੇ ਘਰ ਦੋ ਸਪੁੱਤਰ ਸ੍ਰੀ ਰਾਮ ਰਾਏ ਅਤੇ ਸ੍ਰੀ ਹਰਿਕ੍ਰਿਸ਼ਨ ਜੀ ਪੈਦਾ ਹੋਏ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ 3 ਮਾਰਚ 1644 ਈ. ਨੂੰ ਐਤਵਾਰ ਵਾਲੇ ਦਿਨ ਜੋਤੀ ਜੋਤ ਸਮਾ ਗਏ ਸਨ। ਉਸ


ਗੁਰੂ ਹਰਿ ਰਾਏ ਜੀ
(1630-1661)

ਤੋਂ ਪੰਜ ਦਿਨ ਬਾਅਦ 8 ਮਾਰਚ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਭਾਨਾ (ਸਪੁੱਤਰ ਬਾਬਾ ਬੁੱਢਾ ਸਾਹਿਬ) ਜੀ ਨੇ ਗੁਰੂ ਹਰਿ ਰਾਏ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ। ਸੱਤਵੇਂ ਨਾਨਕ ਸ੍ਰੀ ਹਰਿ ਰਾਏ ਨੇ ਆਪਣੇ ਦਾਦਾ ਗੁਰੂ ਵਾਂਗ ਸਿੱਖਾਂ ਵਿੱਚੋਂ ਬੀਰ ਰਸ ਨੂੰ ਮੱਧਮ ਨਹੀਂ ਪੈਣ ਦਿੱਤਾ।2000 ਤੋਂ ਵੀ ਵਧੇਰੇ ਸੈਨਿਕ ਜਿੱਥੇ ਯੁੱਧ ਕਲਾਵਾਂ ਦਾ ਅਕਸਰ ਅਭਿਆਸ ਕਰਦੇ ਰਹਿੰਦੇ ਸਨ, ਉੱਥੇ ਕਿਸੇ ਵੀ ਔਖੀ ਘੜੀ ਦਾ ਸਾਹਮਣਾ ਕਰਨ ਲਈ ਸਦਾ ਚੜ੍ਹਦੀ ਕਲਾ ਵਿੱਚ ਰਹਿੰਦੇ ਸਨ।

ਆਪ ਜੀ ਵੱਲੋਂ ਗੁਰੂ ਦੇ ਲੰਗਰ ਲਈ ਇੱਕ ਵਿਸ਼ੇਸ਼ ਹਦਾਇਤ ਸੀ ਕਿ ਭੁੱਖ ਦਾ ਕੋਈ ਸਮਾਂ ਨਹੀਂ ਹੁੰਦਾ, ਜਦੋਂ ਵੀ ਕੋਈ ਲੋੜਵੰਦ ਲੰਗਰ ਵਿੱਚ ਆ ਜਾਵੇ, ਉਸ ਨੂੰ ਪ੍ਰਸ਼ਾਦਾ ਪਾਣੀ ਤਿਆਰ ਕਰਕੇ ਛਕਾਇਆ ਜਾਵੇ। ਆਪ ਇੰਨੇ ਰਹਿਮ ਦਿਲ ਸਨ ਕਿ ਕਿਸੇ ਵੀ ਦੁੱਖੀ ਦੇ ਦੁੱਖ ਨੂੰ ਸਹਿਣ ਨਹੀਂ ਸਨ ਕਰ ਸਕਦੇ। ਇਸ ਲਈ ਰੋਗੀਆਂ ਨੂੰ ਨਿਰੋਗ ਕਰਨ ਲਈ ਉਨ੍ਹਾਂ ਨੇ ਇੱਕ ਦਵਾਖਾਨਾ ਵੀ ਖੋਲ੍ਹਿਆ ਹੋਇਆ ਸੀ। ਇਸ ਦਵਾਖਾਨੇ ਵਿੱਚੋਂ ਗਰੀਬਾਂ ਅਤੇ ਲੋੜਵੰਦਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਜਾਂਦੀਆਂ ਸਨ। ਮੁਗਲ ਬਾਦਸ਼ਾਹ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਵੀ ਉਨ੍ਹਾਂ ਵੱਲੋਂ ਦਿੱਤੀਆਂ ਦਵਾਈਆਂ ਦੀ ਬਦੌਲਤ ਹੀ ਸਿਹਤਯਾਬ ਹੋਇਆ ਸੀ। ਇੱਥੇ ਹੀ ਬੱਸ ਨਹੀਂ, ਲੋੜ ਪੈਣ 'ਤੇ ਗੁਰੂ ਸਾਹਿਬ ਨੇ ਦਾਰਾ ਸ਼ਿਕੋਹ ਦੀ ਮੱਦਦ ਵੀ ਕੀਤੀ। ਜਦੋਂ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਤਾਂ ਆਪ ਨੇ ਆਪਣੇ ਜੇਠੇ ਪੁੱਤਰ ਰਾਮਰਾਇ ਨੂੰ ਭੇਜ ਦਿੱਤਾ ਅਤੇ ਨਾਲ ਹੀ ਹਦਾਇਤ ਕੀਤੀ ਕਿ ਔਰੰਗਜ਼ੇਬ ਦੇ ਦਰਬਾਰ ਵਿੱਚ ਜਾ ਕੇ ਜੋ ਵੀ ਬਚਨ ਬਿਲਾਸ ਕਰਨੇ ਹਨ, ਉਹ ਗੁਰੂ ਨਾਨਕ ਪਾਤਸ਼ਾਹ ਦੇ ਆਸ਼ੇ ਦੇ ਅਨੁਸਾਰੀ ਹੋਣੇ ਚਾਹੀਦੇ ਹਨ, ਪਰ ਗੁਰੂ ਸਾਹਿਬ ਦੀ ਹਦਾਇਤ ਦੇ ਉਲਟ ਰਾਮ ਰਾਇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਹਿੱਤ ਰੱਬੀ ਬਾਣੀ ਵਿੱਚ ਹੇਰ-ਫੇਰ ਕਰਦਿਆਂ ਮਿੱਟੀ ਮੁਸਲਮਾਨ ਦੀ ਵਾਲੀ ਪੰਕਤੀ ਨੂੰ ਮਿੱਟੀ ਬੇਈਮਾਨ ਦੀ ਕਹਿ ਕੇ ਬਾਦਸ਼ਾਹ ਨੂੰ ਤਾਂ ਖੁਸ਼ ਕਰ ਲਿਆ ਪਰ ਗੁਰੂ ਨਾਨਕ ਦੇ ਘਰ ਨਾਲ ਸਦਾ ਵਾਸਤੇ ਨਰਾਜ਼ਗੀ ਮੁੱਲ ਲੈ ਲਈ।

ਗੁਰੂ ਹਰਿਰਾਏ ਸਾਹਿਬ ਨੂੰ ਰਾਮ ਰਾਇ ਦੀ ਇਸ ਕਾਰਵਾਈ ਨਾਲ ਬੜਾ ਦੁੱਖ ਹੋਇਆ ਅਤੇ ਉਨ੍ਹਾਂ ਨੇ ਫੈਸਲਾ ਕੀਤਾ ਕਿ ਉਹ ਸਾਰੀ ਉਮਰ ਉਸ ਨੂੰ ਮੂੰਹ ਨਹੀਂ ਲਗਾਉਣਗੇ। ਇਸੇ ਕਰਕੇ ਉਨ੍ਹਾਂ ਨੇ ਗੁਰਗੱਦੀ ਦਾ ਹੱਕਦਾਰ ਆਪਣੇ ਛੋਟੇ ਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਨੂੰ ਬਣਾਇਆ ਸੀ।

ਗੁਰੂ ਹਰਿਰਾਏ ਸਾਹਿਬ ਦਾ ਅਖਰੀਲਾ ਸਮਾਂ ਕੀਰਤਪੁਰ ਸਾਹਿਬ ਵਿੱਚ ਹੀ ਬੀਤਿਆ। 6 ਅਕਤੂਬਰ 1661 ਈ. (ਸੰਮਤ 1718) ਦਿਨ ਐਤਵਾਰ ਵਾਲੇ ਦਿਨ ਜੋਤੀ ਜੋਤ ਸਮਾ ਗਏ। ਆਪ ਜੀ ਦਾ ਅੰਤਿਮ ਸਸਕਾਰ ਸਤਿਲੁਜ ਦਰਿਆ ਦੇ ਕੰਢੇ ਪਾਤਾਲਪੁਰੀ ਵਿੱਚ ਕੀਤਾ ਗਿਆ।

# ਡਸਿਪਲਨ ਦੇ ਮਾਮਲੇ ਵਿੱਚ ਭਾਜਪਾ ਨਾਲੋਂ ਕਾਂਗਰਸ ਬਹੁਤ ਪਿੱਛੇ

ਸ੍ਰੀ ਨਵਜੋਤ ਸਿੰਘ ਸਿੱਧੂ ਦੁਆਰਾ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਦੇ ਔਹਦੇ ਤੋਂ ਅਸਤੀਫੇ ਬਾਅਦ ਨਵੇਂ ਬਣੇ ਮੁੱਖ ਮੰਤਰੀ ਸਰਦਾਰ ਚਰਨਜੀਤ ਸਿੰਘ ਚੰਨੀ ਉੱਤੇ ਲਗਾਤਾਰ ਕੀਤੇ ਜਾ ਰਹੇ ਹਨ ਹਮਲੇ। ਕਾਂਗਰਸ ਪਾਰਟੀ ਵਿੱਚ ਡਸਿਪਲਨ ਦੀ ਇਸ ਘਾਟ ਹੋਣ ਹੈ, ਪਾਰਟੀ ਨੂੰ ਇਸ ਦਾ ਬਹੁਤ ਵੱਡਾ ਨੁਕਸਾਨ ਉਠਾਉਣਾ ਪੈ ਸਕਦਾ ਹੈ।

24 ਅਕਤੂਬਰ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਸ਼੍ਰੀ ਨਵਜੋਤ ਸਿੰਘ ਸਿੱਧੂ ਨੇ" ਟਵੀਟ ਵਿੱਚ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਉਹ ਆਪਣੇ ਸਵਾਰਥੀ ਹਿੱਤਾਂ ਦੀ ਰਾਖੀ ਕਰਨ ਅਤੇ ਵਿਕਾਸ ਦੇ ਮਾਰਗ 'ਤੇ ਧਿਆਨ ਕੇਂਦਰਤ ਕਰਨ। ਉਨ੍ਹਾਂ ਕਿਹਾ, "ਧੁੰਦ ਸਾਫ਼ ਹੋ ਜਾਵੇ, ਹਕੀਕਤ ਸੂਰਜ ਵਾਂਗ ਚਮਕ ਜਾਵੇ, ਪੰਜਾਬ ਦੇ ਪੁਨਰ ਸੁਰਜੀਤੀ ਦੇ ਮਾਰਗ 'ਤੇ, ਉਨ੍ਹਾਂ ਲੋਕਾਂ ਤੋਂ ਦੂਰ ਰਹੋ ਜਿਹੜੇ ਆਪਣੇ ਸੁਆਰਥੀ ਹਿੱਤਾਂ ਦੀ ਰਾਖੀ ਕਰਦੇ ਹਨ ਅਤੇ ਸਿਰਫ ਉਸ ਮਾਰਗ' ਤੇ ਧਿਆਨ ਕੇਂਦ੍ਰਤ ਕਰਦੇ ਹਨ ਜੋ ਜਿਤੇਗਾ ਪੰਜਾਬ, ਜਿਤੇਗੀ ਪੰਜਾਬੀਅਤ ਅਤੇ ਜਿਤੇਗਾ ਹਰ ਪੰਜਾਬੀ ਦੀ ਅਗਵਾਈ ਕਰੇਗਾ।

ਰਿਪੋਰਟਾਂ ਅਨੁਸਾਰ ਨਵਜੋਤ ਸਿੰਘ ਸਿੱਧੂ ਅਤੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਿਚਾਲੇ ਮਤਭੇਦ ਵਧਦੇ ਜਾ ਰਹੇ ਹਨ, ਹਾਲਾਂਕਿ ਪਾਰਟੀ ਹਾਈਕਮਾਂਡ ਦੋਵਾਂ ਨੇਤਾਵਾਂ ਵਿਚਕਾਰ ਸ਼ਾਂਤੀ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬਾਈ ਲੀਡਰਸ਼ਿਪ ਵਿੱਚ ਤਬਦੀਲੀ ਦੇ ਬਾਵਜੂਦ, ਪੰਜਾਬ ਕਾਂਗਰਸ ਅਜੇ ਵੀ ਸਪੱਸ਼ਟ ਰੂਪ-ਰੇਖਾ ਬਣਾਉਣ ਲਈ ਸੰਘਰਸ਼ ਕਰ ਰਹੀ ਹੈ। 16 ਅਕਤੂਬਰ ਨੂੰ, ਸਿੱਧੂ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਇੱਕ ਪੱਤਰ ਭੇਜ ਕੇ 2022 ਦੇ ਚੋਣ ਮੈਨੀਫੈਸਟੋ ਵਿੱਚ ਆਪਣਾ 13-ਨੁਕਾਤੀ ਏਜੰਡਾ ਸ਼ਾਮਲ ਕਰਨ ਲਈ ਕਿਹਾ ਸੀ। ਦੂਜੇ ਪਾਸੇ ਚੰਨੀ ਨੇ ਕਥਿਤ ਤੌਰ 'ਤੇ ਅਸਤੀਫਾ ਦੇਣ ਦੀ ਪੇਸ਼ਕਸ਼ ਕੀਤੀ ਅਤੇ ਸਿੱਧੂ ਨੂੰ ਦੋ ਮਹੀਨਿਆਂ ਦੇ ਅੰਦਰ ਏਜੰਡਾ ਪੂਰਾ ਕਰਨ ਦੀ ਚੁਣੌਤੀ ਦਿੱਤੀ ਹੈ।

28 ਸਤੰਬਰ ਨੂੰ, ਨਵਜੋਤ ਸਿੰਘ ਸਿੱਧੂ ਨੇ ਪਾਰਟੀ ਦੀ ਪੰਜਾਬ ਇਕਾਈ ਵਿੱਚ ਪਰੇਸ਼ਾਨੀ ਦੇ ਬਾਅਦ ਪੰਜਾਬ ਕਾਂਗਰਸ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਕਈ ਦਿਨਾਂ ਦੀ ਪਾਰਟੀ ਲੀਡਰਸ਼ਿਪ ਨਾਲ ਮੀਟਿੰਗਾਂ ਤੋਂ ਬਾਅਦ, ਨਵਜੋਤ ਸਿੰਘ ਸਿੱਧੂ ਨੇ ਆਖਰਕਾਰ 15 ਅਕਤੂਬਰ ਨੂੰ ਆਪਣਾ ਅਸਤੀਫਾ ਵਾਪਸ ਲੈ ਲਿਆ।

ਸ਼੍ਰੀ ਨਵਜੋਤ ਸਿੰਘ ਸਿੱਧੂ ਦਾ ਸਾਬਕਾ ਮੁੱਖ ਮੰਤਰੀ


Thread

Navjot Singh Sidhu
@sherryontopp

Punjab must come back to its real issues that concern every punjabi and our future generations ... How will we counter the financial emergency that stares upon us ? I will stick to the real issues and not let them take a backseat ! 1/3

9:57 AM · Oct 24, 2021 · Twitter for iPhone

195 Retweets 20 Quote Tweets 1,963 Likes

Tweet your reply Reply

Er. Hardip Singh Chumber @hardipsingh4 · 34s
Replying to @sherryontopp
PERHAPS THIS PROGRAM IS TO DISTROY CONGRESS PARTY OF PUNJAB

Navjot Singh Sidhu @sherryontopp · 7h
Replying to @sherryontopp
The choice is clear between irreparable damage and the last chance for damage control ... Who will bring back state's resources to the state's coffers, instead of them going to private pockets ?? Who will lead the initiative for resurrection our great state to prosperity !! 2/3

Navjot Singh Sidhu @sherryontopp · 7h
Let the mist clear, reality shine like the sun upon the roadmap for revival of Punjab, shunning those who protect the selfish vested interests and focus only on the path that will lead to Jittega Punjab, Jittegi Punjabiyat and Jittega Har Punjabi !!! 3/3

ਸ਼੍ਰੀ ਅਮਰਿੰਦਰ ਸਿੰਘ ਦੇ ਨਾਲ ਲਗਾਤਾਰ ਖਿਚੋਤਾਣ ਬਣੀ ਰਹੀ। ਇਸ ਖਿਚੋਤਾਣ ਦਾ ਅੰਤ ਸ਼੍ਰੀ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਦੇ ਔਹਦੇ ਤੋਂ ਅਸਤੀਫਾ ਦੇਣ ਨਾ਼ਲ ਢਿਲਾ ਪਿਆ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਕਾਂਗਰਸ ਛੱਡਣ ਅਤੇ ਨਵੀਂ ਪਾਰਟੀ ਬਨਾਉਣ ਦੇ ਬਿਆਨ ਨੇ ਹੋਰ ਠੰਡਾ ਕਰ ਦਿਤਾ ਹੈ। ਕਾਂਗਰਸ ਪਾਰਟੀ ਦਾ ਇਹ ਇਤਿਹਾਸ ਰਿਹਾ ਹੈ ਕਿ ਇਸ ਪਾਰਟੀ ਵਿੱਚੋਂ ਬਾਹਰ ਜਾਣ ਵਾਲੇ ਕਈ ਕਦਾਵਰ ਨੇਤਾਵਾਂ ਨੇ ਆਪਣੀ ਪਾਰਟੀ ਬਣਾਈ ਅਤੇ ਕਾਮਯਾਬ ਪੀ ਹੋਏ ਜਿਹਨਾ ਵਿੱਚ ਅਹਿਮ ਨਾਂ ਤ੍ਰਿਣਮੂਲ ਕਾਂਗਰਸ ਦੇ ਮੁਖੀ ਦੀਦੀ ਮਮਤਾ ਬੈਨਰਜੀ ਅਤੇ ਮਹਾਰਾਸ਼ਟਰ ਦੇ ਵੱਡੇ ਨੇਤਾ ਸ਼੍ਰੀ ਸ਼ਰਦ ਯਾਦਵ ਜੀ ਵੀ ਹਨ।

ਜੇਕਰ ਕਾਂਗਰਸ ਪਾਰਟੀ ਅਤੇ ਭਾਜਪਾ ਦੀ ਰਾਜਨੀਤਿਕ ਪਾਰਟੀ ਦੇ ਅੰਦਰ ਡਸਿਪਲਨ ਦੀ ਗੱਲ ਕਰੀਏ ਤਾਂ ਇਸ ਮਾਮਲੇ ਵਿੱਚ ਭਾਜਪਾ ਦਾ ਡਸਿਪਲਨ ਅਤੇ ਨੇਤਾਵਾਂ ਵਿੱਚ ਪਾਰਟੀ ਪ੍ਰਤੀ ਵਫਾਦਾਰੀ ਅਤੇ ਸੋਭਰਤਾ ਅਧਿਕ ਮਜਬੂਤ ਨਜਰ ਆਉਂਦੀ ਹੈ ਜਿਸ ਦੇ ਬਹੁਤ ਸਾਰੇ ਕਾਰਨ ਹਨ।

ਇੱਕ ਸਮਾਂ ਸੀ ਜਦੋਂ ਸ਼੍ਰੀ ਮਾਨ ਅਟਲ ਬਿਹਾਰੀ ਵਾਜਪਾਈ ਅਤੇ ਸ਼੍ਰੀ ਲਾਲ ਕਿਸ਼ਨ ਅਡਵਾਨੀ ਦੀ ਜੋੜੀ ਦੀ ਤੂਤੀ ਬੋਲਦੀ ਸੀ ਅਤੇ ਅਟਲ ਬਿਹਾਰੀ ਵਾਜਪਾਈ ਦੇ ਅਧੀਨ 2002 ਤੋਂ 2004 ਤੱਕ ਭਾਰਤ ਦੇ 7 ਵੇਂ ਉਪ ਪ੍ਰਧਾਨ ਮੰਤਰੀ ਵਜੋਂ ਸੇਵਾ ਨਿਭਾਈ। ਅਡਵਾਨੀ ਭਾਰਤੀ ਜਨਤਾ ਪਾਰਟੀ ਦੇ ਸਹਿ-ਸੰਸਥਾਪਕਾਂ ਅਤੇ ਇੱਕ ਸੀਨੀਅਰ ਨੇਤਾ ਹਨ। ਉਸਨੇ 1998 ਤੋਂ 2004 ਤੱਕ ਭਾਜਪਾ ਦੀ ਅਗਵਾਈ ਵਾਲੀ ਰਾਸ਼ਟਰੀ ਜਮਹੂਰੀ ਗੱਠਜੋੜ ਸਰਕਾਰ ਵਿੱਚ ਗ੍ਰਹਿ ਮੰਤਰੀ ਵਜੋਂ ਵੀ ਸੇਵਾ ਨਿਭਾਈ। ਇਹ ਵੀ ਲਗ ਰਿਹਾ ਸੀ ਕਿ ਆਉਣ ਵਾਲੇ ਸਮੇਂ ਸ਼੍ਰੀ ਲਾਲ ਕਿਸ਼ਨ ਅਡਵਾਨੀ ਜੀ ਹੀ ਭਾਜਪਾ ਦੇ ਵਲੋਂ ਭਾਰਤ ਜੇ ਪ੍ਰਧਾਨ ਮੰਤਰੀ ਬਣ ਸਕਦੇ ਹਨ।

ਲੇਕਿਨ ਗੁਜਰਾਤ ਤੋਂ ਸ਼੍ਰੀ ਨਰਿੰਦਰ ਮੋਦੀ ਦਾ ਉੱਠਿਆ ਤੁਫਾਨ ਸ਼੍ਰੀ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਤੋਗੜੀਆ ਸਮੇਤ ਬਹੁਤ ਸਾਰੇ ਚਮਕ ਦਮਕ ਵਾਲੇ ਨੇਤਾਵਾਂ ਨੂੰ ਕਿਨਾਰੇ ਲਗਾ ਗਿਆ। ਆਖਰ 2014 ਵਿੱਚ ਸ਼੍ਰੀ ਨਰਿੰਦਰ ਮੋਦੀ ਭਾਰਤ ਦੇ ਪ੍ਰਧਾਨ ਮੰਤਰੀ ਬਣੇ। 2014 ਤੋਂ ਬਾਅਦ ਲਗਦਾ ਹੈ ਹਮੇਸ਼ਾ ਲਈ ਉਹਨਾ ਘਰ ਬੈਠਣ ਲਈ ਮਜਬੂਰ ਕਰ ਦਿਤਾ।


ਹਰਦੀਪ ਸਿੰਘ ਚੁੰਬਰ
+91-94636-01616

ਲ ਾ ਲ ਾ
ਕਿਸ਼ਨ ਅਡਵਾਨੀ ਜੀ ਦਾ ਬੀਜੇਪੀ ਦੀ ਕੇਂਦਰ ਵਿੱਚ ਸਰਕਾਰ ਬਨਾਉਣ ਦਾ ਸਭ ਨਾਲੋਂ ਅਹਿਮ ਰੋਲ ਰਿਹਾ ਹੈ। ਉਹਨਾ ਰਾਮ ਮੰਦਰ ਦਾ ਮੁੱਦਾ ਉਛਾਲ ਹਿੰਦੂ ਵੋਟ ਨੂੰ ਇੱਕਠਾ ਕਰਨ ਦਾ ਕੰਮ ਮੋਹਰੀ ਹੋਕੇ ਕੀਤਾ।

ਜਿਸ ਨਾਲ ਯੂਪੀ ਵਿੱਚ ਵੀ ਸਰਕਾਰ ਬਣੀ। ਇਸ ਵਿੱਚ ਉਸ ਸਮੇਂ ਦੇ ਨੇਤਾ ਸ਼੍ਰੀ ਅਟਲ ਬਿਹਾਰੀ ਜੀ ਦਾ ਵੀ ਬਹੁਤ ਵੱਡਾ ਯੋਗਦਾਨ ਸੀ। ਇਹ ਲੋਕ ਬਹੁਤ ਹੀ ਡਸਿਪਲਨ ਵਾਲੇ ਸੂਝਵਾਨ ਨੇਤਾ ਰਹੇ ਹਨ।

2014 ਵਿੱਚ ਸ਼੍ਰੀ ਲਾਲ ਕਿਸ਼ਨ ਅਡਵਾਨੀ ਜੀ ਰਾਜਨੀਤੀ ਵਿੱਚ ਲਗਭਗ ਜੀਰੋ ਹੋ ਚੁੱਕੇ ਸਨ।

ਮੀਡੀਆਂ ਵਿੱਚੋ ਵੀ ਲਗਭਗ ਖਤਮ ਕਰ ਦਿਤਾ ਗਿਆ ਸੀ। ਹਰ ਥਾਂ ਉੱਤੇ ਉਹਨਾ ਨੂੰ ਨਜ਼ਰ ਅੰਦਾਜ ਕੀਤਾ ਜਾਣ ਲਗਾ। ਲਾਲ ਕ੍ਰਿਸ਼ਨ ਅਡਵਾਨੀ ਭਾਰਤੀ ਸਿਆਸਤਦਾਨ ਹੈ ਜੋ ਮਾਰਗਦਰਸ਼ਕ ਮੰਡਲ ਦਾ ਮੈਂਬਰਾਨ ਵਿੱਚ ਸ਼ਾਮਲ ਕਰ ਦਿਤਾ। ਉਹ ਭਾਰਤ ਦੇ ਬਹੁਤ ਉੱਚ ਔਦਿਆਂ ਉੱਤੇ ਕੰਮ ਕਰ ਚੁੱਕੇ ਸਨ। ਇੱਕ ਦਮ ਉਹਨਾ ਨੂੰ ਮਾਰਗ ਦਰਸ਼ਕ ਮੰਡਲ ਵਿੱਚ ਪਾ ਦੇਣਾ ਅਤੇ ਉਹਨਾ ਦੁਆਰਾ ਇਸ ਨੂੰ ਸਵੀਕਾਰ ਕਰ ਲੈਣਾ ਸ਼ੌਖਾ ਕੰਮ ਨਹੀ ਸੀ, ਪਰ ਫਿਰ ਵੀ ਇਕ ਸੈਨਿਕ ਦੀ ਤਰਾਂ ਉਸ ਨੂੰ ਸਵਿਕਾਰ ਕਰ ਲੈਣਾ ਭਾਜਪਾ ਦੇ ਵਰਕਰਾਂ ਦੇ ਡਸਿਪਲਨ ਨੂੰ ਸਵਿਕਾਰ ਕਰਨਾ ਇਕ ਖਾਸ ਮਿਸਾਲ ਪੇਸ਼ ਕਰ ਜਾਂਦਾ ਹੈ।

ਇਸ ਦੀ ਕਾਂਗਰਸ ਪਾਰਟੀ ਵਿੱਚ ਬਹੁਤ ਵੱਡੀ ਘਾਟ ਦੇਖੀ ਜਾ ਸਕਦੀ ਹੈ, ਕੈਪਟਨ ਅਮਰਿੰਦਰ ਸਿੰਘ ਦੇ ਨਵੀ ਪਾਰਟੀ ਬਨਾਉਣ ਦੇ ਐਲਾਨ ਅਤੇ ਸ਼੍ਰੀ ਨਵਜੋਤ ਸਿੰਘ ਸਿੱਧੂ ਦੁਆਰਾ ਅਮਰਿੰਦਰ ਸਿੰਘ ਦੇ ਅਸਤੀਫੇ ਬਾਅਦ ਨਵੇਂ ਬਣੇ ਮੁੱਖ ਮੰਤਰੀ ਸਰਦਾਰ ਚਰਨਜੀਤ ਸਿੰਘ ਚੰਨੀ ਉੱਤੇ ਕੀਤੇ ਜਾ ਰਹੇ ਹਮਲਿਆਂ ਨੇ ਕਾਂਗਰਸ ਪਾਰਟੀ ਵਿੱਚ ਲਗਾਤਾਰ ਚਲੀ ਆ ਰਹੀ ਡਸਿਪਲਨ ਦੀ ਇਸ ਘਾਟ ਨੂੰ ਉਜਾਗਰ ਕੀਤਾ ਹੈ।

## 30 ਅਕਤੂਬਰ ਗੁਰਿਆਈ ਦਿਵਸ

# ਸ੍ਰੀ ਹਰਿਕ੍ਰਿਸ਼ਨ ਧਿਆਈਐ...

ਸਿੱਖ ਧਰਮ ਮਾਨਵੀ ਕਦਰਾਂ-ਕੀਮਤਾਂ ਦੀ ਪਹਿਰੇਦਾਰੀ ਕਰਨ ਦੇ ਨਾਲ-ਨਾਲ ਆਪਸੀ ਪਿਆਰ, ਭਾਈਚਾਰੇ ਅਤੇ ਬਰਾਬਰੀ ਦੀ ਹਮਾਇਤ ਕਰਦਾ ਆ ਰਿਹਾ ਹੈ। ਦਸਾਂ ਗੁਰੂ ਸਾਹਿਬਾਨਾਂ ਅਤੇ ਗੁਰੂ ਘਰ ਦੇ ਨਿਕਟਵਰਤੀਆਂ ਦਾ ਜੀਵਨ ਸਿੱਖੀ ਦੇ ਤਿੰਨ ਸੁਨਿਹਰੀ ਸਿਧਾਂਤਾ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜੱਪਣ ਨੂੰ ਪਰਨਾਇਆ ਰਿਹਾ ਹੈ। ਇਨ੍ਹਾਂ ਸਿਧਾਂਤਾ ਦੀ ਤਰਜ਼ਮਾਨੀ ਕਰਨ ਵਾਲੀ ਜੀਵਨ-ਜਾਂਚ ਹੀ ਬਾਬੇਕਿਆਂ ਵੱਲੋਂ ਵਡਿਆਈ ਅਤੇ ਸਲਾਹੀ ਜਾਂਦੀ ਰਹੀ ਹੈ। ਸਿੱਖ ਵਿਚਾਰਧਾਰਾ ਇਨ੍ਹਾਂ ਸਿਧਾਂਤਾ ਤੋਂ ਸੱਖਣੇ ਵਿਹਾਰ ਨੂੰ ਨਾ ਸਿਰਫ ਰੱਦ ਹੀ ਕਰਦੀ ਹੈ, ਸਗੋਂ ਸਜ਼ਾ ਦਾ ਭਾਗੀ ਵੀ ਸਮਝਦੀ ਹੈ। ਜਿਵੇਂ ਗੁਰੂ ਸਾਹਿਬ ਦਾ ਫੁਰਮਾਨ ਹੈ :

ਸੋ ਸਿੱਖ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ।
ਆਪਣੈ ਭਾਣੇ ਜੋ ਚਲੇ ਭਾਈ, ਵਿਛੁੜਿ ਚੋਟਾ ਖਾਵੈ।

ਭਾਵ ਜਿਹੜਾ ਵਿਅਕਤੀ ਮਨ ਦੀ ਮਤ ਤਿਆਗ ਕੇ ਗੁਰੂ ਦੀ ਮਤ ਦਾ ਧਾਰਨੀ ਬਣ ਜਾਂਦਾ ਹੈ ਉਸ ਦੇ ਲੋਕ ਤੇ ਪ੍ਰਲੋਕ ਦੋਵੇਂ ਲੇਖੇ ਵਿੱਚ ਲੱਗ ਜਾਂਦੇ ਹਨ। ਪਰ ਜਿਹੜਾ ਵਿਅਕਤੀ ਗੁਰੂ ਦੀ ਗੱਲ ਨੂੰ ਅਣਸੁਣੀ ਕਰਕੇ ਕੇਵਲ ਆਪਣੀ ਸਮਝ ਹੀ ਵਰਤੋਂ ਵਿਚ ਲਿਆਉਂਦਾ ਹੈ ਉਸ ਨੂੰ (ਪ੍ਰਮਾਤਮਾ ਤੋਂ) ਵਿਛੋੜੇ ਦੀਆਂ

**ਰਮੇਸ਼ ਬੱਗਾ ਚੋਹਲਾ**
**91-94631-32719**

ਸੱਟਾਂ ਹੀ ਖਾਣੀਆਂ ਪੈਂਦੀਆਂ ਹਨ। ਇਨ੍ਹਾਂ ਸੱਟਾਂ ਤੋਂ ਬਚਣ ਲਈ ਗੁਰੂ ਸਾਹਿਬ ਮਨੁੱਖ ਨੂੰ ਜਿਥੇ ਸਦਾਚਾਰੀ ਜੀਵਨ ਜਿਉਣ ਲਈ ਪ੍ਰੇਰਦੇ ਹਨ ਉਥੇ ਪਰਮ ਨਾਲ ਪ੍ਰੇਮ ਦੀ ਹਾਮੀ ਵੀ ਭਰਦੇ ਹਨ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਰਾਗ ਗਾਉੜੀ, ਸੁਖਮਨੀ, ਪੰਨਾ 266 ਉਪਰ ਤਸਦੀਕ ਕਰਦੇ ਹਨ :

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮ ਜਪਿ ਨਿਰਮਲ ਕਰਮੁ॥

ਜਿਹੜੇ ਮਨੁੱਖਾਂ ਦੀ ਜੀਵਨ-ਸ਼ੈਲੀ ਇਨ੍ਹਾਂ ਪਾਵਨ ਪੰਕਤੀਆਂ ਦੀ ਅਨੁਸਾਰੀ ਹੋ ਜਾਂਦੀ ਹੈ ਉਹ ਨਾ ਸਿਰਫ ਆਮ ਤੋਂ ਖਾਸ ਹੋ ਜਾਂਦੇ ਹਨ ਸਗੋਂ ਲੋਕਾਈ ਵੱਲੋਂ ਰੱਜ ਕੇ ਸਤਿਕਾਰੇ ਅਤੇ ਪਿਆਰੇ ਵੀ ਜਾਂਦੇ ਹਨ। ਇਨ੍ਹਾਂ ਰਾਹਾਂ ਦੇ ਪਾਂਧੀਆਂ ਦਾ ਜੀਵਨ ਪੰਧ ਬੇਸ਼ੱਕ ਛੁਟੇਰਾ ਹੁੰਦਾ ਹੈ। ਪਰ ਸੇਵਾ, ਸਿਮਰਨ ਤੇ ਸ਼ਰਧਾ ਉਨ੍ਹਾਂ ਨੂੰ ਮੂਹਰਲੀਆਂ ਸਫਾਂ ਵਿੱਚ ਲੈ ਆਉਂਦੀ ਹੈ। ਆਪਣੇ ਗੁਣਾ ਸਦਕਾ, ਉਹ ਗੁਰੂ ਨਾਨਕ ਦੇ ਘਰ ਦੀਆਂ ਵਡਿਆਈਆਂ ਅਤੇ ਪਾਤਸ਼ਾਹੀਆਂ ਦੇ ਪਾਤਰ ਬਣਦੇ ਆ ਰਹੇ ਹਨ। ਇਨ੍ਹਾਂ ਪਾਤਰਾਂ ਵਿੱਚ ਹੀ ਇਕ ਨਾਮ ਹੈ ਗੁਰੂ ਨਾਨਕ ਪਾਤਸ਼ਾਹ ਦੀ ਅੱਠਵੀਂ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ।

ਦੁਨਿਆਵੀਂ ਤੌਰ ਤੇ (ਗੁਰੂ) ਹਰਿਕ੍ਰਿਸ਼ਨ ਜੀ ਭਾਵੇਂ ਬਚਪਨ ਦੀਆਂ ਬਰੂਹਾਂ ਤੇ (ਸਵਾ ਕੁ ਪੰਜ ਸਾਲ) ਹੀ ਵਿਚਰ ਰਹੇ ਸਨ ਪਰ ਕੁੱਝ ਵਿਸ਼ੇਸ਼ ਗੁਣਾਂ ਅਤੇ ਸਿੱਖੀ ਦੀ ਸਮਝ ਸਦਕਾ ਗੁਰੂ ਪਿਤਾ ਸ੍ਰੀ ਹਰਿ ਰਾਇ ਸਾਹਿਬ ਨੇ ਉਨ੍ਹਾਂ ਨੂੰ ਗੁਰੂ ਘਰ ਦੀ ਵਡੇਰੀ ਅਤੇ ਉਚੇਰੀ ਜ਼ਿੰਮੇਵਾਰੀ ਸੰਭਾਲ ਦਿਤੀ। ਆਪ ਜੀ ਵੱਲੋਂ ਜਿਥੇ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਗਿਆ ਉਥੇ ਆਪਣੇ ਗੁਰੂ-ਕਾਲ (ਢਾਈ ਕੁ ਸਾਲ) ਵਿੱਚ ਕੁੱਝ ਅਜਿਹੀਆਂ ਪਿਰਤਾਂ ਵੀ ਪਾਈਆਂ ਜਿਨ੍ਹਾਂ ਸਦਕਾ ਰੋਜ਼ਾਨਾ ਸਰਬਤ ਦੇ ਭਲੇ ਲਈ ਕੀਤੀ ਜਾਣ ਵਾਲੀ ਅਰਦਾਸ ਵਿਚ ਉਨ੍ਹਾਂ ਦੇ ਨਾਮ ਦਾ ਜਿਕਰ 'ਜਿਸ ਡਿਠੈ ਸਭਿ ਦੁਖਿ ਜਾਇ' ਕਰਕੇ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ 7 ਜੁਲਾਈ 1656 ਈ: (ਬ੍ਰਿਕਮੀ ਸੰਮਤ 8 ਸਾਵਣ 1713) ਨੂੰ ਪਿਤਾ ਗੁਰੂ ਹਰਿ ਰਾਇ ਜੀ ਅਤੇ ਮਾਤਾ ਕਿਸ਼ਨ ਕੌਰ ਜੀ ਦੇ ਗ੍ਰਿਹਿ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਇਆ। ਪਰ ਭੱਟ ਵਹੀਆਂ ਦੇ ਹਵਾਲੇ ਨਾਲ ਗੁਰੂ ਜੀ ਦਾ ਪੈਦਾਇਸ਼ੀ ਦਿਹਾੜਾ ਸੰਨ 1652 ਦਾ ਦੱਸਿਆ ਗਿਆ ਹੈ।

ਜਿਥੇ ਗੁਰੂ ਹਰਿਕ੍ਰਿਸ਼ਨ ਜੀ ਦੇ ਮੁੱਖੜੇ ਦੀ ਦਿੱਖ ਮਨਾਂ ਨੂੰ ਮੋਹਣਵਾਲੀ ਸੀ, ਉਥੇ ਉਨ੍ਹਾਂ ਦਾ ਹਿਰਦਾ ਵੀ ਅਤਿ ਕੋਮਲ ਸੀ। ਆਪ ਜੀ ਦੇ ਬਚਪਨ ਦਾ ਵਧੇਰੇ ਸਮਾਂ ਗੁਰੂ ਹਰਿ ਰਾਇ ਜੀ ਦੀ ਛਤਰ-ਛਾਇਆ ਹੇਠ ਬਤੀਤ ਹੋਣ ਕਰਕੇ ਆਪ ਜੀ ਦੇ ਸੁਭਾਅ ਅਤੇ ਨਿਭਾਅ ਉਪਰ ਗੁਰੂ ਪਿਤਾ ਦਾ ਕਾਫੀ ਡੂੰਘਾ ਪ੍ਰਭਾਵ ਸੀ। ਇਸ ਪ੍ਰਭਾਵ ਸਦਕਾ ਹੀ (ਗੁਰੂ) ਹਰਿਕ੍ਰਿਸ਼ਨ ਜੀ ਆਈਆਂ ਸੰਗਤਾਂ ਨੂੰ ਲੰਗਰ-ਪਾਣੀ ਛਕਾਉਣ ਦੀ ਸੇਵਾ ਵਿੱਚ ਜੁਟੇ ਰਹਿੰਦੇ ਸਨ।

ਰਾਜਸੀ ਲਾਹਾ ਲੈਣ ਦੀ ਤਾਕ ਵਿਖ ਧੀਰਮੱਲ ਨੇ ਗੁਰੂ ਘਰ ਦੇ ਖਿਲਾਫ ਉਸ ਵਕਤ ਦੇ ਹਾਕਮ ਔਰੰਗਜ਼ੇਬ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਔਰੰਗਜ਼ੇਬ ਵੀ ਧੀਰਮੱਲ ਦੀਆਂ ਕਈ ਸ਼ਿਕਾਇਤਾਂ ਨੂੰ ਇੱਕ ਕੰਨ ਰਾਹੀਂ ਸੁਣ ਕੇ ਦੂਜੇ ਕੰਨ ਰਾਹੀਂ ਬਾਹਰ ਕੱਢ ਦਿੰਦਾ ਸੀ ਪਰ ਜਦੋਂ ਉਸ ਨੂੰ ਇਸ ਗੱਲ ਦਾ ਇਲਮ ਹੋਇਆ ਕਿ ਸੱਤਵੇ ਪਾਤਸ਼ਾਹ ਸ੍ਰੀ ਹਰਿਰਾਇ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ ਤਾਂ ਉਸ ਨੇ ਗੁਰੂ ਜੀ ਨੂੰ ਦਿੱਲੀ ਆਉਣ ਲਈ ਸੰਮਨ ਭੇਜ ਦਿੱਤੇ। ਸੰਗਤਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਗੁਰੂ ਸਾਹਿਬ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰੀ ਹੋ ਗਏ। ਰਾਜਪੂਤ ਰਾਜਿਆਂ ਦੀ ਸਲਾਹ ਨਾਲ ਬਾਦਸ਼ਾਹ ਨੇ ਗੁਰੂ ਜੀ ਨੂੰ ਦੁਬਾਰਾ ਚਿੱਠੀ ਭੇਜ ਦਿੱਤੀ। ਚਿੱਠੀ ਦੀ ਭਾਸ਼ਾ ਕੁੱਝ ਨਿਮਰ ਅਤੇ ਆਦਰਮਈ ਹੋਣ ਕਰਕੇ ਸਤਵੇਂ ਪਾਤਸ਼ਾਹ ਨੇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਨੂੰ ਦਿੱਲੀ ਭੇਜਣ ਦਾ ਨਿਰਣਾ ਲੈ ਲਿਆ। ਕਿਉਂਕਿ ਗੁਰਮਤਿ ਦੇ ਜਾਣਕਾਰ ਹੋਣ ਦੇ ਨਾਲ-ਨਾਲ ਬਾਬਾ ਰਾਮ ਰਾਇ ਹਾਜ਼ਰ-ਜਵਾਬ ਵੀ ਸਨ।

ਜਦੋਂ ਬਾਬਾ ਰਾਮ ਰਾਇ ਨੇ ਦਿੱਲੀ ਜਾ ਕੇ ਔਰੰਗਜ਼ੇਬ ਨਾਲ ਸੰਵਾਦ ਰਚਾਇਆ ਤਾਂ ਉਸ ਦੀ ਦਿਮਾਗਦਾਰੀ ਦਾ ਬਾਦਸ਼ਾਹ ਤੇ ਚੰਗਾ ਪ੍ਰਭਾਵ ਪਿਆ। ਪਰ ਜਦੋਂ ਬਾਦਸ਼ਾਹ ਦੀਆਂ ਖੁਸ਼ੀਆਂ ਹਾਸਲ ਕਰਨ ਖਾਤਿਰ ਰਾਮ ਰਾਇ ਨੇ ਬਾਬੇ ਦੀ ਬਾਣੀ (ਮਿੱਟੀ ਬੇਈਮਾਨ ਦੀ ।।।।।।) ਤਬਦੀਲ ਕਰ ਦਿੱਤੀ ਤਾਂ ਉਹ ਗੁਰੂ ਨਾਨਕ ਦੇ ਘਰ ਚੋਂ ਦੁਰਕਾਰਿਆ ਗਿਆ। ਉਸ ਦੇ ਇਸ ਨਾਬਖਸ਼ਣਯੋਗ ਗੁਨਾਹ ਬਦਲੇ ਗੁਰੂਪਿਤਾ ਨੇ ਉਸ ਦੇ ਮੱਥੇ ਲੱਗਣ ਤੋਂ ਹੀ ਨਾਂਹ ਕਰ ਦਿੱਤੀ।

ਰਾਮ ਰਾਇ ਦੀ ਇਸ ਨਾਲਾਇਕੀ ਕਾਰਣ ਗੁਰੂ ਹਰਿ ਰਾਇ ਸਾਹਿਬ ਨੇ 1661 ਈ। (ਸੰਮਤ 1918) ਨੂੰ ਆਪਣੇ ਛੋਟੇ ਸਾਹਿਬਜ਼ਾਦੇ (ਗੁਰੂ) ਹਰਿਕ੍ਰਿਸ਼ਨ ਜੀ ਨੂੰ ਸਿੱਖ ਕੌਮ ਦੀ ਰਹਿਨੁਮਾਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਸਮੇਂ ਉਨ੍ਹਾਂ ਦੀ ਵਰੇਸ ਸਵਾ ਕੁ ਪੰਜ ਸਾਲ ਦੀ ਬਣਦੀ ਸੀ। ਦੁਨਿਆਵੀ ਤੌਰ ਤੇ ਇਹ ਸਮਾਂ ਹਾਣੀਆਂ ਨਾਲ ਖੇਡਣ-ਮੱਲਣ ਦਾ ਸਮਝਿਆ ਜਾਂਦਾ ਹੈ। ਇਸ ਕਰਕੇ ਇਹ ਵਕਤ ਸਿੱਖਾਂ ਦੀ ਸਿਦਕਦਿਲੀ ਅਤੇ ਸ਼ਰਧਾ ਨੂੰ ਪਰਖਣ ਦਾ ਵੀ ਸੀ। ਕਿਉਂਕਿ ਗੁਰੂ ਘਰ ਦੇ ਦੋਖੀ (ਧੀਰਮੱਲੀਏ ਅਤੇ ਰਾਮ ਰਾਈਏ) ਗੁਰੂ ਘਰ ਨੂੰ ਢਾਹ ਲਗਾਉਣ ਲਈ ਸੰਗਤਾਂ ਵਿਚ ਭਰਮ-ਭੁਲੇਖੇ ਪੈਦਾ ਕਰਨ ਦੇ ਕੋਝੇ ਜਤਨ ਕਰ ਰਹੇ ਸਨ। ਪਰ ਇਨ੍ਹਾ ਭਰਮ-ਭੁਲੇਖਿਆਂ ਦੇ ਬਾਵਜੂਦ ਵੀ ਗੁਰੂ ਹਰਿਕ੍ਰਿਸ਼ਨ ਜੀ ਨੇ ਉਮਰ ਛੁਟੇਰੀ ਪਰ ਅਕਲ ਵਡੇਰੀ ਦਾ ਸਬੂਤ ਦਿੰਦਿਆਂ ਗੁਰਿਅਈ ਦੀ ਜ਼ਿੰਮੇਵਾਰੀ (1661 ਤੋਂ 1664) ਸਾਬਤ ਕਦਮਾਂ ਨਾਲ ਨਿਭਾਈ।

ਗੁਰੂ ਹਰਿਕ੍ਰਿਸ਼ਨ ਜੀ ਸੇਵਾ ਅਤੇ ਸਿਮਰਨ ਦਾ ਸੁਮੇਲ ਹੋਣ ਦੇ ਨਾਲ-ਨਾਲ ਪਰਉਪਕਾਰੀ ਸੁਭਾਅ ਦੇ ਮਾਲਕ ਵੀ ਸਨ। ਜਿਹੜਾ ਵੀ ਵਿਅਕਤੀ ਉਨ੍ਹਾਂ ਦੇ ਦਰਸ਼ਨ ਕਰ ਲੈਂਦਾ ਸੀ ਉਸ ਦਾ ਜੀਵਨ ਹੀ ਬਦਲ ਜਾਂਦਾ ਸੀ। ਪੇਸ਼ਾਵਰ ਦੀਆਂ ਸੰਗਤਾਂ ਵਿਚ ਇਕ ਜਸਵੰਤ ਰਾਇ ਨਾਮਕ ਚੋਰ ਸੰਗਤਾਂ ਦੀਆਂ ਜੇਬਾਂ ਕੱਟਣ ਦੀ ਨੀਅਤ ਨਾਲ ਘੁਸ ਗਿਆ। ਜਦੋਂ ਗੁਰੂ ਹਰਿਕ੍ਰਿਸ਼ਨ ਦੇ ਸਨਮੁੱਖ ਹੋਇਆ ਤਾਂ ਗੁਰੂ ਸਾਹਿਬ ਦੇ ਮੁਖ-ਾਰਬਿੰਦ ਚੋਂ ਸੁਭਾਵਿਕ ਹੀ ਨਿਕਲ ਗਿਆ :-

'ਚੋਰ ਦੀ ਹਮਾ ਭਰੇ ਨਾ ਕੋਇ॥ ਚੋਰ ਕੀਆ ਚੰਗਾ ਕਿਉ ਹੋਇ॥

ਇਸ ਮਹਾਂਵਾਕ ਨੂੰ ਸੁਣਦਿਆਂ ਹੀ ਜਸਵੰਤ ਰਾਇ ਦੇ ਨੇਤਰਾਂ ਵਿਚੋਂ ਪਾਣੀ ਆ ਗਿਆ ਅਤੇ ਉਸ ਨੇ ਚੋਰੀ ਤੋਂ ਤੋਬਾ ਕਰ ਲਈ। ਇਸ ਤਰ੍ਹਾਂ ਇਕ ਗੇਂਦਾ ਮਲ ਨਾਂ ਦੇ ਜੁਆਰੀਏ ਨੇ ਦਰਬਾਰ ਵਿਚ ਆ ਕੇ ਗੁਰੂ ਸਾਹਿਬ ਦੇ ਚਰਨ ਫੜ ਲਏ ਅਤੇ ਛੱਡੇ ਹੀ ਨਾ। ਗੁਰਦੇਵ ਨੇ ਕਿਹਾ, ''ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ।'' ਗੇਂਦਾ ਮਲ ਦਾ ਅੰਦਰਲਾ ਮਨ ਹਿਲ ਗਿਆ ਅਤੇ ਉਸ ਨੇ ਹੱਥ ਜੋੜ ਕੇ ਗੁਰੂ ਜੀ ਕੋਲੋਂ ਮੁਆਫੀ ਮੰਗ ਲਈ ਅਤੇ ਅੱਗੇ ਤੋਂ ਬੁਰੀਆਂ ਆਦਤਾਂ ਨੂੰ ਤਿਆਗਣ ਦਾ ਵਾਅਦਾ ਕੀਤਾ।

ਰਾਮ ਰਾਇ ਦੀਆਂ ਸ਼ਿਕਾਇਤਾਂ ਦੇ ਅਸਰ ਕਾਰਣ ਅਤੇ ਕੁੱਝ ਆਪਣੇ ਮਨ ਦੇ ਤੌਖਲੇ ਨੂੰ ਮਿਟਾਉਣ ਖਾਤਿਰ ਉਸ ਵਕਤ ਦੇ ਹਾਕਮ ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾ ਲਿਆ। ਇਸ ਕੰਮ ਲਈ ਉਸ ਨੇ ਇਕ ਖਾਸ ਅਫਸਰ ਮਿਰਜ਼ਾ ਜੈ ਸਿੰਘ ਦੀ ਡਿਊਟੀ ਲਗਾਈ ਜੋ ਗੁਰੂ ਘਰ ਪ੍ਰਤੀ ਕੁੱਝ ਸਤਿਕਾਰਤ ਭਾਵਨਾ ਰੱਖਦਾ ਸੀ।

ਗੁਰੂ ਹਰਿਕ੍ਰਿਸ਼ਨ ਜੀ ਨੇ ਉਸ ਵਕਤ ਦੇ ਕੁੱਝ ਮੁੱਖੀ ਸਿੱਖਾਂ ਭਾਈ ਦਰਗਾਹ ਮੱਲ, ਭਾਈ ਦਿਆਲਾ ਜੀ, ਭਾਈ ਮਨੀ ਸਿੰਘ ਜੀ ਅਤੇ ਕੁੱਝ ਹੋਰ ਸਲਾਹਕਾਰਾਂ ਨਾਲ ਸਲਾਹ ਕੀਤੀ ਤਾਂ ਉਨ੍ਹਾਂ ਨੇ ਦਿੱਲੀ ਜਾਣ ਦੀ ਹਾਮੀ ਭਰ ਦਿੱਤੀ। ਇਸ ਹਾਮੀ ਵਜੋਂ ਗੁਰੂ ਸਾਹਿਬ ਦਿੱਲੀ ਜਾਣ ਲਈ ਰਜ਼ਾਮੰਦ ਤਾਂ ਹੋ ਗਏ ਪਰ ਉਨ੍ਹਾਂ ਨੇ ਦੁਸ਼ਟ ਔਰੰਗਜ਼ੇਬ ਦੇ ਮੱਥੇ ਨਾ ਲੱਗਣ ਦਾ ਫੈਸਲਾ ਵੀ ਸੁਣਾ ਦਿੱਤਾ। ਸੰਗਤਾਂ ਨੇ ਗੁਰੂ ਸਾਹਿਬ ਦੇ ਫੈਸਲੇ ਤੇ ਆਪਣੀ ਮੋਹਰ



ਲਗਾ ਦਿੱਤੀ।

ਗੁਰੂ ਸਾਹਿਬ ਨੇ ਕੀਰਤਪੁਰ ਸਾਹਿਬ ਦੀ ਸੇਵਾ-ਸੰਭਾਲ ਦਾ ਕੰਮ ਭਾਈ ਭਗਤਾ ਜੀ ਅਤੇ ਸ਼ਰਧਾਵਾਨ ਸਿੱਖਾਂ ਨੂੰ ਸੌਂਪ ਕੇ ਭਾਈ ਗੁਰਬਖਸ਼ ਸਿੰਘ, ਭਾਈ ਮਨੀ ਸਿੰਘ, ਪੰਜਾਬਾ ਮਸੰਦ, ਭਾਈ ਦਿਆਲਾ ਜੀ, ਮੁਨਸ਼ੀ ਸੰਗਤੀਆਂ, ਦੀਵਾਨ ਸਤੀ ਰਾਮ ਅਤੇ ਹੋਰ ਸੰਗਤਾਂ ਸਮੇਤ ਦਿੱਲੀ ਵੱਲ ਨੂੰ ਚੱਲ ਪਏ। ਰਸਤੇ ਵਿਚ ਗੁਰੂ ਹਰਿਕ੍ਰਿਸ਼ਨ ਜੀ ਜਿਥੇ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ-ਦੀਦਾਰੇ ਦੇ ਕੇ ਨਿਹਾਲ ਕਰਦੇ ਜਾ ਰਹੇ ਸਨ, ਉਥੇ ਗੁਰੂ ਨਾਨਕ ਦੇ ਘਰ ਦਾ (ਸਾਂਝੀਵਾਲਤਾ) ਸੰਦੇਸ਼ ਵੀ ਦੇਈ ਜਾ ਰਹੇ ਸਨ।

ਦਿੱਲੀ ਦਾ ਸਫਰ ਤਹਿ ਕਰਦਿਆਂ ਜਦੋਂ ਗੁਰੂ ਹਰਿਕ੍ਰਿਸ਼ਨ ਜੀ ਪੰਜੋਖਰੇ ਪਹੁੰਚੇ ਤਾਂ ਇਥੋਂ ਦਾ ਇਕ ਹੰਕਾਰੀ ਪੰਡਤ ਸੰਗਤਾਂ ਨੂੰ ਕਹਿਣ ਲੱਗਾ ਕਿ ''ਤੁਹਾਡੇ ਗੁਰੂ ਜੀ ਆਪਣੇ ਆਪ ਨੂੰ ਹਰਿਕ੍ਰਿਸ਼ਨ ਕਹਾਉਂਦੇ ਹਨ। ਦੁਆਪਰ ਦੇ ਅਵਤਾਰ ਸ਼੍ਰੀ ਕ੍ਰਿਸ਼ਨ ਜੀ ਨੇ ਤਾਂ ਆਪਣੇ ਸਮੇਂ ਵਿਚ ਗੀਤਾ ਲਿਖੀ ਸੀ ਜੇਕਰ ਤੁਹਾਡੇ ਗੁਰੂ ਸੱਚਮੁਚ ਹੀ ਪਹੁੰਚੇ ਹੋਏ ਹਨ ਤਾਂ ਇਕ ਗੀਤਾ ਦੇ ਅਰਥ ਕਰਕੇ ਦਿਖਾ ਦੇਣ।'' ਇਹ ਗੱਲ ਜਦੋਂ ਗੁਰੂ ਸਾਹਿਬ ਕੋਲ ਆਈ ਤਾਂ ਉਨ੍ਹਾਂ ਨੇ ਪੰਡਿਤ ਨੂੰ ਕਿਹਾ ਕਿ ''ਭਾਈ ! ਮੇਰੇ ਅਰਥ ਕਰਨ ਨਾਲ ਹੋ ਸਕਦਾ ਹੈ ਕਿ ਤੇਰੀ ਤਸੱਲੀ ਨਾ ਹੋਵੇ ਤੂੰ ਜੇਕਰ ਗੁਰੂ ਨਾਨਕ ਦੇ ਘਰ ਦੀਆਂ ਬਰਕਤਾਂ ਦਾ ਨਜ਼ਾਰਾ ਤੱਕਣਾ ਹੈ ਤਾਂ ਇਸ ਕਸਬੇ ਦੇ ਕਿਸੇ ਵਿਅਕਤੀ ਨੂੰ ਜਿਸ ਨੂੰ ਤੂੰ ਸਭ ਤੋਂ ਵੱਧ ਮੂਰਖ ਸਮਝਦਾ ਹੈ, ਲੈ ਕੇ ਮੇਰੇ ਕੋਲ ਆ ਜਾ, ਉਹ ਵਿਅਕਤੀ ਹੀ ਤੇਰੇ ਸ਼ੰਕਿਆਂ ਨੂੰ ਨਵਿਰਤ ਕਰ ਦੇਵੇਗਾ। ਪੰਡਿਤ ਇਕ ਛੱਜੂਨਾਮਕ ਝੀਊਰ ਨੂੰ ਗੁਰੂ ਸਾਹਿਬ ਕੋਲ ਲੈ ਆਇਆ। ਇਹ ਝੀਊਰ ਜਮਾਂਦਰੂ ਗੂੰਗਾ ਸੀ। ਬਾਬੇ ਨਾਨਕ ਦੀ ਰਹਿਮਤ ਸਦਕਾ ਛੱਜੂ ਇਕ ਸੁਲਝੇ ਹੋਏ ਵਿਦਵਾਨ ਵਾਂਗ ਗੀਤਾ ਦੇ ਸਲੋਕਾਂ ਦੇ ਅਰਥ ਕਰਨ ਲੱਗ ਪਿਆ। ਇਸ ਵਰਤਾਰੇ ਨਾਲ ਜਿਥੇ ਪੰਡਿਤ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਉਥੇ ਸ੍ਰੀ ਹਰਿਕ੍ਰਿਸ਼ਨ ਸਾਹਿਬ ਦੇ ਮਾਣ-ਸਤਿਕਾਰ ਵਿੱਚ ਵੀ ਚੋਖਾ ਵਾਧਾ ਹੋ ਗਿਆ।

ਜਦੋਂ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਪਹੁੰਚੇ ਤਾਂ ਰਾਜਾ ਜੈ ਸਿੰਘ ਸਮੇਤ ਦਿੱਲੀ ਦੀਆਂ ਸੰਗਤਾਂ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ। ਉਸ ਨੇ ਗੁਰੂ ਸਾਹਿਬ ਦਾ ਪੜਾਅ ਵੀ ਆਪਣੇ ਮਹੱਲ ਵਿਚ ਹੀ ਕਰਵਾ ਦਿੱਤਾ। ਰਾਜਾ ਜੈ ਸਿੰਘ ਭਾਵੇਂ ਗੁਰੂ ਘਰ ਦਾ ਪ੍ਰੀਤਵਾਨ ਸੀ ਪਰ ਉਸ ਦੀ ਰਾਣੀ ਨੇ ਗੁਰੂ ਨਾਨਕ ਜੋਤ ਨੂੰ ਪਰਖਣ ਦੀ ਠਾਣ ਲਈ। ਉਸ (ਰਾਣੀ) ਨੇ ਅਮੀਰ ਘਰਾਣਿਆਂ ਦੀਆਂ ਕੁੱਝ ਤ੍ਰੀਮਤਾਂ ਨੂੰ ਇਕੱਠਿਆਂ ਕਰ ਲਿਆ ਅਤੇ ਕਹਿਣ ਲੱਗੀ ਕਿ, ''ਜੇਕਰ ਗੁਰੂ ਅੰਤਰਜ਼ਾਮੀ ਹੋਵੇਗਾ ਤਾਂ ਉਹ ਸਿਰਫ ਮੇਰੀ ਹੀ ਗੋਦ ਵਿੱਚ ਬੈਠੇਗਾ।'' ਗੁਰੂ ਸਾਹਿਬ ਬਾਕੀ ਦੀਆਂ ਸਾਰੀਆਂ ਔਰਤਾਂ ਕੋਲੋਂ ਲੰਘ ਕੇ ਰਾਣੀ ਦੀ ਗੋਦ ਵਿੱਚ ਜਾ ਬੈਠੇ। ਰਾਣੀ ਨੇ ਗੁਰੂ ਜੀ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ ਅਤੇ ਉਸ ਦੀਆਂ ਅੱਖਾਂ ਵਿਚੋਂ ਸ਼ਰਧਾ ਦੇ ਹੰਝੂ ਵਹਿਣ ਲੱਗ ਪਏ।

ਆਪਣੇ ਪਿਤਾ ਗੁਰੂ ਹਰਿ ਰਾਇ ਜੀ ਵਾਂਗ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਵੀ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰ ਕਰ ਦਿੱਤਾ। ਆਪ ਜੀ ਦਾ ਵਿਚਾਰ ਸੀ ਕਿ ਔਰੰਗਜ਼ੇਬ ਇਕ ਜ਼ਾਲਮ ਕਿਸਮ ਦਾ ਬਾਦਸ਼ਾਹ ਹੈ ਅਤੇ ਗੁਰੂ ਨਾਨਕ ਦਾ ਘਰ ਕੇਵਲ ਤੇ ਕੇਵਲ ਧਰਮੀ ਬੰਦਿਆਂ ਦੀ ਹੀ ਤਰਫਦਾਰੀ ਕਰਦਾ ਹੈ। ਇਸ ਲਈ ਸਾਡਾ ਅਤੇ ਬਾਦਸ਼ਾਹ ਦਾ ਮਿਲਾਪ ਉਚਿਤ ਨਹੀਂ ਹੈ। ਇਥੋਂ ਤੱਕ ਕਿ ਬਾਦਸ਼ਾਹ ਨੇ ਗੁਰੂ ਸਾਹਿਬ ਦਾ ਮਨ ਬਦਲਾਉਣ ਹਿੱਤ ਕਈ ਬੇਸ਼ਕੀਮਤੀ ਤੋਹਫੇ ਵੀ ਭੇਜੇ ਪਰ ਸਾਧ ਬਚਨ ਅਟੱਲ ਹੀ ਰਹੇ। ਗੁਰੂ ਜੀ ਨੇ ਫਾਰਸੀ ਲਿਪੀ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਮਾਝ ਕੀ ਵਾਰ ਦਾ ਇਹ ਸਲੋਕ ਵੀ ਔਰੰਗਜ਼ੇਬ ਨੂੰ ਭੇਜਿਆ :-

'ਕਿਆ ਖਾਧੈ ਕਿਆ ਪੈਧੇ ਹੋਇ ਜਾ ਮਨਿ ਨਾਹੀ ਸਚਾ ਸੋਇ॥
ਕਿਆ ਮੇਵਾ ਕਿਆ ਘਿਉ ਗੁੜ ਮਿਠਾ ਕਿਆ ਮੈਦਾ ਕਿਆ ਮਾਸੁ॥
ਕਿਆ ਕਪੜੁ, ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ॥

ਗੁਰੂ ਹਰਿਕ੍ਰਿਸ਼ਨ ਜੀ ਜਦੋਂ ਦਿੱਲੀ ਪਹੁੰਚੇ ਤਦ ਉਸ ਸਮੇਂ ਉਥੇ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ ਅਤੇ ਮਹਾਂਮਾਰੀ ਦੀ ਸ਼ਕਲ ਧਾਰਨ ਕਰ ਚੁੱਕੀ ਸੀ। ਗੁਰੂ ਸਾਹਿਬ ਨੇ ਇਸ ਬੀਮਾਰੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਦਸਵੰਧ ਦੀ ਮਾਇਆ ਦੀ ਖੁੱਲ੍ਹ ਕੇ ਵਰਤੋਂ ਕੀਤੀ। ਉਨ੍ਹਾਂ ਦੀ ਆਪਣੀ ਆਯੂ ਵੀ ਅਜੇ 8 ਕੁ ਸਾਲ ਦੀ ਹੀ ਸੀ। ਇਸ ਆਯੂ ਵਿਚ ਚੇਚਕ ਦੀ ਮਾਰ ਬਹੁਤ ਜਲਦੀ ਪੈਂਦੀ ਹੈ। ਲੋਕ-ਸੇਵਾ ਦੀ ਪ੍ਰਬਲ ਭਾਵਨਾ ਸਦਕਾ ਗੁਰੂ ਜੀ ਨੇ ਆਪਣੀ ਸਿਹਤ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ। ਸਿੱਟੇ ਵਜੋਂ ਆਪ ਜੀ ਦੀ ਸਿਹਤ ਨੂੰ ਵੀ ਚੇਚਕ ਦੀ ਨਾਮੁਰਾਦ ਬੀਮਾਰੀ ਨੇ ਆਪਣੀ ਜਕੜ ਵਿੱਚ ਲੈ ਲਿਆ। ਤੇਜ਼ਬੁਖਾਰ ਹੋਣ ਕਰਕੇ ਆਪ ਜੀ ਨੂੰ ਆਪਣਾ ਅੰਤਲਾ ਸਮਾਂ ਨਜ਼ਦੀਕ ਆਉਂਦਾ ਦਿਖਾਈ ਦੇਣ ਲੱਗਾ।

ਰਾਜਾ ਜੈ ਸਿੰਘ ਦਾ ਮਹੱਲ ਛੱਡ ਕੇ ਗੁਰੂ ਹਰਿਕ੍ਰਿਸ਼ਨ ਜੀ ਨੇ ਜਮਨਾ ਨਦੀ ਕਿਨਾਰੇ ਇਕ ਖੁੱਲ੍ਹੀ ਥਾਂ ਤੇ ਡੇਰਾ ਜਾ ਲਾਇਆ। ਇਧਰ ਜਦੋਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਆਪਣੇ ਗੁਰੂ ਸਾਹਿਬ ਦੇ ਬੀਮਾਰ ਹੋਣ ਦਾ ਪਤਾ ਲੱਗਾ ਤਾਂ ਉਹ ਭਾਰੀ ਗਿਣਤੀ ਵਿਚ ਜਮਨਾ ਨਦੀ ਕਿਨਾਰੇ ਆਉਣ ਲੱਗੀਆਂ। ਸੰਗਤਾਂ ਨੂੰ ਸੰਬੋਧਨ ਕਰਕੇ ਆਪ ਜੀ ਨੇ ਕਿਹਾ ਕਿ ਸਰੀਰਾਂ ਦੇ ਮਿਲਾਪ ਥੋੜ੍ਹ-ਚਿਰੇ ਹੁੰਦੇ ਹਨ, ਪਰ ਗੁਰ ਉਪਦੇਸ਼ ਸਦੀਵੀ ਹੁੰਦਾ ਹੈ। ਸੋ ਲੋੜ ਹੈ ਕਿ ਧਰਮ ਦੀ ਕਿਰਤ ਕਰਦਿਆਂ ਗੁਰ ਉਪਦੇਸ਼ ਨੂੰ ਅਪਨਾਉਣ ਅਤੇ ਕਮਾਉਣ ਦੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਸੰਗਤਾਂ ਨੂੰ ਇਹ ਇਸ਼ਾਰਾ ਕਰ ਦਿੱਤਾ ਕਿ ਗੁਰੂ ਨਾਨਕ ਦੇ ਘਰ ਦਾ ਨੌਵਾਂ ਵਾਰਿਸ (ਗੁਰੂ) ਬਾਬੇ ਬਕਾਲੇ ਵਿਚ ਰਹਿੰਦਾ ਹੈ। ਅਖੀਰ 30 ਮਾਰਚ 1664 ਈ (ਸੰਮਤ 1721) ਨੂੰ ਗੁਰੂ ਜੀ ਜਮਨਾ ਦੇ ਕੰਢੇ ਜੋਤੀ ਜੋਤ ਸਮਾ ਗਏ।

# ਪਿੰਡ ਢਾਹਾਂ ਕਲੇਰਾਂ ਵਿਖੇ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ

**ਨਵਾਂਸ਼ਹਿਰ (ਸੰਤੋਖ ਸਿੰਘ ਜੱਸੀ)** ਸਮੂਹ ਸਾਧ ਸੰਗਤ ਪਿੰਡ ਢਾਹਾਂ ਵੱਲੋਂ ਗੁਰਦੁਆਰਾ ਸਾਹਿਬ ਪਿੰਡ ਢਾਹਾਂ ਵਿਖੇ ਧੰਨ ਧੰਨ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ ਸਜੇ ਦੀਵਾਨ ਵਿਚ ਭਾਈ ਜੋਗਾ ਸਿੰਘ ਹਜ਼ੂਰੀ ਰਾਗੀ ਜਥਾ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਾਲਿਆਂ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਮਤਿ ਸਮਾਗਮ ਵਿਚ ਸਿੱਖ ਪੰਥ ਦੇ ਪ੍ਰਸਿੱਧ ਕਥਾ ਵਾਚਕ ਭਾਈ ਬਲਦੇਵ ਸਿੰਘ ਪਾਉਂਟਾ ਸਾਹਿਬ ਵਾਲਿਆਂ ਨੇ ਸਮੂਹ ਸਾਧ ਸੰਗਤਾਂ ਨੂੰ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ। ਭਾਈ ਸਾਹਿਬ ਨੇ ਗੁਰਬਾਣੀ ਕਥਾ ਕਰਦਿਆਂ ਕਿਹਾ ਕਿ ਧੰਨ ਧੰਨ ਗੁਰੂ ਰਾਮਦਾਸ ਜੀ ਦੀ ਦੇ ਗੁਰ



ਇਤਿਹਾਸ ਬਾਰੇ ਚਾਨਣਾ ਪਾਇਆ ਅਤੇ ਦੱਸਿਆ ਕਿ ਗੁਰੂ ਜੀ ਨੇ ਸਾਨੂੰ ਸਾਰਿਆਂ ਨੂੰ ਨਿਮਰਤਾ ਵਿਚ ਰਹਿਣ ਦੇ ਨਾਲ-ਨਾਲ ਜਾਤ-ਪਾਤ ਰਹਿਤ ਸਮਾਜ ਸਿਰਜਣ ਦਾ ਉਪਦੇਸ਼ ਦਿੱਤਾ ਹੈ। ਗੁਰੂ ਸਾਹਿਬ ਜੀ ਦੀ ਬਾਣੀ ਸਮੁੱਚੀ ਮਾਨਵਤਾ ਲਈ ਇੱਕ ਚਾਨਣ ਮੁਨਾਰਾ ਹੈ। ਭਾਈ ਬਲਦੇਵ ਸਿੰਘ ਪਾਉਂਟਾ ਸਾਹਿਬ ਵਾਲਿਆਂ ਨੇ ਗੁਰੂ ਜੀ ਦੇ ਦਰਸਾਏ ਸੇਵਾ ਮਾਰਗ ਤੇ ਚੱਲਦੇ ਹੋਏ ਬਾਣੀ ਅਤੇ ਬਾਣੇ ਦੇ ਧਾਰਨੀ ਬਣਨ ਲਈ ਵੀ ਸੰਗਤਾਂ ਨੂੰ ਪ੍ਰੇਰਿਆ। ਇਸ ਮੌਕੇ ਸਰਬੱਤ ਦੇ ਭਲੇ ਲਈ ਅਰਦਾਸ ਭਾਈ ਸਤਨਾਮ ਸਿੰਘ ਹੈਡ ਗ੍ਰੰਥੀ ਵੱਲੋਂ ਕੀਤੀ ਗਈ।

ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਮਨਾਉਣ ਮੌਕੇ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰਦੁਆਰਾ ਸਾਹਿਬ, ਗੁਰਦੀਪ ਸਿੰਘ ਢਾਹਾਂ, ਬਲਜਿੰਦਰ ਸਿੰਘ ਹੈਪੀ ਕਲੇਰਾਂ, ਸੰਦੀਪ ਕੁਮਾਰ ਸਾਬਕਾ ਸਰਪੰਚ, ਸੁੱਖਾ ਸਿੰਘ ਢਾਹਾਂ, ਭੁਪਿੰਦਰ ਸਿੰਘ, ਮਨਜੀਤ ਸਿੰਘ ਚਾਵਲਾ, ਭਾਈ ਗੁਰਮੀਤ ਸਿੰਘ, ਭਾਈ ਸਤਨਾਮ ਸਿੰਘ, ਨਰਿੰਦਰ ਸਿੰਘ ਢਾਹਾਂ, ਗੁਰਮੇਲ ਸਿੰਘ, ਪ੍ਰੇਮ ਸਿੰਘ, ਨਿਹਾਲ ਸਿੰਘ, ਹਰਦਿਆਲ ਸਿੰਘ, ਭਾਈ ਪ੍ਰਵੀਨ ਸਿੰਘ ਤੋਂ ਇਲਾਵਾ ਨਗਰ ਨਿਵਾਸੀ ਸਮੂਹ ਸਾਧ ਸੰਗਤ ਨੇ ਹਾਜ਼ਰੀ ਭਰੀ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।


## ਸੰਯੁਕਤ ਰਾਸ਼ਟਰ ਦੇ ਸਥਾਪਨਾ ਦਿਵਸ ਸਬੰਧੀ ਵਿਸ਼ੇਸ਼

# ਭਾਰਤ ਅਗਸਤ 2021 ਵਿੱਚ ਸੁਰੱਖਿਆ ਪ੍ਰੀਸ਼ਦ ਦਾ ਪ੍ਰਧਾਨ ਬਣਿਆ ਅਤੇ ਦਸੰਬਰ 2022 ਵਿੱਚ ਫਿਰ ਪ੍ਰਧਾਨ ਬਣੇਗਾ



ਕੁਲਦੀਪ ਚੰਦ
91-9417563054

ਸੰਯੁਕਤ ਰਾਸ਼ਟਰ ਇੱਕ ਅੰਤਰਰਾਸਟਰੀ ਸੰਗਠਨ ਹੈ ਜਿਸਦੀ ਸਥਾਪਨਾ ਅੱਜ ਦੇ ਦਿਨ 24 ਅਕਤੂਬਰ, 1945 ਨੂੰ ਹੋਈ ਸੀ ਅਤੇ ਸੰਯੁਕਤ ਰਾਸ਼ਟਰ ਦਿਵਸ ਸਭਤੋਂ ਪਹਿਲਾਂ 24 ਅਕਤੂਬਰ 1948 ਨੂੰ ਮਨਾਇਆ ਗਿਆ। ਸਾਲ 2021 ਵਿੱਚ ਸੰਯੁਕਤ ਰਾਸ਼ਟਰ ਦੀ ਸਥਾਪਨਾ ਦੀ 76ਵੀਂ ਵਰੇਗੰਢ ਮਨਾਈ ਜਾ ਰਹੀ ਹੈ। ਪਿਛਲੇ ਸਾਲ ਵਿਸ਼ਵ ਪੱਧਰ ਤੇ ਫੈਲੀ ਕੋਵਿਡ-19 ਮਹਾਂਮਾਰੀ ਕਾਰਨ ਇਸ ਸਬੰਧੀ ਹੋਣ ਵਾਲੇ ਸਮਾਰੋਹਾਂ ਤੇ ਵੀ ਪ੍ਰਭਾਵ ਪਿਆ ਹੈ। ਇਸ ਸਾਲ ਲਈ ਮੁੱਖ ਉਦੇਸ਼ "ਬਿਹਤਰ ਭਵਿੱਖ ਲਈ ਇੱਕ ਖਾਕਾ ਤਿਆਰ ਕਰਨਾ ਹੈ"। ਜੇਕਰ ਸੰਯੁਕਤ ਰਾਸ਼ਟਰ ਸੰਗਠਨ ਦਾ ਇਤਿਹਾਸ ਵੇਖੀਏ ਤਾਂ 19ਵੀਂ ਸਦੀ ਵਿੱਚ ਯੂਰਪ ਦੇ ਕਈ ਦੇਸ਼ਾਂ ਵਿੱਚ ਮਹਾਂਯੁੱਧ ਹੋਇਆ ਜਿਸਨੂੰ ਪਹਿਲਾ ਵਿਸ਼ਵ ਯੁੱਧ ਕਿਹਾ ਜਾਂਦਾ ਹੈ ਜੋਕਿ 1914 ਤੋਂ ਲੈਕੇ 1918 ਤੱਕ ਚੱਲਿਆ। ਇਸ ਮਹਾਂਯੁੱਧ ਵਿੱਚ ਜਿਹੜੇ ਦੇਸ਼ ਸ਼ਾਮਿਲ ਸਨ ਉਨ੍ਹਾਂ ਦਾ ਤਾਂ ਨੁਕਸਾਨ ਹੋਇਆ ਹੀ ਸੀ ਪਰ ਜਿਹੜੇ ਸ਼ਾਮਿਲ ਵੀ ਨਹੀਂ ਸਨ ਉਨ੍ਹਾਂ ਨੂੰ ਵੀ ਕਈ ਤਰਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਯੁੱਧ ਕਾਰਨ ਹੋਣ ਵਾਲੀ ਤਬਾਹੀ ਨੂੰ ਵੇਖਦੇ ਹੋਏ ਅਤੇ ਭਵਿੱਖ ਵਿੱਚ ਇਸ ਤਬਾਹੀ ਤੋਂ ਬਚਣ ਲਈ ਇੱਕ ਅੰਤਰ-ਰਾਸ਼ਟਰੀ ਸੰਸਥਾ ਲੀਗ ਆਫ ਨੇਸ਼ਨਜ਼ ਬਣਾਉਣ ਦਾ ਫੈਸਲਾ ਕੀਤਾ ਗਿਆ। ਲੀਗ ਆਫ ਨੇਸ਼ਨਜ਼ ਦੀ ਸਥਾਪਨਾ 28 ਜੂਨ 1919 ਨੂੰ ਫਰਾਂਸ ਵਿੱਚ ਹੋਏ ਸਮਝੋਤੇ ਅਤੇ ਦਸਤਖਤਾਂ ਤੋਂ ਬਾਦ ਹੋਈ। ਲੀਗ ਆਫ ਨੇਸ਼ਨਜ਼ ਦੀ ਸਥਾਪਨਾ ਤੋਂ ਬਾਦ ਦੌ ਦਹਾਕਿਆਂ ਤੱਕ ਸਮੂਹ ਦੇਸ਼ਾਂ ਨੇ ਯੁੱਧ ਤੋਂ ਬਚਣ ਲਈ ਬਹੁਤ ਹੀ ਕੰਮ ਕੀਤਾ ਗਿਆ। ਇਸ ਲੀਗ ਆਫ ਨੇਸ਼ਨਜ਼ ਦਾ ਮੁੱਖ ਉਦੇਸ਼ ਅੰਤਰਰਾਸਟਰੀ ਝਗੜਿਆਂ ਨੂੰ ਸੁਲਝਾਉਣਾ ਸੀ। ਇਸ ਕੋਲ ਅਪਣੇ ਫੈਸਲੇ ਮਨਵਾਉਣ ਲਈ ਅਪਣੀ ਕੋਈ ਵੀ ਸੈਨਿਕ ਸ਼ਕਤੀ ਨਹੀਂ ਸੀ। ਇਸ ਦੀਆਂ ਕੋਸ਼ਿਸ਼ਾਂ ਦੇ ਬਾਬਜੂਦ ਵੀ ਕੁੱਝ ਦੇਸ਼ਾਂ ਦੇ ਝਗੜੇ ਨਿਪਟਾਉਣ ਵਿੱਚ ਇਹ ਨਾਕਾਮ ਰਿਹਾ ਅਤੇ ਸਾਲ 1939 ਵਿੱਚ ਦੂਜਾ ਵਿਸ਼ਵ ਯੁੱਧ ਲੱਗ ਗਿਆ ਜੋਕਿ 1939 ਤੋਂ 1945 ਤੱਕ ਲੱਗਭੱਗ ਛੇ ਸਾਲ ਚੱਲਿਆ ਅਤੇ ਇਸ ਵਿੱਚ ਬਹੁਤ ਹੀ ਨੁਕਸਾਨ ਹੋਇਆ। ਜਰਮਨੀ ਦੇ ਸ਼ਾਸ਼ਕ ਹਿਟਲਰ ਅਤੇ ਉਸਦੇ ਸਾਥੀਆਂ ਨੇ ਇਸ ਸੰਸਥਾ ਲੀਗ ਆਫ ਨੇਸ਼ਨਜ਼ ਦਾ ਅਧਾਰ ਹੀ ਖਤਮ ਕਰ ਦਿੱਤਾ। ਅਮਰੀਕਾ ਦੁਆਰਾ ਜਪਾਨ ਦੇ ਸ਼ਹਿਰਾਂ ਨਾਗਾਸਾਕੀ ਅਤੇ ਹਿਰੋਸ਼ੀਮਾ ਤੇ ਕੀਤੇ ਗਏ ਬੰਬ ਹਮਲਿਆਂ ਨਾਲ ਭਿਅਕਰ ਤਬਾਹੀ ਹੋਈ। ਇਸ ਤਬਾਹੀ ਨੂੰ ਵੇਖਕੇ ਅਮਨ ਪਸੰਦ ਕਈ ਰਾਸ਼ਟਰਾਂ ਨੇ ਬੈਠਕ ਕੀਤੀ ਅਤੇ ਵਿਸ਼ਵ ਸ਼ਾਂਤੀ ਲਈ ਯੋਜਨਾ ਬਣਾਈ। 25 ਅਪ੍ਰੈਲ, 1945 ਨੂੰ ਸੈਨ ਫਰਾਂਸਿਸਕੋ ਵਿੱਚ ਸੰਯੁਕਤ ਰਾਸ਼ਟਰ ਸੰਮੇਲਨ ਹੋਇਆ ਅਤੇ 24 ਅਕਤੂਬਰ 1945 ਨੂੰ ਅਧਿਕਾਰਤ ਤੋਰ ਤੇ ਸੰਯੁਕਤ ਰਾਸ਼ਟਰ ਸੰਗਠਨ ਦੀ ਸਥਾਪਨਾ ਕੀਤੀ ਗਈ। ਅਮਰੀਕਾ ਦੇ ਰਾਸ਼ਟਰਪਤੀ ਰੁਜ਼ਵੇਲਟ, ਇੰਗਲੈਂਡ ਦੇ ਪ੍ਰਧਾਨ ਮੰਤਰੀ ਚਰਚਿਲ ਅਤੇ ਰੂਸ ਦੇ ਆਗੂ ਸਟਾਲਿਨ ਦੀਆਂ ਅਣਥੱਕ ਕੋਸ਼ਿਸਾਂ ਸਦਕਾ ਹੀ 24 ਅਕਤੂਬਰ 1945 ਨੂੰ ਅਮਰੀਕਾ ਦੇ ਸਾਨ ਫਰਾਂਸਿਸਕੋ ਵਿੱਚ 50 ਦੇਸ਼ਾਂ ਨੇ ਮਿਲਕੇ ਸੰਯੁਕਤ ਰਾਸ਼ਟਰ ਸੰਘ ਦਾ ਅਪਣਾ ਸੰਵਿਧਾਨ ਬਣਾਇਆ ਜਿਸਦਾ ਮੁੱਖ ਉਦੇਸ਼ ਵੱਖ-ਵੱਖ ਦੇਸ਼ਾਂ ਵਿੱਚ ਸ਼ਾਂਤਮਈ ਸਬੰਧ ਕਾਇਮ ਰੱਖਣਾ ਅਤੇ ਉਨ੍ਹਾਂ ਦੇ ਸਮਾਜਿਕ-ਆਰਥਿਕ ਵਿਕਾਸ ਲਈ ਸਹਿਯੋਗ ਕਰਨਾ ਰੱਖਿਆ ਗਿਆ। ਇਸਦੇ ਸੰਵਿਧਾਨ ਅਨੁਸਾਰ ਇਸਦਾ ਮੁੱਖ ਕੰਮ ਕਿਸੇ ਵੀ ਦੇਸ਼ ਦੁਆਰਾ ਦੂਜੇ ਤੇ ਕੀਤੇ ਜਾਣ ਵਾਲੇ ਹਮਲਿਆਂ ਨੂੰ ਰੋਕਣਾ, ਅੰਤਰਰਾਸ਼ਟਰੀ ਸੁਰੱਖਿਆ ਅਤੇ ਸ਼ਾਂਤੀ ਕਾਇਮ ਰੱਖਣਾ, ਬਰਾਬਰਤਾ ਅਤੇ ਸਵੈ ਨਿਰਣੈ ਦੇ ਅਧਿਕਾਰ ਦੇ ਅਧਾਰ ਤੇ ਵੱਖ ਵੱਖ ਦੇਸ਼ਾਂ ਵਿੱਚ ਮਿੱਤਰਤਾ ਵਾਲੇ ਸਬੰਧ ਕਾਇਮ ਕਰਨਾ, ਅੰਤਰਰਾਸ਼ਟਰੀ ਅਧਾਰ ਤੇ ਵੱਖ-ਵੱਖ ਦੇਸ਼ਾਂ ਵਿੱਚ ਸਮਾਜਿਕ, ਆਰਥਿਕ, ਸੰਸਕ੍ਰਿਤਕ ਅਤੇ ਹੋਰ ਮਾਨਵੀ ਸਬੰਧਾ ਵਿੱਚ ਆਪਸੀ ਸਹਿਯੋਗ ਦਾ ਵਿਕਾਸ ਕਰਨਾ ਸੀ। ਨਸਲ, ਜਾਤਿ, ਧਰਮ, ਭਾਸ਼ਾ, ਲਿੰਗ ਆਦਿ ਦੇ ਅਧਾਰ ਤੇ ਹੋਣ ਵਾਲੇ




ਵਿਤਕਰਿਆਂ ਨੂੰ ਖਤਮ ਕਰਨਾ ਅਤੇ ਮਨੁੱਖੀ ਅਧਿਕਾਰਾਂ ਦੀ ਭਾਵਨਾ ਨੂੰ ਵਿਕਸਿਤ ਕਰਨਾ ਹੈ। 10 ਜਨਵਰੀ, 1946 ਨੂੰ ਲੰਡਨ ਦੇ ਬੇਸਟਮਿੰਸਟਰ ਹਾਲ ਵਿੱਚ ਇਸਦਾ ਪਹਿਲਾ ਸੰਮੇਲਨ ਹੋਇਆ ਜਿਸ ਵਿੱਚ ਇਸਦਾ ਮੁੱਖ ਦੱਫਤਰ ਮੈਨਹੈਟਨ ਟਾਪੂ ਨਿਉਯਾਰਕ ਸ਼ਹਿਰ ਵਿੱਚ ਬਣਾਇਆ ਗਿਆ ਸੀ। ਇਸਤੋਂ ਇਲਾਵਾਂ ਇਸ ਦੀਆਂ ਕੁੱਝ ਸੰਸਥਾਵਾਂ ਦੇ ਦਫਤਰ ਜਨੇਵਾ, ਕੋਪਨਹੇਵਨ ਆਦਿ ਵਿੱਚ ਵੀ ਬਣਾਏ ਗਏ ਹਨ। ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਵੇਲੇ ਸਿਰਫ 04 ਭਾਸ਼ਾਵਾਂ ਨੂੰ ਹੀ ਰਾਜ ਭਾਸ਼ਾਵਾਂ ਦਾ ਦਰਜਾ ਦਿਤਾ ਗਿਆ ਸੀ ਪਰੰਤੂ ਹੁਣ ਅਰਬੀ, ਚੀਨੀ, ਅੰਗਰੇਜੀ, ਫਰਾਂਸਿਸੀ, ਸਪੇਨੀ ਅਤੇ ਰੂਸੀ ਇਸ ਦੀਆਂ ਅਧਿਕਾਰਤ ਭਾਸ਼ਾਵਾਂ ਬਣਾਈਆਂ ਗਈਆਂ। ਭਾਰਤ ਨੇ ਬੇਸ਼ੱਕ ਹਿੰਦੀ ਨੂੰ ਰਾਜ ਭਾਸਾ ਬਣਾਉਣ ਲਈ ਪੂਰਾ ਜ਼ੋਰ ਲਗਾਇਆ ਹੋਇਆ ਹੈ ਪਰ ਅਜੇ ਤੱਕ ਹਿੰਦੀ ਨੂੰ ਇਸ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ। ਸਮੇਂ-ਸਮੇਂ ਤੇ ਭਾਰਤ ਦੇ ਕਈ ਆਗੂਆਂ ਸਵਰਗੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ, ਸਵਰਗੀ ਵਿਦੇਸ਼ ਮੰਤਰੀ ਸ਼ੁਸ਼ਮਾ ਸਵਰਾਜ, ਮੋਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਦਿ ਨੇ ਸੰਯੁਕਤ ਰਾਸ਼ਟਰ ਵਿੱਚ ਹਿੰਦੀ ਭਾਸ਼ਾ ਵਿੱਚ ਹੀ ਅਪਣਾ ਭਾਸ਼ਣ ਦਿੱਤਾ ਹੈ। ਮੋਜੂਦਾ ਸਮੇਂ ਵਿਸ਼ਵ ਦੇ ਸਾਰੇ ਮਾਨਤਾ ਪ੍ਰਾਪਤ 193 ਦੇਸ਼ ਇਸਦੇ ਮੈਂਬਰ ਹਨ। ਸੰਯੁਕਤ ਰਾਸ਼ਟਰ ਸੰਘ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਕਈ ਸ਼ਾਖਾਵਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਵਿੱਚੋਂ ਪ੍ਰਮੁੱਖ ਆਮ ਸਭਾ ਜੋਕਿ ਸੰਯੁਕਤ ਰਾਸ਼ਟਰ ਸੰਘ ਦੇ ਸਾਰੇ ਮਾਮਲਿਆਂ ਸਬੰਧੀ ਫੈਸਲੇ ਕਰਦੀ ਹੈ, ਬੱਜਟ ਨੂੰ ਪਾਸ ਕਰਦੀ ਹੈ, ਸੰਯੁਕਤ ਰਾਸ਼ਟਰ ਸੰਘ ਦੇ ਫੈਸਲਿਆਂ ਨੂੰ ਨਾਂ ਮੰਨਣ ਵਾਲੇ ਦੇਸ਼ਾਂ ਦੀ ਮੈਂਬਰਸ਼ਿਪ ਰੱਦ ਕਰਨ ਸਬੰਧੀ ਫੈਸਲਾ ਕਰਨਾ, ਨਵੇਂ ਦੇਸਾਂ ਨੂੰ ਮੈਂਬਰਸ਼ਿਪ ਦੇਣ ਸਬੰਧੀ ਫੈਸਲੇ ਕਰਨਾ ਸ਼ਾਮਿਲ ਹੇ। ਸੰਯੁਕਤ ਰਾਸ਼ਟਰ ਸੰਘ ਦੀ ਇੱਕ ਸ਼ਾਖਾ ਸੁਰੱਖਿਆ ਪ੍ਰੀਸ਼ਦ ਹੈ ਜਿਸਦੇ ਅਮਰੀਕਾ, ਰੂਸ, ਬ੍ਰਿਟੇਨ, ਫਰਾਂਸ, ਚੀਨ 05 ਸਥਾਈ ਮੈਂਬਰ ਹਨ ਅਤੇ 10 ਹੋਰ ਮੈਂਬਰਾ ਦੀ ਨਿਯੁਕਤੀ ਸਧਾਰਣ ਸਭਾ ਕਰਦੀ ਹੈ ਜਿਨ੍ਹਾ ਦਾ ਕਾਰਜਕਾਲ 02 ਸਾਲ ਤੱਕ ਹੁੰਦਾ ਹੈ ਅਤੇ ਇਨ੍ਹਾਂ ਕੋਲ ਵੀਟੋ ਅਧਿਕਾਰ ਹੁੰਦਾ ਹੈ ਅਤੇ ਇਹ ਦੇਸ਼ਾਂ ਵਿੱਚ ਯੁੱਧ ਸ਼ੁਰੁ ਹੋਣ ਦੀ ਹਾਲਤ ਵਿੱਚ ਯੁੱਧ ਰੋਕਣ ਲਈ ਯੁੱਧ ਵਿਰਾਮ ਦੇ ਆਦੇਸ਼ ਦਿੰਦੀ ਹੈ ਅਤੇ ਜੇਕਰ ਜਰੂਰਤ ਪਵੇ ਤਾਂ ਮੈਂਬਰ ਦੇਸ਼ਾਂ ਨੂੰ ਸੈਨਿਕ ਸਹਾਇਤਾ ਦਿੰਦੀ ਹੈ। ਸੰਯੁਕਤ ਰਾਸ਼ਟਰ ਸੰਘ ਦੀ ਇੱਕ ਹੋਰ ਮਹੱਤਵਪੂਰਨ ਸ਼ਾਖਾ ਅੰਤਰਰਾਸ਼ਟਰੀ ਅਦਾਲਤ ਹੈ ਜਿਸਦੇ 15 ਜੱਜ ਹੁੰਦੇ ਹਨ ਜਿਨ੍ਹਾ ਦੀ ਚੋਣ ਸਥਾਈ ਸਭਾ ਅਤੇ ਸੁਰੱਖਿਆ ਪ੍ਰੀਸ਼ਦ ਕਰਦੀ ਹੈ ਅਤੇ ਇਨ੍ਹਾਂ ਦਾ ਕਾਰਜਕਾਲ 9 ਸਾਲ ਲਈ ਹੁੰਦਾ ਹੈ ਅਤੇ ਇਨ੍ਹਾ ਵਿੱਚੋਂ ਇੱਕ ਤਿਹਾਈ ਹਰ ਤਿੰਨ ਸਾਲ ਬਦਲਦੇ ਹਨ। ਇਹ ਅਦਾਲਤ ਅੰਤਰਰਾਸਟਰੀ ਝਗੜਿਆਂ ਦਾ ਨਿਪਟਾਰਾ ਕਰਦੀ ਹੈ। ਇਨ੍ਹਾਂ ਤੋਂ ਇਲਾਵਾ ਹੋਰ ਸ਼ਾਖਾਵਾ ਸਮਾਜਿਕ-ਆਰਥਿਕ ਪ੍ਰੀਸ਼ਦ, ਨਿਆਏ ਪ੍ਰੀਸਦ, ਸਕੱਤਰ ਆਦਿ ਵੀ ਹਨ। ਸੰਯੁਕਤ ਰਾਸ਼ਟਰ ਦੀਆ ਕਈ ਹੋਰ ਸੰਸਥਾਵਾ ਵੀ ਹਨ ਜਿਨ੍ਹਾਂ ਵਿੱਚ ਵਿਸ਼ਵ ਸਿਹਤ ਸੰਗਠਨ, ਖੁਰਾਕ ਅਤੇ ਖੇਤੀ ਸੰਗਠਨ, ਸੰਯੁਕਤ ਰਾਸ਼ਟਰ ਵਿਦਿਅੱਕ ਵਿਗਿਆਨਕ ਅਤੇ ਸੰਸਕ੍ਰਿਤਿਕ ਸੰਗਠਨ, ਯੂਨੀਸੈਫ, ਅੰਤਰਰਾਸ਼ਟਰੀ ਮਜਦੂਰ ਸੰਗਠਨ, ਸ਼ਰਨਾਰਥੀਆਂ ਲਈ ਸੰਯੁਕਤ ਰਾਸਟਰ ਹਾਈ ਕਮਿਸ਼ਨਰ, ਸੰਯੁਕਤ ਰਾਸ਼ਟਰ ਮਨੁਖੀ ਅਧਿਕਾਰ ਪ੍ਰੀਸ਼ਦ ਆਦਿ ਹਨ ਜੋਕਿ ਅਪਣੇ ਅਪਣੇ ਖੇਤਰ ਵਿੱਚ ਸਫਲਤਾ ਪੂਰਬਕ ਕੰਮ ਕਰ ਰਹੀਆਂ ਹਨ। ਸੰਯੁਕਤ ਰਾਸ਼ਟਰ ਸੰਘ ਦੀਆਂ ਮੁੱਖ ਵਿਸ਼ੇਸ਼ਤਾਵਾਂ ਹਨ ਕਿ ਇਸ ਦੁਆਰਾ ਲੱਗਭੱਗ 100 ਦੇਸ਼ਾਂ ਵਿੱਚ ਜਲਵਾਯੂ ਬਦਲਾਓ ਅਤੇ ਊਰਜਾ ਬਚਾਓ ਲਈ ਪ੍ਰੋਗਰਾਮ ਚੱਲ ਰਹੇ ਹਨ, 3.6 ਕਰੋੜ ਸ਼ਰਨਾਰਥੀਆਂ ਨੂੰ ਸਹਾਇਤਾ ਦਿੱਤੀ ਜਾ ਰਹੀ ਹੈ, ਵੱਖ ਵੱਖ ਦੇਸ਼ਾਂ ਵਿੱਚ ਬੱਚਿਆਂ ਲਈ ਬਿਮਾਰੀਆਂ ਤੋਂ ਬਚਾਓ ਲਈ ਟੀਕਾਕਰਨ ਪ੍ਰੋਗਰਾਮ ਚੱਲ ਰਿਹਾ ਹੈ, ਗਰਭਵਤੀ ਮਹਿਲਾਵਾਂ ਦੀ ਸਿਹਤ ਦੀ ਸਾਂਭ ਸੰਭਾਲ ਲਈ ਪ੍ਰੋਗਰਾਮ ਚੱਲ ਰਹੇ ਹਨ, ਕਈ ਦੇਸ਼ਾਂ ਵਿੱਚ ਗਰੀਬੀ ਅਤੇ ਭੁੱਖਮਰੀ ਦੂਰ ਕਰਨ ਲਈ ਪ੍ਰੋਗਰਾਮ ਚੱਲ ਰਹੇ ਹਨ। ਸੰਯੁਕਤ ਰਾਸ਼ਟਰ ਸੰਘ ਨੇ ਲੱਗਭੱਗ 80 ਦੇਸਾਂ ਨੂੰ ਅਜ਼ਾਦ ਕਰਵਾਉਣ ਲਈ ਮੁੱਖ ਭੁਮਿਕਾ ਨਿਭਾਈ ਹੈ, ਵਿਸ਼ਵ ਦੇ 04 ਮਹਾਂਦੀਪਾਂ ਵਿੱਚ ਸ਼ਾਂਤੀ ਕਾਇਮ ਰੱਖਣ ਅਤੇ ਆਪਸੀ ਸਬੰਧ ਸੁਖਾਵੇਂ ਰੱਖਣ ਲਈ ਕੰਮ ਕੀਤਾ ਹੈ। ਪੂਰੀ ਦੁਨੀਆ ਦੇ ਜੋ ਵੀ ਲੋਕ ਬੁਨਿਆਦੀ ਅਧਿਕਾਰਾਂ ਅਤੇ ਵਿਸ਼ੇਸ ਅਧਿਕਾਰਾਂ ਦਾ ਆਨੰਦ ਮਾਣ ਰਹੇ ਹਨ ਉਹ ਸਭ ਸੰਯੁਕਤ ਰਾਸ਼ਟਰ ਵਲੋਂ ਕੀਤੀਆਂ ਗਈਆਂ ਕੋਸ਼ਿਸਾਂ ਅਤੇ ਕੰਮਾਂ ਦਾ ਹੀ ਨਤੀਜਾ ਹੈ। ਸੰਯੁਕਤ ਰਾਸਟਰ ਵਲੋਂ ਵਿਸ਼ਵ ਵਿੱਚ ਸ਼ਾਂਤੀ ਬਣਾਕੇ ਰੱਖਣ ਅਤੇ ਲੋਕਾਂ ਦੀਆਂ ਜਰੂਰਤਾਂ ਨੂੰ ਪੂਰੀਆਂ ਕਰਨ ਲਈ ਹਰ ਸੰਭਬ ਕੋਸਿਸ਼ ਕੀਤੀ ਜਾਂਦੀ ਹੈ। ਜਨਵਰੀ 2011 ਤੋਂ ਜਨਵਰੀ 2013 ਤੱਕ ਭਾਰਤ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦਾ ਅਸਥਾਈ ਮੈਂਬਰ ਰਿਹਾ ਹੈ। ਵਿਦੇਸ਼ ਨੀਤੀ ਦੇ ਮਾਹਿਰ ਰੇਜਾਉਲ ਕਰੀਮ ਲਸਕਰ ਅਨੁਸਾਰ ਇਸ ਸਮੇਂ ਦੌਰਾਨ ਭਾਰਤ ਨੇ ਅੰਤਰਰਾਸ਼ਟਰੀ ਸੁਰੱਖਿਆ ਅਤੇ ਸ਼ਾਂਤੀ ਵਧਾਉਣ ਦੇ ਨਾਲ-ਨਾਲ ਦੇਸ਼ ਦੀ ਅੰਦਰੂਨੀ ਸੁਰੱਖਿਆ ਅਤੇ ਸ਼ਾਂਤੀ ਲਈ ਵੀ ਕੰਮ ਕੀਤਾ ਹੈ। ਜਨਵਰੀ 2021 ਤੋਂ ਭਾਰਤ ਫਿਰ 8ਵੀਂ ਵਾਰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦਾ ਅਸਥਾਈ ਮੈਂਬਰ ਬਣ ਗਿਆ ਹੈ। ਭਾਰਤ ਅਗੱਸਤ 2021 ਵਿੱਚ ਸੁਰੱਖਿਆ ਪ੍ਰੀਸ਼ਦ ਦਾ ਪ੍ਰਧਾਨ ਬਣਿਆ ਹੈ ਅਤੇ ਦਸੰਬਰ 2022 ਵਿੱਚ ਫਿਰ ਸੁਰੱਖਿਆ ਪ੍ਰੀਸ਼ਦ ਦਾ ਪ੍ਰਧਾਨ ਬਣੇਗਾ। ਸੰਯੁਕਤ ਰਾਸ਼ਟਰ ਦੀ ਕਾਰਗੁਜ਼ਾਰੀ ਬਾਰੇ ਕਈ ਵਾਰ ਵਿਤਕਰੇ ਦੀ ਭਾਵਨਾ ਦੇ ਇਲਜਾਮ ਲੱਗਦੇ ਹਨ ਜੋਕਿ ਇਸਦੇ ਭਵਿੱਖ ਲਈ ਉਚਿੱਤ ਨਹੀਂ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਕਈ ਵਾਰ ਸੰਯੁਕਤ ਰਾਸ਼ਟਰ ਵਿੱਚ ਕੁੱਝ ਪ੍ਰਭਾਵਸਾਲੀ ਦੇਸ਼ਾਂ ਨੇ ਮਨਮਾਨੀ ਕੀਤੀ ਹੈ ਅਤੇ ਸੰਯੁਕਤ ਰਾਸਟਰ ਨੂੰ ਪ੍ਰਭਾਵਸ਼ਾਲੀ ਬਣਾਉਣ ਅਤੇ ਨਿਰਪੱਖ ਤੋਰ ਤੇ ਕੰਮ ਕਰਨ ਲਈ ਕਈ ਦੇਸ਼ ਸਮੇਂ ਸਮੇਂ ਤੇ ਮੰਗ ਕਰਦੇ ਹਨ। ਭਾਰਤ ਵਿੱਚ ਸੰਯੁਕਤ ਰਾਸ਼ਟਰ ਦੀਆਂ 26 ਵੱਖ-ਵੱਖ ਏਜੰਸੀਆਂ ਕੰਮ ਕਰ ਰਹੀਆਂ ਹਨ। ਅੱਜ ਵਿਸ਼ਵ ਪੱਧਰ ਤੇ ਸੰਯੁਕਤ ਰਾਸ਼ਟਰ ਦਿਵਸ ਮਨਾਇਆ ਜਾ ਰਿਹਾ ਹੈ ਪਰ ਜਰੂਰਤ ਹੈ ਕਿ ਸੰਯੁਕਤ ਰਾਸ਼ਟਰ ਦੇ ਉਦੇਸ਼ਾਂ ਦੀ ਪੂਰਤੀ ਲਈ ਸਮੂਹ ਮੈਂਬਰ ਦੇਸ਼ ਪੂਰਾ ਸਹਿਯੋਗ ਕਰਨ ਅਤੇ ਸੰਯੁਕਤ ਰਾਸ਼ਟਰ ਵਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਅਤੇ ਸੰਯੁਕਤ ਰਾਸ਼ਟਰ ਬਿਨਾਂ ਕਿਸੇ ਦਬਾਓ ਦੇ ਨਿਰਪੱਖ ਰਹਿਕੇ ਕੰਮ ਕਰੇ।



# ਰਾਜਨੀਤੀ ਵਿੱਚ ਲੋੜ ਹੈ ਪੜ੍ਹੇ ਲਿੱਖੇ ਸੂਝਵਾਨ ਲੋਕਾਂ ਦੇ ਅੱਗੇ ਆਉਣ ਦੀ- ਅਮਰਜੀਤ ਸਿੰਘ ਘੱਗਾ

ਪਟਿਆਲਾ ਤੋਂ ਕਿਰਤੀ ਕਿਸ਼ਾਨ ਸ਼ੇਰੇ ਪੰਜਾਬ ਪਾਰਟੀ ਦੇ ਸੰਸਥਾਪਿਕਾਂ ਦੀ ਟੀਮ ਦੇ ਅਹਿਮ ਮੈਂਬਰ ਰਿਟਾਇਰਡ ਆਈਆਰਐਸ ਕਮਿਸ਼ਨਰ ਸਰਦਾਰ ਅਮਰਜੀਤ ਸਿੰਘ ਘੱਗਾ ਆਪਣੀਆਂ ਅਣਥੱਕ ਸਰਗਰਮੀਆਂ ਸਮਾਣਾ ਪਾਤੜਾਂ ਦੇ ਇਲਾਕੇ ਨੂੰ ਤਰੱਕੀ ਦੀ ਮੂਹਰਲੀ ਕਤਾਰ ਵਿੱਚ ਲਿਆਉਣ ਲਈ ਪੂਰ ਜੋਰ ਕੰਮ ਕਰ ਰਹੇ ਹਨ। ਉਹ ਬਹੁਤ ਹੀ ਸਾਫ ਸੁਥਰੀ ਅਤੇ ਅਗਾਹਾਂ ਵਧੂ ਸੋਚ ਵਾਲੇ ਨੇਕ ਨੀਯਤ ਇਨਸ਼ਾਨ ਹਨ। ਉਹ ਰਾਜਨੇਤਾਵਾਂ ਦੀ ਵਾਅਦਾ ਖਿਲਾਫੀ, ਵਾਅਦੇ ਕਰਨੇ ਕਰਕੇ ਉਹਨਾ ਨੂੰ ਜੁਮਲੇ ਕਹਿ ਆਮ ਲੋਕਾਂ ਦਾ ਮੁਜਾਕ ਬਣਾ ਦੇਣ, ਗੁਟਕਾ ਸਾਹਿਬ ਹੱਥਾਂ ਵਿੱਚ ਲੈ ਕੇ ਸੌਂਹਾਂ ਖਾਣੀਆਂ, ਜਿੱਤਕੇ ਕੁੱਝ ਨਾਂ ਕਰਨਾਂ, ਨੌਜਵਾਨੀ ਦਾ ਨਸ਼ਿਆਂ ਨਾਲ ਨਾਸ਼, ਬੇਰੁਜ਼ਗਾਰੀ, ਲਗਾਤਾਰ ਵਧਦੀ ਡੀਜਲ, ਪੈਟਰੋਲ, ਰਸੋਈ ਗੈਸ ਦੀਆਂ ਵਧਦੀਆਂ ਕੀਮਤਾਂ ਤੋਂ ਜੰਤਾ ਦੀਆਂ ਪ੍ਰੇਸ਼ਾਨੀ ਕਾਰਨ ਪ੍ਰੇਸ਼ਾਨ ਹੁੰਦੇ ਹਨ।ਉਹ ਤਿੰਨ ਖੇਤੀ ਕਾਨੂੰਨ ਦੇ ਵਿਰੋਧ ਵਿੱਚ ਚਲ ਰਹੇ ਸੰਯੁਕਤ ਕਿਸਾਨ ਮੋਰਚੇ ਦੀ ਹਮਾਇਤ ਲਈ ਕਈ ਵਾਰ ਦਿੱਲੀ ਬਾਰਡਰ ਹਮਾਇਤ ਵਿੱਚ ਆਪਣੇ ਸਾਥੀਆਂ ਅਤੇ ਟੀਮ ਨਾਲ ਜਾ ਚੁੱਕੇ ਹਨ।

ਉਹਨਾ ਨੇ ਇਲਾਕੇ ਦੀ ਸਮਸਿਆ ਨੂੰ ਦੇਖਦੇ ਹੋਏ ਪਾਤੜਾਂ ਨੂੰ ਜਿਲ੍ਹਾ ਬਨਾਉਣ ਦੀ ਮੰਗ ਕੀਤੀ ਹੈ।ਪਟਿਆਲੇ ਤੋਂ ਪਾਤੜਾਂ ਲਗਭਗ 60 ਕਿਲੋਮੀਟਰ ਦਾ ਇਕ ਪਾਸਾ ਜਾਣ ਦਾ ਰਸਤਾ ਬਣਦੇ ਹੈ। ਛੋਟੇ ਤੋਂ ਛੋਟੇ ਜਿਲ੍ਹਾ ਲੈਵਲ ਦੇ ਕੰਮ ਲਈ ਦਾਣ ਲਈ ਟਰੈਫਿਕ ਕਾਰਨ ਆਉਣ ਜਾਣ ਵਿੱਚ ਹੀ ਅੱਧਾ ਦਿਨ ਨਿਕਲ ਜਾਂਦਾ ਹੈ। ਇਸ ਦੇ ਨਾਲ ਹੋਰ ਹਰਿਆਣਾ ਦੇ ਬਾਰਡਰ ਦਾ ਏਰੀਆ ਹੋਣ ਕਾਰਨ ਬਹੁਤ ਸਮਸਿਆਵਾਂ ਆਉਂਦੀਆਂ ਰਹਿੰਦੀਆਂ ਹਨ। ਜਿਸ ਨੂੰ ਪਾਤੜਾਂ ਨੂੰ ਜਿਲ੍ਹਾ ਬਣਾਕੇ ਹੱਲ ਕਰਨਾ ਬਹੁਤ ਜਰੂਰੀ ਹੈ।

ਸਰਦਾਰ ਅਮਰਜੀਤ ਸਿੰਘ ਘੱਗਾ ਬੇਸ਼ਕ ਉਹਨਾ ਦੀ ਆਪਣੀ ਰਹਾਇਸ਼ ਪਟਿਆਲਾ ਵਿੱਚ ਹੈ ਪਰ ਉਹ ਆਪਣੀ ਜਨਮ ਭੂਮੀ ਘੱਗਾ ਅਤੇ ਇਸ ਦੇ ਨਾਲ ਲਗਦੇ ਇਲਾਕੇ ਨਾਲ ਲਗਾਤਾਰ ਜੁੜੇ ਹੋਏ ਹਨ। ਇਹਨਾ ਦੇ ਸਮਾਜ ਵਿੱਚ ਵਿਚਰਨਾ



ਇਲਾਕੇ ਨੂੰ ਨਵਾਂ ਰਾਹ ਦਿਖਾਉਣਾ ਬਹੁਤ ਰਾਸ ਆ ਰਿਹਾ ਹੈ। ਪਿਛਲੇ ਲੰਮੇਂ ਲਮੇਂ ਤੋਂ ਉਹ ਆਪਣੇ ਨਿੰਜੀ ਮਕਾਨ ਨੂੰ ਸਮਾਜ ਸੇਵਾ ਲਈ ਇੱਕ ਮੁਫਤ ਕੋਚਿੰਗ ਸੈਂਟਰ ਖੋਲਕੇ ਕਈ ਹੋਣਹਾਰ ਬੱਚਿਆਂ ਦਾ ਭਵਿਖ ਬਣਾ ਚੁੱਕੇ ਹਨ ਤੇ ਚੰਗੇ ਔਹਰਿਆਂ ਉੱਤੇ ਸੇਵਾਵਾਂ ਦੇ ਰਹੇ ਹਨ। ਕੋਚਿੰਗ ਸੈਂਟਰ ਵਿੱਚ ਨੌਜਵਾਨ ਮੁੰਡੇ ਕੁੱੜੀਆਂ ਛੋਟੇ ਪੱਧਰ ਦੇ ਕੰਪੀਟੀਸ਼ਨਾਂ ਤੋਂ ਲੈਕੇ ਯੂਪੀਐਸਸੀ ਵਰਗੇ ਕੰਪੀਟੀਸ਼ਨਾਂ ਦੀਆਂ ਤਿਆਰੀਆਂ ਕਰ ਰਹੇ ਹਨ। ਸਮੇਂ ਸਮੇਂ ਉੱਤੇ ਉਹ ਬਹੁਤ ਹੀ ਉੱਚ ਦਰਜੇ ਦੇ ਟਰੇਂਨਰਾਂ ਅਤੇ ਹਪਾਨ ਹਸਤੀਆਂ ਦੀ ਕੋਚਿੰਗ ਸੈਂਟਰ ਵਿੱਚ ਵਿਦਿਆਰਥੀਆਂ ਨੂੰ ਰੂਹ ਬਰੂਹ ਕਰਦੇ ਰਹਿੰਦੇ ਹਨ। ਉਹਨਾਂ ਇੱਥੇ ਲਾਇਬਰੇਰੀ





ਦਾ ਭੰਡਾਰ ਵੀ ਬਣਾ ਰਖਿਆ ਹੈ, ਜਿਸ ਦਾ ਪੜਨ ਵਾਲੇ ਲਾਭ ਉਠਾਉਂਦੇ ਰਹਿੰਦੇ ਹਨ। ਇਸ ਦੇ ਨਾਲ ਹੀ ਨੌਜਵਾਨਾਂ ਨੂੰ ਖੇਢਾਂ ਲਈ ਵੀ ਉਤਸ਼ਾਹਤ ਕਰਦੇ ਰਹਿੰਦੇ ਹਨ। ਪਿਛਲੇ ਦਿਨੀ ਘੱਗਾ ਕਬੱਡੀ ਕੱਪ ਵਿੱਚ ਉਹਨਾ ਦਾ ਅਹਿਮਯੋਗਦਾਨ ਰਿਹਾ ਹੈ।

ਪਿਛਲੇ ਦਿਨੀਂ ਉਹਨਾ ਨੇ ਪਿੰਡ ਸ਼ੁਤਰਾਣਾ ਵਿਖੇ ਮੁਫ਼ਤ ਮੈਡੀਕਲ ਕੈਂਪ ਦਾ ਆਯੋਜਨ ਵੱਲੋਂ ਮਨਜਿੰਦਰ ਸਿੰਘ ਵਿਰਕ (ਅਮਰੀਕਾ) ਅਤੇ ਸਮਾਜ ਸੇਵੀ ਸੰਸਥਾ ਸਾਂਝ ਗਲੋਬਲ ਫਾਉਂਡੇਸ਼ਨ ਦੇ ਵਿਸ਼ੇਸ਼ ਸਹਿਯੋਗ ਨਾਲ ਕੀਤਾ ਗਿਆ। ਇਸ ਕੈਂਪ ਵਿੱਚ 250 ਤੋਂ ਵੱਧ ਜ਼ਰੂਰਤਮੰਦ ਲੋਕਾਂ ਦੀ ਸਿਹਤ ਜਾਂਚ ਕੀਤੀ ਗਈ ਅਤੇ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸੰਸਥਾ ਆਗੂ ਗੁਰਪਿਆਰ ਸਿੰਘ ਦਿਉਗੜ੍ਹਵੱਲੋਂ ਲੋਕ ਭਲਾਈ ਕੰਮਾਂ ਵਿਚ ਨਿਰੰਤਰ ਆਪਣਾ ਯੋਗਦਾਨ ਪਾਇਆ ਜਾ ਰਿਹਾ ਹੈ। ਜਿਵੇਂ ਕਿ ਜਨਰਲ ਮੈਡੀਕਲ ਕੈਂਪ,



ਹਰਦੀਪ ਸਿੰਘ ਚੁੰਬਰ
+91-94636-01616

ਅੱਖਾਂ ਦੇ ਫ੍ਰੀ ਅੱਪਰੇਸ਼ਨ ਕੈਂਪ , ਸੇਨੈਟਰੀ ਪੈਡ , ਰਾਸ਼ਨ ਵੰਡਣਾ, ਰੁੱਖ ਲਗਾਉਣੇ ਆਦਿ ਲੋਕ ਭਲਾਈ ਕੰਮ ਨਿਰੰਤਰ ਜਾਰੀ ਹਨ ਜੋਂ ਕਿ ਸੰਸਥਾ ਪ੍ਰਧਾਨ ਰਵਿੰਦਰ ਸਿੰਘ ਸੰਧੂ ਕਨੇਡਾ ਦੀ ਪ੍ਰਧਾਨਗੀ ਹੇਠ ਕੀਤੇ ਜਾ ਰਹੇ ਹਨ। ਇਸ ਕੈਂਪ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਰਿਟਾਇਰਡਕਮਿਸ਼ਨਰ ਅਮਰਜੀਤ ਸਿੰਘ ਘੱਗਾ, ਮੈਂਬਰ ਸੈਂਸਰ ਬੋਰਡ ਸੰਦੀਪ ਮਲਾਣਾ ਉਹਨਾਂ ਨਾਲ ਸੁਖਦੇਵ ਸਿੰਘ, ਸਰਪੰਚ ਰਾਜਵਿੰਦਰ ਸਿੰਘ ਰਾਜਾ, ਹਰਬੰਸ ਬੰਗੇ, ਜਤਵਿੰਦਰ ਗਰੇਵਾਲ, ਸਚਿਨ ਸਿੰਗਲਾ, ਰੁਪਿੰਦਰ ਕੌਰ, ਅਮਨਿੰਦਰ ਸਿੰਘ ਵਿਰਦੀ, ਅਮਨਦੀਪ ਸਿੰਘ ਪਾਤੜਾਂ, ਪ੍ਰੀਤਮ ਸਿੰਘ ਸੰਧੂ ,ਅਮਰੀਕ ਸਿੰਘ ਘੱਗਾ, ਹਰਮੇਲ ਸਿੰਘ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਇਲਾਕਾ ਚਾਹੁੰਦਾ ਹੈ ਕਿ ਇਹੋ ਜਿਹੇ ਅੱਛੇ ਇਨਸ਼ਾਨ ਇਲਾਕੇ ਦੀ ਅਗਵਾਈ ਕਰਨ ਲਈ ਅੱਗੇ ਆਉਣ ਤਾਂ ਇਲਾਕੇ ਦੀਆਂ ਲੰਮੇਂ ਲਮੇਂ ਤੋਂ ਲਟਕ ਰਹਈਂ ਸਮਸਿਆਵਾਂ ਦਾ ਹੱਲ ਹੋ ਸਕਦਾ ਹੈ ਅਤੇ ਇਲਾਕੇ ਦੀ ਤਰੱਕੀ ਹੋ ਸਕਦੀ ਹੈ।

# ਪਿੰਡਾਂ ਦੇ ਗਰੀਬਾਂ ਨੂੰ "ਪਾਰਸ" ਵੰਡਣ ਵਾਲੇ ਸ੍ਰੀ ਰਾਮ ਸ਼ਰਨ ਬੰਗੜ ਜੀ

**ਹਰਦੀਪ ਸਿੰਘ ਚੁੰਬਰ**

ਪਾਰਸ ਕੀ ਹੁੰਦਾ ਹੈ ਇਸ ਨੂੰ ਸਭ ਜਾਣਦੇ ਹਨ, ਸਾਡੇ ਵਿੱਚੋਂ ਦੇਖਿਆ ਕਿਸੇ ਨੇ ਵੀ ਨਹੀਂ ਹੈ। ਇਹ ਕਿਦਾ ਕੰਮ ਕਰਦਾਂ ਹੈ ਇਹ ਵੀ ਜਾਣਦੇ ਹਨ ਜਿਵੇਂ ਕਹਾਣੀਆਂ ਵਿੱਚ ਪੜਇਆ ਸੁਣਿਆ ਅਤੇ ਪਿਕਚਰਾਂ ਵਿੱਚ ਦੇਖਿਆ ਹੈ। ਲੇਕਿਨ ਅਸਲੀ




ਪਿੰਡ ਉਲਾਣਾ ਵਿੱਚ ਸ੍ਰੀ ਰਾਮ ਸ਼ਰਨ ਬੰਗੜ ਜੀ 15-10-2021 ਨੂੰ ਲਾਇਬਰੇਰੀ ਅਤੇ ਕਿਤਾਬਾਂ ਦੀ ਲਿਸਟ ਪਿੰਡ ਦੇ ਪ੍ਰਮੁੱਖ ਸੰਸਥਾਵਾਂ ਦੇ ਔਹਦੇਦਾਰਾਂ ਨੂੰ ਸੌਂਪਦੇ ਹੋਏ।



ਪਾਰਸ (ਵਿਦਿਆ ਦਾ ਖਜਾਨਾ "ਕਿਤਾਬਾਂ") ਜਿਹੜਾ ਸਾਰੇ ਸੰਸਾਰ ਦੇ ਸਾਹਮਣੇ ਹੈ ਉਸ ਨੂੰ ਵਰਤੋਂ ਵਿੱਚ ਲਿਆਕੇ ਸਾਰੇ ਸੰਸਾਰ ਨੇ ਤਰੱਕੀ ਕੀਤੀ ਹੈ, ਧਨ ਕਮਾਇਆ ਹੈ ਗਰੀਬ ਤੋਂ ਅਮੀਰ ਬਣੇ ਹਨ।

ਉੱਚੇ ਔਹਦਿਆਂ ਉਤੇ ਬਿਰਾਜਮਾਨ ਹੋਏ ਹਨ। ਖੋਜਾਂ ਕਰ ਰਹੇ ਹਨ। ਬ੍ਰਹਿਮਡ ਦੀ ਸੈਰ ਕਰਦੇ ਨਵੀਂ ਦੁਨੀ ਤਕ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਹਨ। ਇਸੇ ਵਿੱਦਿਆ ਰੂਪੀ ਪਾਰਸ ਨੂੰ ਰਗੜਕੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੁਨੀਆਂ ਦੀ ਮਹਾਨ ਸਖਸੀਅਤ ਬਣੇ। ਕਰੋੜਾਂ ਗਰੀਬ ਅਤੇ ਐਸਸੀ ਹਜਾਰਾਂ ਸਾਲਾ ਦੇ ਬੇਦਖਲ ਵਿੱਦਿਆ ਤੋਂ ਦੂਰ ਕੀਤੇ ਅੱਜ ਵੱਡੇ ਔਹਦਿਆਂ ਉਤੇ ਬਿਰਾਜਮਾਨ ਹਨ।

ਇਹ ਪਾਰਸ ਰੂਪੀ ਖਜਾਨਾਂ ਵੰਡਣ ਦਾ ਕੰਮ ਬਿਜਲੀ ਬੋਰਡ ਦੇ ਰਿਟਾਇਰਡ ਡਿਪਟੀ ਚੀਫ ਇੰਜੀਨੀਅਰ ਸ੍ਰੀ ਰਾਮ ਸ਼ਰਨ ਬੰਗੜ ਜੀ ਨੇ ਸੁਰੂ ਕੀਤਾ ਹੈ। ਜਿਸ ਦੇ ਵਿੱਚ ਅਹਿਮ ਯੋਗਦਾਨ ਸ੍ਰੀ ਬਲਬੰਤ ਕੁਮਾਰ ਜੀ ਇੰਜੀਨੀਅਰ ਇਨ ਚੀਫ ਪਟਿਆਲਾ ਦਾ ਲਗਾਤਾਰ ਚਲ ਰਿਹਾ ਹੈ। ਲਾਇਬਰੇਰੀ ਦੇ ਮਿਸ਼ਨ ਦਾ ਪ੍ਰੋਗਰਾਮ ਰਾਜਨੀਤੀ ਤੋਂ ਉੱਪਰ ਉੱਠਕੇ ਸਾਰੇ ਦੁਰਕਾਰੇ ਲਤਾੜੇ ਸਮਾਜ ਨੂੰ ਸੇਧ ਦੇਣ ਦਾ ਹੈ। ਇਹ ਚੌਥੀ ਲਾਇਬਰੇਰੀ ਪਿੰਡ ਉਲਾਣਾ (ਘਨੌਰ) ਵਿਖੇ ਖੋਲੀ ਗਈ ਹੈ। ਮਿਸ਼ਨ ਤਹਿਤ ਪਹਿਲੀ ਸਨੌਰ, ਦੂਜੀ ਚਪੜ ਅਤੇ ਤੀਜੀ ਪਿੰਡ ਨਰਾਇਣਗੜ ਅੰਬਾਲਾ ਨੇੜੇ ਪਹਿਲਾਂ ਹੀ ਖੋਲ ਚੁੱਕੇ ਹਨ।

ਇਸ ਕੰਮ ਵਿੱਚ ਲਗਾਤਾਰ ਅਣਥੱਕ ਸਮਾਜਸੇਵੀ 80 ਸਾਲਾ ਰਿਟਾਇਰਡ ਡਿਪਟੀ ਚੀਫ ਇੰਜੀਨੀਅਰ ਸ੍ਰੀ ਰਾਮ ਸਿੰਘ ਸਿਆਣ ਜੀ, ਸਮਾਜਸੇਵੀ ਅਤੇ ਸਨਮਾਨਤ ਅਧਿਆਪਕ ਸਰਦਾਰ ਜਸਵਿੰਦਰ ਸਿੰਘ ਚਪੜ, ਸਟੇਟ ਬੈਂਕ ਇੰਡੀਆ ਦੇ ਆਗੂ ਸ੍ਰੀ ਹੁੱਸਿਆਰ ਚੰਦ ਜੀ, ਬੀਐਸਐਨਐਲ ਦੇ ਰਿਟਾਇਰਡ ਡੀਵੀਜਨਲ ਇੰਜੀਨੀਅਰ ਅਤੇ ਸਮਾਜ ਸੇਵੀ, ਲੇਖਿਕ ਸ੍ਰੀ ਹਰਦੀਪ ਸਿੰਘ ਚੁੰਬਰ, ਬਲਾਕ ਐਡਹਕੇਸਨ ਅਫਸਰ ਅਤੇ ਆਗੂ ਸ੍ਰ ਮਨੋਜ ਕੁਮਾਰ ਜੋਈਓ ਜੀ, ਸਮਾਜ ਸੇਵਕ ਸਰਦਾਰ ਜਗਤਾਰ ਸਿੰਘ ਰੋੜੇਵਾਲ, ਸਟੂਡੈਂਟ ਫਰੰਟ ਡਾਸਫੀ ਦੋ ਪ੍ਰਮੁੱਖ ਨੇਤਾ ਸ੍ਰੀ ਸੋਨੂੰ ਜੀਅਤੇ ਹੋਰ ਬਹੁਤ ਸਾਰੇ ਸਾਥੀ ਲਗਾਤਾਰ ਕੰਮ ਨਾਲ ਸਹਾਇਕ ਜੁੱੜੇ ਹੋਏ ਹਨ।

ਮਾਧੋ ! ਅਬਿਦਿਆ ਹਿਤ ਕੀਨ ॥ ਬਿਬੇਕ ਦੀਪ ਮਲੀਨ ॥

ਉਪਰੋਕਤ ਪਾਵਨ ਸੁਨੇਹਾ ਮਨੁੱਖਤਾ ਦੀ ਭਲਾਈ ਵਾਸਤੇ ਭਗਤ ਰਵਿਦਾਸ ਜੀ ਦੁਆਰਾ ਆਸਾ ਰਾਗ ਵਿਚ ਉਚਾਰਨ ਕੀਤਾ ਹੋਇਆ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਕ 486 ਉੱਤੇ ਸ਼ੁਭਾਇਮਾਨ ਹੈ। ਸ਼ਬਦ ਦੇ ਰਹਾਉ ਵਾਲੇ ਬੰਦ ਵਿੱਚ ਭਗਤ ਜੀ ਮਨੁੱਖਤਾ ਨਾਲ ਹਮਦਰਦੀ ਜਤ-ਾਉਂਦਿਆ ਹੋਇਆਂ ਵਚਨ ਕਰਦੇ ਹਨ।

ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੇ ਮੰਤਰ ਦਿਤਾ ਸੀ ਪੜ੍ਹੋ, ਜੁੜੋ ਸੰਘਰਸ਼ ਕਰੋ। ਵਿਦਿਆ ਨੂੰ ਸ਼ੇਰਨੀ ਦੇ ਦੁੱਧ ਦੇ ਬਰਾਬਰ ਤੁਲਨਾ ਦਿੱਤੀ ਸੀ।

ਪੰਜਾਬ ਲਾਇਬਰੇਰੀ ਮਿਸ਼ਨ ਤਹਿਤ ਨਵੀਂ ਲਾਇਬਰੇਰੀ ਖੋਲਣ ਦੇ ਕੰਮ ਨੂੰ ਨੇਪਰੇ ਚਾੜਨ ਲਈ ਟੀਮ ਆਪਣੇ ਸਾਧਨਾਂ ਰਾਹੀਂ ਪਿੰਡਾਂ ਵਿੱਚੋ ਜਾਣਕਾਰੀ ਪ੍ਰਾਪਤ ਕਰਕੇ ਇੱਕ ਖਾਸ ਪਿੰਡ ਦੀ ਨਿਸ਼ਾਨ ਦੇਹੀ ਕਰਦੀ ਹੈ। ਟੀਮ ਉਸ ਪਿੰਡ ਦਾ ਦੌਰਾ ਕਰਦੀ ਹੈ, ਜਥੇਬੰਦੀਆਂ ਅਤੇ ਮੋਹਤਬਰ ਬੰਦਿਆਂ ਨਾਲ ਤਾਲਮੇਲ ਕਰਕੇ ਮੀਟਿੰਗ ਕਰਦੀ ਹੈ। ਗੁਰੂਘਰ ਧਰਮਸਾਲਾ, ਮੰਦਰ ਜਾ ਹੋਰ ਕੋਈ ਸਾਂਝੀ ਜਗਾ ਦੇਖਕੇ ਸਭ ਦੀ ਰਾਏ ਨਾਲ ਲਾਇਬਰੇਰੀ ਖੋਲਣ ਦਾ ਫੈਸ਼ਲਾ ਲੈਂਦੀ ਹੈ। ਜਿੱਥੇ ਬੰਗੜ ਸਾਹਿਬ ਵਲੋਂ ਚੋਣਵੀਆਂ ਕੀਮਤੀ ਕਿਤਾਬਾਂ ਬਾਬਾ ਸਾਹਿਬ ਦੀਆਂ ਲਿਖਤਾਂ ਅਤੇ ਭਾਸਨ ਧਰਮ ਗੁਰੂਆਂ ਦੀਆਂ ਸਿੱਖਿਆ ਦੇਣ ਵਾਲੀਆਂ ਕਿਤਾਬਾਂ, ਜਰਨਲੋਲਿਜ, ਭਵਿੱਖ ਵਿੱਚ ਬੱਚੇ ਕਿਸ ਦਿਸ਼ਾ ਵੱਲ ਜਾਣ ਇਸ ਦੀ ਸਿੱਖਿਆ ਅਤੇ ਸੇਧ ਦੇਣ ਵਾਲੀਆਂ ਕਿਤਾਬਾਂ ਦਾ ਸੰਗ੍ਰਿਹ ਇਕੱਤਰ ਕੀਤਾ ਗਿਆ ਹੈ, ਉਸ ਨੂੰ ਸੰਸਥਾ ਨੂੰ ਭੇਂਟ ਕਰ ਦਿਤਾ ਜਾਂਦਾ ਹੈ।ਪਿੰਡ ਦੇ ਗੁਰੂਦੁਆਰਾ ਸਾਹਿਬ ਵਿਖੇ ਸਮੂਹ ਪਤਵੰਤਿਆਂ ਦੀ ਹਾਜ਼ਰੀ ਵਿਚ ਚੌਥੀ ਲਾਇਬ੍ਰੇਰੀ ਮੁੱਖ ਮਹਿਮਾਨ ਸ। ਰਾਮ ਸਿੰਘ ਸਿਆਣ ਦੇ ਕਰ ਕਮਲਾਂ ਦੁਆਰਾ ਉਦਘਾਟਨ ਕਰ ਖੋਲ੍ਹੀ ਗਈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਵਿਦਿਆ ਦੀ ਅਹਿਮੀਅਤ ਨੂੰ ਮਹਤਤਾ ਦਿੱਤੀ ਹੈ। ਉਹਨਾ ਸ਼ਹਦ ਗੁਰਬਾਣੀ ਵਿੱਚ ਦਰਜ ਹੈ।

''ਗਿਆਨ ਅੰਜਨੁ ਗੁਰਿ ਦੀਆ; ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ; ਨਾਨਕ ! ਮਨਿ ਪਰਗਾਸੁ ॥
(ਗਉੜੀ ਸੁਖਮਨੀ/ਮ: ੫/੨੯੩)

ਸ੍ਰੀ ਰਾਮ ਸ਼ਰਨ ਬੰਗੜ ਜੀ ਬਿਜਲੀ ਬੋਰਡ ਵਿੱਚੋਂ ਮਈ 2021 ਵਿੱਚੋਂ, ਡਿਪਟੀ ਚੀਫ ਇੰਜੀਨੀਅਰ ਦੇ ਔਹਦੇ ਤੋਂਰਿਟਾਇਰ ਹੋਏ ਸਨ। ਉਹਨਾ ਦਾ ਟੀਚੇ ਹਰ ਮਹੀਨੇ ਇੱਕ ਪਿੰਡ ਵਿੱਚ ਇੱਕ ਲਾਇਬਰੇਰੀ ਖੋਲਣ ਦਾ ਹੈ। ਇਸ ਦਾ ਨਾਮ ਉਹਨਾ ਪੰਜਾਬ ਲਾਇਬਰੇਰੀ ਮਿਸ਼ਨ ਰਖਿਆ ਹੈ। ਇਸ ਲਾਇਬਰੇਰੀ ਲਈ ਇੱਕ ਅਲਮਾਰੀ ਕੋਈ 150 ਦੇ ਕੀਮਤੀ ਕਰੀਬ ਕਿਤਾਬਾਂ ਜੋ ਅੰਗਰੇਜੀ, ਹਿੰਦੀ, ਪੰਜਾਬੀ ਵਿੱਚ ਹੁੰਦੀਆਂ ਹਨ ਅਤੇ ਨਾਲ ਇਕ ਡਿਕਸਨਰੀ ਦੀ ਕਿਤਾਬ ਸਮੇਤ ਹੁੰਦੀਆਂ ਹਨ।

ਇਸ ਉੱਤੇ ਕੋਈ 25,000 ਦੇ ਨੇੜੇ ਖਰਚੇ ਆ ਜਾਂਦਾ ਹੈ। ਹਰ ਮਹੀਨੇ ਸਹਿਮਤੀ ਨਾਲ ਲਾਇਬਰੇਰੀ ਦਾ ਉਧਘਾਟਨ ਕਰਨ ਇੱਕ ਦਿਨ ਮਿਥ ਲਿਆ ਜਾਂਦਾ ਹੈ, ਸਮਾਜ ਦੇ ਉੱਘੇ ਵਿਅਕਤੀ ਨੂੰ ਮੁੱਖ ਮਹਿਮਾਨ ਬਣਾ ਲਿਆ ਜਾਂਦਾ ਹੈ, ਜਿਸ ਤੋਂ ਲਾਇਬਰੇਰੀ ਦਾ ਉਧਘਾਟਨ ਕਰਵਾਇ ਜਾਂਦਾ ਹੈ। ਕਿਤਾਬਾਂ ਦੇ ਉਤੇ ਨੰਬਰ ਲਗਾਕਾ ਉਹਨਾ ਦੀ ਲਿਸ਼ਟ ਬਣਾਕੇ ਪਹਿਲਾਂ ਤੋਂ ਰਖੀ ਜਾਂਦੀ ਹੈ, ਉਧਘਾਟਾਨ ਸਮੇਂ ਪਿੰਡ ਦੀ ਸਭਾ ਨੂੰ ਇਹ ਸਭ ਸਪੁਰਦ ਕਰ ਦਿਤਾ ਜਾਂਦਾ ਹੈ। ਲਾਇਬਰੇਰੀ ਦਾ ਸਾਰਾ ਖਰਚਾ ਸ੍ਰੀ ਰਾਮ ਸ਼ਰਨ ਬੰਗੜ ਜੀ ਦਾ ਨਿੰਜੀ ਹੁੰਦਾ ਹੈ।

ਉਹਨਾਨੇ ਇੱਕ ਸਾਲ ਦਾ ਪ੍ਰੋਗਰਾਮ ਬਣਾਕੇ 12 ਪਿੰਡਾਂ ਲਈ 12 ਲਾਇਬਰੇਰੀਆਂ ਦਾ ਸਮਾਨ (ਅਲਮਾਰੀ ਅਤੇ ਚੋਣਵੀਆਂ ਕਿਤਾਬਾਂ) ਪਹਿਲਾਂ ਹੀ ਇੱਕੋ ਸਮੇਂ ਇੱਕਠਾ ਕਰ ਲਿਆ ਗਿਆ ਹੈ। ਇਸ ਤੋ ਬਿਨਾ ਬੰਗੜ ਸਾਹਿਬ ਅਤੇ ਸ੍ਰੀ ਬਲਬੰਤ ਕੁਮਾਰ ਜੀ ਇੰਜੀਨੀਅਰ ਇਨ ਚੀਫ ਪਟਿਆਲਾ ਹੋਰ ਵੀ ਅਣਗਿਣਤ ਤਰਾਂ ਦੀ ਮਾਲੀ ਸਹਾਇਤਾ ਕਰਦੇ ਰਹਿੰਦੇ ਹਨ, ਜਿਦਾਂ ਸਨੌਰ ਲਾਇਬਰੇਰੀ ਲਈ ਫਰਨੀਚਰ ਖਰੀਦਣ ਲਈ ਸਹਾਇਤਾ ਕੀਤੀ। ਉਲਾਣਾ ਗੁਰੂ ਘਰ ਲਈ 1100 ਰੁਪਏ ਦੇਣਾ। ਉਲਾਣਾ ਪਿੰਡ ਦੇ ਨੇੜੇ ਪਿੰਡ ਦੀ ਹੋਣਹਾਰ 80% ਨੰਬਰਾਂ ਨਾਲ ਬੀਏ ਪਾਸ ਇੱਕ ਬੱਚੀ ਜੋ ਬੀਐਡ ਕਰਨ ਚਾਹੁੰਦੀ ਹੈ ਉਸ ਦੇ ਮਾਂ ਬਾਪ ਨਹੀਂ ਹਨ, ਉਸ ਦੀ ਫੀਸ ਲਈ 15-10-2021 ਦੇ ਉਲਾਣਾ ਪਿੰਡ ਲਾਇਬਰੇਰੀ ਉਧਘਾਟਨ ਸਮੇਂ 10,000 /- ਰੁਪਏ ਨਾਲ ਮਦਦ ਕੀਤੀ।

ਉਹਨਾਂ ਦਾ ਕਹਿਣਾ ਹੈ ਕਿ ਉਹ ਬਚਪਨ ਤੋਂ ਹੀ ਸਮਾਜ ਸੇਵਾ ਦੇ ਕੰਮ ਨਾਲ ਜੁੱੜੇ ਹੋਏ ਹਨ, ਨੋਕਰੀ ਦੌਰਾਨ ਵੀ ਬਹੁਤ ਸਾਰੇ ਢੰਗਾ ਨਾਲ ਸਮਾਜ ਦੀ ਸੇਵਾ ਕਰਦੇ ਰਹੇ ਹਨ। ਉਹਨਾ ਦਾ ਕਹਿਣਾ ਹੈ ਕਿ ਉਹ ਆਪਣੇ ਆਖਰੀ ਦਮ ਤਕ ਇਸ ਮਿਸ਼ਨ ਨਾਲ ਜੁੜੇ ਅਗੇ ਵਧਾਉਂਦੇ ਰਹਿਣਗੇ। ਪਿੰਡਾਂ ਵਿੱਚ ਮਿਸ਼ਨ ਪ੍ਰਤੀ ਬਹੁਤ ਭਾਰੀ ਉਤਸਾਹ ਹੈ। ਸਾਨੂੰ ਸਭ ਨੂੰ ਇਸ ਮਿਸ਼ਨ ਨਾਲ ਜੜਨ ਦੀ ਲੋੜ ਹੈ।


# ਪੁਸਤਕ: ਪੰਜੇਬਾਂ (ਕਹਾਣੀ ਸੰਗ੍ਰਹਿ)

**ਲੇਖਕ: ਮੇਹਰ ਮਲਿਕ**

ਮੇਹਰ ਮਲਿਕ ਸਾਹਿਬ ਨੂੰ ਮੈਂ ਕਾਫੀ ਅਰਸੇ ਤੋਂ ਜਾਣਦਾ ਹਾਂ।ਉਨ੍ਹਾਂ ਦਾ ਮਿੱਠ ਬੋਲਣਾ ਸੁਭਾਅ, ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸਾਹਿਤ ਪ੍ਰਤਿ ਉਨ੍ਹਾਂ ਦਾ ਮੋਹ ਹਰ ਕਿਸੇ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ।ਮਲਿਕ ਸਾਹਿਬ ਲੰਮਾਂ ਸਮਾਂ ਪੱਤਰਕਾਰੀ ਕਰਦੇ ਰਹੇ ਹਨ ਤੇ ਵੱਖ ਵੱਖ ਪ੍ਰਕਾਰ ਦੇ ਲੋਕਾਂ ਨਾਲ ਗੱਲਬਾਤ ਕਰਨਾ, ਮਿਲਣਾ ਉਨ੍ਹਾਂ ਦਾ ਨਿਤ ਦਾ ਕੰਮ ਰਿਹਾ ਹੈ।ਲੋਕਾਂ ਦੀ ਗੱਲਬਾਤ, ਆਚਾਰ ਵਿਹਾਰ, ਚਾਲ ਢਾਲ ਕਿਤੇ ਨਾ ਕਿਤੇ ਮਲਿਕ ਸਾਹਿਬ ਨੂੰ ਰਚਨਾਵਾਂ ਸਿਰਜਣ ਲਈ ਜ਼ਮੀਨ ਪ੍ਰਦਾਨ ਕਰਦੇ ਰਹੇ ਹਨ।ਮਲਿਕ ਸਾਹਿਬ ਬੇਬਾਕ ਅਤੇ ਨਿਠ ਕੇ ਲਿਖਦੇ ਹਨ। ਗਲਪਕਾਰ ਮੇਹਰ ਮਲਿਕ ਸਾਹਿਬ ਦੀਆਂ ਰਚਨਾਵਾਂ ਯਥਾਰਥ ਤੇ ਬੇਹੱਦ ਨਜ਼ਦੀਕ ਪ੍ਰਤੀਤ ਹੁੰਦੀਆਂ ਹਨ।ਉਨ੍ਹਾਂ ਦਾ ਸਮਾਜ ਨੂੰ ਦੇਖਣ ਦਾ ਨਜ਼ਰੀਆ ਵੱਖਰਾ ਹੈ ਤੇ ਹਰੇਕ ਜਦੀਦ ਘਟਨਾ ਤੇ ਪੂਰੀ ਨਜ਼ਰ ਰੱਖਦੇ ਹਨ ਅਤੇ ਉਨ੍ਹਾਂ ਘਟਨਾਵਾਂ ਦਾ ਵਿਸ਼ਲੇਸ਼ਣ ਕਰਕੇ ਨਵਾਂ ਕੁਝ ਸਿਰਜਣ ਨੂੰ ਪਹਿਲ ਦਿੰਦੇ ਹਨ। ਮਲਿਕ ਸਾਹਿਬ ਕੋਲ਼ ਠੇਠ ਪੰਜਾਬੀ ਸ਼ਬਦਾਂ ਦਾ ਭੰਡਾਰ ਹੈ ਜੋ ਉਨ੍ਹਾਂ ਦੀ ਹਰੇਕ ਰਚਨਾ ਨੂੰ ਚਾਰ ਚੰਨ ਲਗਾ ਦਿੰਦਾ ਹੈ।ਉਹ ਸੁੱਧ ਪੰਜਾਬੀ ਲਿਖਣ ਅਤੇ ਬੋਲਣ ਨੂੰ ਤਰਜੀਹ ਦਿੰਦੇ ਹਨ।ਉਨ੍ਹਾਂ ਦਾ ਪੰਜਾਬੀ ਮਾਂ ਬੋਲੀ ਪ੍ਰਤਿ ਸਨੇਹ ਤੇ ਪਿਆਰ ਦੇਖਕੇ ਮੌਲਾ ਬਖਸ਼ ਕੁਸ਼ਤਾ ਹੁਰਾਂ ਦਾ ਇਹ ਸ਼ਿਅਰ ਉਨ੍ਹਾਂ ਦੀ ਨਜ਼ਰ ਕਰਨ ਦਾ ਦਿਲ ਕਰਦਾ ਹੈ ਕਿ:

ਹੋਵੇ ਜੱਗ ਵਿਚ ਉਸਦਾ ਵੱਕਾਰ ਕੁਸ਼ਤਾ,
ਬੋਲੀ ਆਪਣੀ ਨਾਲ ਜੋ ਪਿਆਰ ਰੱਖੇ।

ਮਲਿਕ ਸਾਹਿਬ ਦੀ ਕਲਮ ਨਿਰੰਤਰ ਚਲਦੀ ਰਹੀ ਹੈ ਤੇ ਮੈਂ ਦੁਆ ਕਰਾਂਗਾ ਕਿ ਉਨ੍ਹਾਂ ਦੀ ਕਲਮ ਇਸੇ ਪ੍ਰਕਾਰ ਨਿਰੰਤਰ ਚਲਦੀ ਰਹੇ।ਪਹਿਲਾਂ ਉਨ੍ਹਾਂ ਨੇ ਚਰਚਿਤ ਪੁਸਤਕਾਂ ਜਿਊਂਦੇ ਜੀ ਰੰਡੇਪਾ, ਚੰਨਣ ਲਾਗੀ, ਵੇਸਵਾ, ਭੋਲੀ ਦਾ ਕਰਵਾਚੌਥ, ਰਚ ਕੇ ਜਿੱਥੇ ਪੰਜਾਬੀ ਮਾਂ ਬੋਲੀ ਨੂੰ ਅਮੀਰ ਕੀਤਾ ਉੱਥੇ ਹੀ ਆਪਣੇ ਆਪ ਨੂੰ ਇਕ ਪੁਖਤਾ ਗਲਪਕਾਰ ਦੇ ਰੂਪ ਵਿਚ ਸਥਾਪਿਤ ਕੀਤਾ।ਹੁਣ ਉਹ ਆਪਣੇ ਨਵੀਨ ਕਹਾਣੀ ਸੰਗ੍ਰਹਿ 'ਪੰਜੇਵਾ' ਨੂੰ ਪਾਠਕਾਂ ਸਾਹਮਣੇ ਪੇਸ਼ ਕਰ ਰਹੇ ਹਨ।ਕਹਾਣੀਆਂ ਸਿਰਜਣ, ਸੁਣਨ, ਸੁਣਾਉਂਣ ਦਾ ਇਤਿਹਾਸ ਬਹੁਤ ਪੁਰਾਣਾ ਹੈ।ਅਗਰ ਕਹਾਂ ਕਿ ਜਦੋਂ ਮਨੁੱਖ ਨੇ ਬੋਲਣਾ ਸਿੱਖਿਆ ਉਦੋਂ ਤੋਂ ਹੀ ਕਹਾਣੀ ਦਾ ਜਨਮ ਹੋਇਆ ਹੋਵੇਗਾ ਤਾਂ ਸ਼ਾਇਦ ਅਣਕਥਨੀ ਨਹੀਂ ਹੋਵੇਗੀ।ਪੰਜਾਬੀ ਗਲਪ ਵਿਚ ਨਾਵਲ ਤੋਂ ਬਾਅਦ ਚਰਚਿਤ ਵਿਧਾ




ਕਹਾਣੀ ਹੀ ਹੈ।ਆਧੁਨਿਕ ਦੌਰ ਵਿਚ ਭਾਵੇਂ ਮਿੰਨੀ ਕਹਾਣੀ ਦਾ ਵੀ ਖੂਬ ਬੋਲਬਾਲਾ ਹੈ ਮਗਰ ਲੰਮੀਆਂ ਕਹਾਣੀਆਂ ਦਾ ਆਪਣਾ ਵਿਸ਼ੇਸ਼ ਮਹੱਤਵ ਹੈ ਅਤੇ ਆਪਣਾ ਵਿਸ਼ੇਸ਼ ਪਾਠਕ ਵਰਗ ਹੈ।ਅਜੋਕੇ ਦੌਰ ਵਿਚ ਮਿੰਨੀ ਅਤੇ ਲੰਮੀ ਦੋਨੋਂ ਪ੍ਰਕਾਰ ਦੀਆਂ ਕਹਾਣੀਆਂ ਖੂਬ ਪੜ੍ਹੀਆਂ ਅਤੇ ਲਿਖੀਆਂ ਜਾ ਰਹੀਆਂ ਹਨ।ਮੇਹਰ ਮਲਿਕ ਸਾਹਿਬ ਦਾ ਹੱਥਲਾ ਕਹਾਣੀ ਸੰਗ੍ਰਹਿ 'ਪੰਜੇਬਾਂ' ਸੱਤ ਕਹਾਣੀਆਂ ਦਾ ਖੂਬਸੂਰਤ ਸੰਗ੍ਰਹਿ ਹੈ।ਹਥਲੇ ਕਹਾਣੀ ਸੰਗ੍ਰਹਿ ਵਿਚ ਮਲਿਕ ਸਾਹਿਬ ਨੇ ਪਾਤਰਾਂ ਵਿਚ ਅਜਿਹੀ ਜਾਨ ਫੂਕ ਦਿੱਤੀ ਹੈ ਕਿ ਪੜ੍ਹਨ ਵਾਲੇ ਨੂੰ ਇਉਂ ਲਗਦਾ ਹੈ ਕਿ ਪਾਤਰ ਜਿਊਂਦੇ ਹਨ ਤੇ ਸਾਰੀ ਘਟਨਾ ਉਨ੍ਹਾਂ ਦੇ ਸਾਹਮਣੇ ਚਲ ਰਹੀ ਹੈ।ਕਹਾਣੀ 'ਚਿੱਟੇ ਚਿਹਰੇ ਕਾਲੇ ਦਿਲ' ਜਿੱਥੇ ਪੁੱਛਾਂ ਦੇਣ ਵਾਲੇ ਪਾਖੰਡੀ ਸਾਧੂ ਸੰਤਾਂ ਵਲੋਂ ਕੀਤੀ ਜਾਂਦੀ ਲੁੱਟ ਖਸੁੱਟ ਨੂੰ ਉਜਾਗਰ ਕਰਦੀ ਹੈ ਉੱਥੇ ਹੀ ਉਨ੍ਹਾਂ ਦਾ ਹਸ਼ਰ ਕੀ ਹੁੰਦਾ ਹੈ ਪੇਸ਼ ਕਰਦੀ ਹੈ।ਕਹਾਣੀ ਵਿਚੋਲਣ ਭਾਬੋ ਹਰੇਕ ਪਿੰਡ ਦੀ ਹੀ ਕਹਾਣੀ ਲਗਦੀ ਹੈ।ਵਿਚੋਲਣ ਭਾਬੋ ਵਰਗਾ ਕਿਰਦਾਰ ਸਹਿਜੇ ਹੀ ਦੇਖਣ ਨੂੰ ਮਿਲ ਜਾਂਦਾ ਹੈ। ਵਿਦੇਸ਼ਾਂ ਵੱਲ ਭੱਜਣ ਦੀ ਚਾਹਤ ਨੂੰ ਪੂਰਾ ਕਰਨ ਲਈ ਜਮੀਨ ਅਸਮਾਨ ਮੇਲ ਦੇਣ ਵਾਲੀਆਂ ਗੱਲਾਂ ਵੀ ਰਚਨਾਵਾਂ ਰਾਹੀਂ ਪੇਸ਼ ਕਰਦਾ ਹੈ।ਟਾਈਟਲ ਕਹਾਣੀ 'ਪੰਜੇਬਾਂ' ਇਕ ਅਧੂਰੀ ਪ੍ਰੇਮ ਕਹਾਣੀ ਹੈ।ਜਿਸ ਨੂੰ ਕਦੇ ਸਮਾਜ ਦੀਆਂ ਬੰਦਿਸ਼ਾਂ ਪੂਰੀ ਨਹੀਂ ਹੋਣ ਦਿੰਦੀ ਤੇ ਕਦੇ ਮਜ਼ਬੂਰੀਆਂ ਮੇਲ ਦੀਆਂ ਆਸ਼ਾਂ ਤੇ ਪਾਣੀ ਫੇਰ ਦਿੰਦੀਆਂ ਹਨ।ਮੋਟੇ ਅੱਖਰਾਂ ਵਿਚ ਕਹਾਂ ਤਾਂ ਹਥਲੀ ਕਹਾਣੀ ਪੁਸਤਕ ਮੇਹਰ ਮਲਿਕ ਹੁਰਾਂ ਦੀ ਇਕ ਸਾਂਭਣਯੋਗ ਕਿਰਤ ਹੈ।ਮਲਿਕ ਸਾਹਿਬ ਦੀਆਂ ਰਚਨਾਵਾਂ ਬਾਰੇ ਇਹੋ ਕਹਾਂਗਾ ਕਿ ਉਨ੍ਹਾਂ ਨੇ ਸਮਾਜਿਕ ਕੁਰੀਤੀਆਂ ਤੇ ਸਿਆਸਤਦਾਨਾਂ ਦੀਆਂ ਭੈੜੂ ਚਾਲਾਂ ਨੂੰ ਨੇੜਿਓ ਤੱਕਿਆ ਹੈ।ਉਨ੍ਹਾਂ ਨੂੰ ਕਿਤਾਬਾ ਰਾਹੀਂ ਸਿਰਜ ਕੇ ਦਿਲ 'ਚ ਬਲਦੀ ਅੱਗ ਨੂੰ ਠੰਡਾ ਨਹੀਂ ਕੀਤਾ ਹੋਰ ਭਾਂਬੜ ਮਚਾ ਕੇ ਉਨ੍ਹਾਂ ਦੇ ਸਿਰ ਚੜ੍ਹ ਕੇ ਬੋਲਿਆ ਹੈ।ਉਨ੍ਹਾਂ ਦੀ ਲੇਖਣੀ ਹਰ ਪਾਠਕ ਨੂੰ ਪਸੰਦ ਆਵੇਗੀ ਅਜਿਹਾ ਮੇਰਾ ਵਿਸ਼ਵਾਸ ਹੈ।ਮਲਿਕ ਸਾਹਿਬ ਦੀਆਂ ਆਉਂਣ ਵਾਲੀਆਂ ਪੁਸਤਕਾਂ ਜੋ ਛਪਣ ਦੀ ਸਫ਼ ਵਿਚ ਪੜ੍ਹੀਆਂ ਹਨ, ਲਈ ਅਗਾਊਂ ਹੀ ਵਧਾਈ ਦਿੰਦਾ ਹਾਂ।

ਸ਼ਾਲਾ! ਮਲਿਕ ਸਾਹਿਬ ਦੀ ਕਲਮ ਨਿਰੰਤਰ ਚਲਦੀ ਰਹੇ ਤੇ ਉਹ ਪੰਜਾਬੀ ਸਾਹਿਤ ਨੂੰ ਮਾਲਾਮਾਲ ਕਰਦੇ ਰਹਿਣ।

ਆਮੀਨ!

**ਰਿਵਿਊਕਾਰ: ਫੈਸਲ ਖਾਨ**
**ਮੋਬ: 99149-65937**

# ਗੁੰਮ ਹੋਈ ਮੁਹੱਬਤ ਅਤੇ ਇਨਸਾਨੀਅਤ ਦੀ ਤ੍ਰਾਸਦੀ ਇਕਾਂਗੀ 'ਤਲਾਸ਼'



ਉਜਾਗਰ ਸਿੰਘ
91-94178 13072


ਮਨਵਿੰਦਰ ਜੀਤ ਸਿੰਘ ਦਾ ਲਿਖਿਆ ਅਤੇ ਜਗਜੀਤ ਸਰੀਨ ਦੁਆਰਾ ਨਿਰਦੇਸ਼ਨ ਕੀਤਾ ਇਕਾਂਗੀ ਤਲਾਸ਼ ਦੇਸ਼ ਦੀ ਵੰਡ ਤੋਂ ਲੈ ਕੇ ਹੁਣ ਤੱਕ ਇਨਸਾਨੀ ਕਦਰਾਂ ਕੀਮਤਾਂ ਵਿੱਚ ਆਈ ਗਿਰਾਵਟ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। ਇਸ ਇਕਾਂਗੀ ਵਿੱਚ ਮੁੱਖ ਤੌਰ ਤੇ ਸਮਾਜ ਵਿੱਚੋਂ ਗੁੰਮ ਹੋਈ ਇਨਸਾਨੀਅਤ, ਮਨੁਖਤਾ ਵਿੱਚੋਂ ਮੁਹੱਬਤ, ਆਪਸੀ ਪਿਆਰ, ਸਦਭਾਵਨਾ, ਸਹਿਹੋਂਦ ਦੀ ਤਿਲਾਂਜ਼ਲੀ ਦੇ ਪ੍ਰਭਾਵਾਂ ਨਾਲ ਸਮਾਜਿਕ ਜੀਵਨ ਵਿੱਚ ਆਈ ਖੜੋਤ ਦੀ ਹੂਕ ਦਾ ਪ੍ਰਗਟਾਵਾ ਹੁੰਦਾ ਹੈ। ਇੱਕ ਛੋਟੇ ਜਿਹੇ ਇਕਾਂਗੀ ਵਿੱਚ ਲੇਖਕ ਅਤੇ ਨਿਰਦੇਸ਼ਕ ਨੇ ਅਨੇਕਾਂ ਅਜਿਹੇ ਮੁੱਦਿਆਂ ਦੀ ਪ੍ਰਤੀਨਿਧਤਾ ਕਰਕੇ ਸਮਾਜ ਵਿੱਚ ਆਈਆਂ ਕੁਰੀਤੀਆਂ ਬਾਰੇ ਜਾਣਕਾਰੀ ਦਿੱਤੀ ਹੈ, ਜਿਸ ਨਾਲ ਸੁਨਹਿਰੇ ਸਮਾਜ ਦੀ ਮੁੜ ਸਿਰਜਣਾ ਦੀ ਆਸ ਕੀਤੀ ਜਾ ਸਕਦੀ ਹੈ। ਜਿਹੜਾ ਪੰਜਾਬ ਕਿਸੇ ਸਮੇਂ ਹਸਦਾ, ਵਸਦਾ, ਗਾਉਂਦਾ, ਨੱਚਦਾ ਟੱਪਦਾ, ਗਿੱਧੇ ਭੰਗੜੇ ਦੀਆਂ ਮਹਿਕਾਂ ਖਿਲਾਰਦਾ, ਪੰਜਾਬੀ ਵਿਰਾਸਤ ਦਾ ਪਹਿਰੇਦਾਰ ਕਹਾਉਂਦਾ ਸੀ। ਗੁਰੂਆਂ, ਸੰਤਾਂ ਅਤੇ ਭਗਤਾਂ ਦੀ ਬਾਣੀ ਦਾ ਗੁਣ ਗਾਇਨ ਕਰਕੇ ਸ਼ਾਂਤੀ ਪ੍ਰਪਤ ਕਰਦਾ ਸੀ। ਮਨੁੱਖਤਾ ਦੇ ਦੁੱਖ ਹਰਨ ਕਰਨ ਲਈ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਦਿੱਤੀਆਂ ਕੁਰਬਾਨੀਆਂ ਤੇ ਮਾਣ ਕਰਦਾ ਸੀ, ਉਸ ਪੰਜਾਬ ਵਿੱਚੋਂ ਇਨਸਾਨੀਅਤ ਖੰਭ ਲਾ ਕੇ ਉਡ ਗਈ ਹੈ। ਪੰਜਾਬ ਦੀ ਮਿੱਟੀ ਵਿਚੋਂ ਸਤਰੰਗੀਆਂ ਪੀਂਘਾਂ, ਕੋਇਲਾਂ, ਤਿਤਲੀਆਂ, ਰੂਹਾਨੀ ਆਵਾਜ਼ਾਂ, ਫ਼ਕੀਰਾਂ ਦੀਆਂ ਮਸਤੀਆਂ ਅਤੇ ਕੁਦਰਤੀ ਨਜ਼ਾਰਿਆਂ ਦੀਆਂ ਠੰਡੀਆਂ ਹਵਾਵਾਂ ਗਾਇਬ ਹੋ ਗਈਆਂ ਹਨ। ਸਿਰਫ਼ ਦੋ ਕਲਾਕਾਰਾਂ ਬਾਬੇ ਦੇ ਰੂਪ ਵਿੱਚ ਜਗਜੀਤ ਸਰੀਨ ਅਤੇ ਜਗਿਆਸੂ ਦੇ ਤੌਰ ਤੇ ਗੁਰਸ਼ਰਨ ਸ਼ਿੰਗਾਰੀ ਹੀ ਸਟੇਜ ਤੇ ਆ ਕੇ ਵਰਤਮਾਨ ਸਮਾਜਿਕ, ਨੈਤਿਕ, ਸਭਿਆਚਾਰਕ ਅਤੇ ਧਾਰਮਿਕ ਸਥਿਤੀ ਬਾਰੇ ਸਵਾਲ ਜਵਾਬ ਕਰਦੇ ਹਨ। ਭਾਵੇਂ ਭਾਰਤ ਦੀ ਵੰਡ ਤੋਂ ਬਾਅਦ ਸਮਾਜਿਕ ਕਦਰਾਂ ਕੀਮਤਾਂ ਵਿੱਚ ਆਈ ਗਿਰਾਵਟ ਬਾਰੇ ਹਰ ਭਾਰਤੀ ਨੂੰ ਭਰਪੂਰ ਜਾਣਕਾਰੀ ਹੈ, ਪ੍ਰੰਤੂ ਇਸ ਇਕਾਂਗੀ ਦੀ ਮੰਚ 'ਤੇ ਪ੍ਰਸਤਤੀ ਨੂੰ ਵੇਖਦਿਆਂ ਹਰ ਦਰਸ਼ਕ ਦਾ ਦਿਲ ਵਲੂੰਧਰਿਆ ਜਾਂਦਾ ਹੈ। ਇਨਸਾਨ ਵਿੱਚੋਂ ਗੁੰਮ ਹੋਈ ਇਨਸਾਨੀਅਤ ਦੀ ਪ੍ਰਵਿਰਤੀ ਨੂੰ ਕਲਾਕਾਰਾਂ ਨੇ ਅਜਿਹੇ ਢੰਗ ਨਾਲ ਪੇਸ਼ ਕੀਤਾ ਹੈ ਕਿ ਦਰਸ਼ਕ ਆਪਣੀ ਅੰਤਹਕਰਨ ਦੀ ਅਵਾਜ਼ ਨੂੰ ਪਛਾਨਣ ਲਈ ਮਜ਼ਬੂਰ ਹੋ ਜਾਂਦੇ ਹਨ। ਦੋਵੇਂ ਪਾਤਰਾਂ ਦੀ ਕਲਾ ਦੀ ਕਮਾਲ ਹੈ ਕਿ ਜਗਿਆਸੂ ਵੱਲੋਂ ਕੀਤੇ ਗਏ ਹਿਰਦੇਵੇਦਿਕ ਸਵਾਲਾਂ ਦੇ ਜਵਾਬ ਬਾਬਾ ਬਹੁਤ ਹੀ ਸੰਵੇਦਨਸ਼ੀਲ ਢੰਗ ਨਾਲ ਦਿੰਦਾ ਹੈ, ਜਿਸਦਾ ਦਰਸ਼ਕਾਂ ਦੇ ਮਨਾਂ ਤੇ ਗਹਿਰਾ ਪ੍ਰਭਾਵ ਪੈਂਦਾ ਹੈ। ਦੋਵੇਂ ਕਲਾਕਾਰ ਆਪੋ ਆਪਣੇ ਰੋਲ ਨੂੰ ਬਾਖ਼ੂਬੀ ਨਿਭਾਉਂਦੇ ਹੋਏ ਦਰਸ਼ਕਾਂ ਦੇ ਦਿਲ ਦਹਿਲਾਕੇ ਮੁਹੱਬਤ ਅਤੇ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਤੇ ਪਹਿਰਾ ਦੇਣ ਲਈ ਪ੍ਰੇਰਿਤ ਕਰਦੇ ਹਨ। ਸਭ ਤੋਂ ਪਹਿਲਾਂ ਮੰਚ 'ਤੇ ਬਾਬਾ ਆਉਂਦਾ ਹੈ, ਮੰਚ 'ਤੇ ਲੱਗੀ ਵੱਡੀ ਫਰੇਮ ਵੱਲ ਹੱਥ ਕਰਕੇ ਬੜੀ ਹੀ ਗੰਭੀਰਤਾ ਨਾਲ ਦਿਲ ਨੂੰ ਟੁੰਬਣ ਵਾਲੀ ਵਿਸਮਾਦੀ ਆਵਾਜ਼ ਵਿੱਚ ਕਹਿੰਦਾ ਹੈ-

ਲੱਭੋ ਨੀ ਲੱਭੋ ਲੋਕੋ ਯਾਰ ਗਵਾਚਾ ,
ਲੱਭੋ ਵੇ ਲੱਭੋ ਲੋਕੋ ਮੇਰਾ ਯਾਰ ਗੁਆਚਾ।





ਮਨਵਿੰਦਰਜੀਤ ਸਿੰਘ ਦੀ ਕਵਿਤਾ 'ਤੇ ਆਧਾਰਤ ਨਾਟਕ 'ਤਲਾਸ' ਦਾ ਇਕ ਦ੍ਰਿਸ਼



ਬਾਬਾ ਦਾ ਪਾਤਰ ਕਿਸਨੂੰ ਲੱਭਣ ਦੀ ਗੱਲ ਕਰਦਾ ਹੈ? ਉਹ ਕੋਈ ਇਨਸਾਨ ਜਾਂ ਕਿਸੇ ਵਸਤੂ ਦੀ ਗੱਲ ਨਹੀਂ ਕਰਦਾ ਸਗੋਂ ਇਨਸਾਨੀਅਤ ਨੂੰ ਝੰਜੋੜਕੇ ਆਪਣੇ ਅੰਦਰ ਆਈ ਗ਼ੈਰ ਸਮਾਜਿਕ ਪ੍ਰਵਿਰਤੀ ਵਲ ਇਸ਼ਾਰਾ ਕਰਦਾ ਹੈ ਕਿਉਂਕਿ ਇਨਸਾਨ ਖੁਦਾ ਤੋਂ ਵੀ ਡਰਦਾ ਨਹੀਂ ਸਗੋਂ ਲਾਲਚ, ਧੋਖਾ, ਫਰੇਬ, ਘੁਮੰਡ ਅਤੇ ਚੁਸਤੀ ਚਲਾਕੀ ਨੂੰ ਆਪਣੇ ਘਨੇੜੇ ਚੁੱਕੀ ਫਿਰਦਾ ਮਹਿਸੂਸ ਕਰਦਾ ਹੈ। ਉਹ ਆਪਣੇ ਆਪ ਨੂੰ ਹੀ ਇਸ ਸੰਸਾਰ ਵਿੱਚੋਂ ਸਭ ਤੋਂ ਵਧੀਕ ਸ਼ਕਤੀਸ਼ਾਲੀ ਸਮਝਣ ਦਾ ਭੁਲੇਖਾ ਪਾਲ ਬੈਠਾ ਹੈ। ਹਾਲਾਂਕਿ ਉਹ ਪਾਣੀ ਦੇ ਬੁਲਬੁਲੇ ਦੀ ਤਰ੍ਹਾਂ ਹੈ, ਜਿਹੜੇ ਹਵਾ ਦੇ ਇਕ ਬੁਲੇ ਦੀ ਮਾਰ ਨਹੀਂ ਸਹਿ ਸਕਦੇ। ਉਹ ਇਨਸਾਨ ਵਾਹਿਗੁਰੂ ਵੱਲੋਂ ਇਨਸਾਨੀਅਤ ਦੇ ਰੂਪ ਵਿੱਚ ਦਿੱਤੇ ਸਰੀਰ ਰੂਪੀ ਤੋਹਫ਼ੇ ਦਾ ਖੁਦਗਰਜ਼ੀ ਲਈ ਦੁਰਉਪਯੋਗ ਕਰ ਰਿਹਾ ਹੈ। ਇਨਸਾਨ ਦੀ ਇਸ ਪ੍ਰਵਿਰਤੀ ਦਾ ਪ੍ਰਗਟਾਵਾ ਇਹ ਇਕਾਂਗੀ ਕਰਦਾ ਹੈ।

ਫਿਰ ਬਾਬਾ ਇਕ ਫਰੇਮ ਵਲ ਇਸ਼ਾਰਾ ਕਰਕੇ ਕਹਿੰਦਾ ਹੈ ਕਿ 'ਤਲਾਸ਼ ਹੈ ਮੈਨੂੰ ਇਸਦੀ, ਤਲਾਸ਼ ਹੈ, ਜਿਸਦੀ ਇਹ ਤਸਵੀਰ ਹੈ। ਏਸੇ ਮੌਕੇ ਜਗਿਆਸੂ ਮੰਚ 'ਤੇ ਆਉਂਦਾ ਹੈ, ਜਗਿਆਸੂ ਕਹਿੰਦਾ ਬਾਬਾ ਆਹ ਤਾਂ ਖਾਲੀ ਫਰੇਮ ਹੈ। ਇਸ ਦੀ ਤਸਵੀਰ ਕਿਥੇ ਹੈ। ਬਾਬਾ ਬੜੀ ਗੰਭੀਰਤਾ ਨਾਲ ਬੇਬਸੀ ਦੀ ਆਵਾਜ਼ ਵਿੱਚ ਕਹਿੰਦਾ ਹੈ ''ਗੁੰਮ ਹੈ ਚਿਰਾਂ ਤੋਂ ਗੁੰਮ ਹੈ। ਕੋਈ ਕਹਿੰਦਾ ਅਪਹਰਨ ਕਰ ਲਿਆ ਹੈ ਕਿਸੇ ਨੇ। ਕੋਈ ਤਾਂ ਇਹ ਵੀ ਕਹਿੰਦਾ ਹੁਣ ਉਹ ਇਸ ਦੁਨੀਆਂ ਵਿੱਚ ਹੈ ਹੀ ਨਹੀਂ। ਮਾਰ ਦਿੱਤਾ ਇਸਨੂੰ ਸਾਰਿਆਂ ਨੇ ਰਲਕੇ। ਮੈਨੂੰ ਤਾਂ ਲਗਦਾ ਮੇਰੇ ਤੇਰੇ ਆਪਾਂ ਸਾਰਿਆਂ ਕੋਲੋਂ ਨਾਰਾਜ਼ ਹੈ। ਉਹ ਕਿਤੇ ਛੁਪ ਗਿਆ ਹੈ''। ਬਾਬੇ ਦੇ ਇਹ ਸੰਕੇਤਕ ਇਸ਼ਾਰਿਆਂ ਨੂੰ ਸਮਝਣ ਦੀ ਲੋੜ ਹੈ। ਉਹ ਮਨੁੱਖਤਾ ਦੀਆਂ ਕਦਰਾਂ ਕੀਮਤਾਂ ਦੀ ਨੈਤਿਕਤਾ ਖ਼ਤਮ ਹੋਣ ਵਲ ਇਸ਼ਾਰਾ ਕਰਦਾ ਹੈ।


ਇਸ ਇਕਾਂਗੀ ਨੂੰ ਵੇਖਦਿਆਂ ਦਰਸ਼ਕਾਂ ਵਿੱਚ ਚੁਪ ਪਸਰ ਅਤੇ ਮਾਤਮ ਛਾ ਜਾਂਦਾ ਹੈ। ਉਹ ਵੀ ਆਪਣੇ ਆਪਨੂੰ ਕੋਸਦੇ ਹੋਏ ਬੇਬਸ ਮਹਿਸੂਸ ਕਰਨ ਲੱਗਦੇ ਹਨ। ਬਾਬਾ ਅਤੇ ਜਗਿਆਸੂ ਦਰਸ਼ਕਾਂ ਨੂੰ ਆਪਣੇ ਨਾਲ ਜੋੜ ਲੈਂਦੇ ਹਨ। ਦਰਸ਼ਕ ਆਪਣੀ ਗ਼ਲਤੀ ਦਾ ਅਹਿਸਾਸ ਕਰਨ ਲੱਗਦੇ ਹਨ। ਇਹੋ ਕਲਾਕਾਰਾਂ ਦੀ ਖ਼ੂਬੀ ਹੈ। ਜਦੋਂ ਜਗਿਆਸੂ ਬਾਬਾ ਨੂੰ ਪੁਛਦਾ ਹੈ ਕਿ ਉਹ ਸੀ ਕਿਦਾਂ ਦਾ, ਤਾਂ ਬਾਬਾ ਕਹਿੰਦਾ ਹੈ ਉਹਦਾ ਰੰਗ ਚੜ੍ਹਦੇ ਸੂਰਜ ਦੀ ਲਾਲੀ ਵਰਗਾ, ਕੱਦ ਅਸਮਾਨ ਵਰਗਾ ਅਤੇ ਸਰੀਰ ਅਡੋਲ ਸੀ। ਭਾਵ ਉਹ ਪੂਰਨ ਇਨਸਾਨ ਸੀ।

ਬਾਬਾ ਦੇ ਇਨ੍ਹਾਂ ਸ਼ਬਦਾਂ ਦਾ ਭਾਵ ਇਹ ਹੈ ਕਿ ਸਾਡੀ ਜਵਾਨੀ, ਇਨਸਾਨੀ ਦਾ ਰੰਗ ਚੜ੍ਹਦੇ ਸੂਰਜ ਵਰਗਾ ਭਾਵ ਇਨਸਾਨ ਸਿਹਤਮੰਦ ਸੀ। ਸਰੀਰ ਅਡੋਲ ਸੀ। ਅਸੀਂ ਉਸਦੀ ਉਦਾਸੀ ਅਤੇ ਨਿਰਾਸ਼ਾ ਨੂੰ ਗੰਭੀਰਤਾ ਨਾਲ ਨਹੀਂ ਲਿਆ, ਭਾਵ ਜਦੋਂ ਇਨਸਾਨੀਅਤ ਦੀ ਬੇਕਦਰੀ ਹੋ ਰਹੀ ਸੀ ਤਾਂ ਲੋਕਾਈ ਨੇ ਅਣਡਿਠ ਕਰ ਦਿੱਤਾ। ਉਸਦਾ ਵਾਸਾ ਪੀਰਾਂ, ਫ਼ਕੀਰਾਂ, ਮਸਤਾਂ ਦੀ ਮਸਤੀ, ਦੋਸਤਾਂ ਦੀ ਦੋਸਤੀ, ਆਸ਼ਕਾਂ ਦੀਆਂ ਆਹਾਂ ਤੇ ਮਸ਼ੂਕਾਂ ਦੀਆਂ ਬਾਹਾਂ ਵਿੱਚ ਸੀ। ਗਿੱਧਿਆਂ, ਭੰਗੜਿਆਂ, ਗੀਤ ਸੰਗੀਤ ਵਿੱਚ ਵਸਦਾ, ਖ਼ੁਸ਼ੀਆਂ 'ਤੇ ਹਾਸੇ ਵੰਡਦਾ ਹੋਇਆ ਉਹ ਹੱਕ ਤੇ ਸੱਚ 'ਤੇ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਰਹਿੰਦਾ ਸੀ। ਸਮਾਜ ਨੇ ਸਚਾਈ ਦਾ ਸਾਥ ਨਹੀਂ ਦਿੱਤਾ। ਮੰਚ 'ਤੇ ਇੱਕ ਸ਼ਬਦ ਦੀ ਆਵਾਜ਼ ਆਉਂਦੀ ਹੈ''ਬੋਲੇ ਰਾਮ ਰਾਮ ਬੋਲ ਕੋਈ ਖੁਦਾਏ ਕੋਈ ਸਈਆਂ ਗੁਸਈਆਂ।'' ਫਿਰ ਬਾਬਾ ਕਹਿੰਦਾ ਉਹ ਗੁਰਾਂ ਦੀ ਰੁਮਾਨ ਵਿੱਚ, ਮੰਦਰਾਂ ਦੀਆਂ ਘੰਟਿਆਂ ਵਿੱਚ, ਮਸਜਦਾਂ ਆਦਿ ਸਾਰੇ ਧਾਰਮਿਕ ਸਥਾਨਾ ਵਿੱਚ ਰਹਿੰਦਾ ਸੀ। ਭਾਵ ਗਿਰਾਵਟ ਹਰ ਖੇਤਰ ਵਿੱਚ ਆ ਗਈ ਹੈ। ਸਾਨੂੰ ਸੰਭਲਣ ਦੀ ਲੋੜ ਹੈ। ਬਾਬਾ ਦੇ ਡਾਇਲਾਗ ਕਮਾਲ ਦੇ ਹਨ, ਜਿਹੜੇ ਮਨੁੱਖੀ ਮਨਾਂ ਨੂੰ ਹਲੂਣਾ ਦਿੰਦੇ ਹਨ। ਬਾਬਾ ਦੇ ਡਾਇਲਾਗ: ਸ਼ਬਦਾਂ ਦੇ ਗਾਣ ਵਿੱਚ, ਗੁਰਾਂ ਦੀ ਰਮਾਨ ਵਿੱਚ, ਸਵੇਰ ਤੋਂ ਸ਼ਾਮ ਤੱਕ, ਧੁੱਪਾਂ ਦੀ ਨੁਹਾਰ ਵਿੱਚ, ਮੀਂਹਾਂ ਦੀ ਫੁਹਾਰ ਵਿੱਚ, ਸਤਰੰਗੀਆਂ ਪੀਂਘਾਂ ਵਿੱਚ, ਮੌਸਮੀ ਬਹਾਰਾਂ ਵਿੱਚ, ਤਿਤਲੀਆਂ ਦੀ ਛੋਹ ਵਿੱਚ, ਭੌਰਿਆਂ ਦੀ ਤੁਣਕਾਰ 'ਚ, ਕੋਇਲਾਂ ਵਾਲੇ ਗੀਤ ਵਿੱਚ, ਪਪੀਹਿਆਂ ਦੀ ਰੀਤ ਵਿੱਚ, ਝਰਨਿਆਂ ਦੀ ਢਾਲ ਵਿੱਚ, ਨਦੀਆਂ ਦੀ ਚਾਲ ਵਿੱਚ , ਯਾਰਾਂ ਦੀ ਯਾਰੀ ਵਿੱਚ, ਕੂੰਜਾਂ ਦੀਆਂ ਡਾਰੀਆਂ 'ਚ, ਕੌਲ ਤੇ ਕਰਾਰਾਂ ਵਿੱਚ, ਕੁਦਰਤ ਦੇ ਮਾਣ ਵਿੱਚ, ਹੱਕ 'ਤੇ ਅਸੂਲ ਲਈ, ਚੁੱਪ ਪਈਆਂ ਅੱਖੀਆਂ ਵਿੱਚੋਂ ਝਾਕਦੇ ਤੁਫਾੜਾਂ'ਚ, ਇਹੋ ਤਾਂ ਦਿਸਦਾ ਸੀ। ਬਾਬਾ ਦੇ ਇਹ ਡਾਇਲਾਗ ਸੰਪੂਰਨ ਤੌਰ 'ਤੇ ਇਨਸਾਨ ਦੇ ਮਨਾ ਨੂੰ ਕੁਰੇਦਦੇ ਹੋਏ ਵਡਮੁੱਲੀਆਂ ਗੱਲਾਂ ਕਹਿ ਜਾਂਦੇ ਹਨ। ਇਸ ਤੋਂ ਬਾਅਦ ਕੁੜੀਆਂ ਗੀਤ ਗਾਉਂਦੀਆਂ ਹਨ।

ਸਵੇਰ ਤੋਂ ਸ਼ਾਮ ਤੱਕ, ਧਰਤੀ ਤੋਂ ਅਸਮਾਨ ਤੱਕ, ਮਾਵਾਂ ਦੀ ਪੁਕਾਰ, ਮਾਹੀ ਦੇ ਇੰਤਜ਼ਾਰ, ਆਉਂਦਿਆਂ ਜਾਂਦਿਆਂ, ਝੂਮਦੇ ਪਰਾਂਦਿਆਂ, ਖੁਲ੍ਹੇ ਖੁਲ੍ਹੇ ਵਿਹੜਿਆਂ ਵਿੱਚ, ਹਾਸਿਆਂ ਤੇ ਖੇੜਿਆਂ ਵਿਚ, ਜਗ ਦੀਆਂ ਰੀਤਾਂ ਵਿੱਚ ਚੰਦਰੀਆਂ ਪ੍ਰੀਤਾਂ ਵਿੱਚ, ਖ਼ੁਸ਼ੀਆਂ ਦੇ ਰਥਾਂ, ਮਹਿੰਦੀ ਵਾਲੇ ਹੱਥਾਂ ਉਤੇ। ਫਿਰ ਜਗਿਆਸੂ ਮੰਚ 'ਤੇ ਆ ਕੇ ਕਹਿੰਦਾ ਹੈ, ਛੱਡ ਉਹ ਬਾਬਾ ਛੱਡ ਮੈਨੂੰ ਨਹੀਂ ਤੇਰੀਆਂ ਗੱਲਾਂ ਸਮਝ ਆਉਂਦੀਆਂ, ਬਾਬਾ ਮੈਨੂੰ ਨੀ ਸਮਝ ਆਉਂਦਾ ਮੈਂ ਤਾਂ ਚਲਦਾ ਹਾਂ। ਬਾਬੇ ਦੀਆਂ ਵਿਸਮਾਦੀ ਗੱਲਾਂ ਬਾਰੇ ਜਗਿਆਸੂ ਕਰਾ ਹੈ ਪ੍ਰੰਤੂ ਬਾਬਾ ਵਾਰ ਵਾਰ ਇਨਸਾਨ ਬਣਨ ਦੀ ਦੁਹਾਈ ਦਿੰਦਾ ਹੈ।

ਬਾਬੇ ਪਾਤਰ ਦੇ ਇੱਕ ਇੱਕ ਡਾਇਲਾਗ ਵਿੱਚ ਅਨੇਕਾਂ ਅਰਥ ਵਿਖਾਈ ਦਿੰਦੇ ਹਨ ਜਿਵੇਂ ਕੰਨ ਪੜਵਾਉਂਦਾ, ਪਿੰਡੇ ਤੋਂ ਖੱਲਾਂ ਲੁਹਾਉਂਦਾ, ਯਾਰਾਂ ਤੋਂ ਕੁਰਬਾਨ ਜਾਂਦਾ, ਮੀਰਾਂ ਦੀ ਪੁਕਾਰ ਵਿੱਚ, ਨਾਨਕ ਦੀ ਬਾਣੀ ਵਿੱਚ, ਸੱਚੇ ਸੁਚੇ ਗੀਤਾਂ, ਕਬੀਰ ਜਿਹੇ ਬਾਣੀਆਂ, ਗੋਬਿੰਦ ਦੀਆਂ ਕੀਤੀਆਂ ਕੁਰਬਾਨੀਆਂ, ਬੰਦੇ ਵਰਗੇ ਕੌਲਾਂ ਵਿੱਚ, ਤਾਨਸੈਨੀ ਤਾਰ ਵਿੱਚ, ਲਕਸ਼ਮੀ ਦੀ ਸ਼ਾਨ ਵਿੱਚ, ਸਰਾਭੇ ਵਾਲੇ ਜਹਾਜ ਵਿੱਚ, ਭਗਤ ਦੀਆਂ ਸ਼ਹਾਦਤਾਂ ਵਿੱਚ, ਟੀਪੂ ਦੀ ਬਹਾਦਰੀ ਵਿੱਚ, ਰਣਜੀਤ ਦੀ ਸ਼ਹਾਦਰੀ ਵਿੱਚ। ਲੇਖਕ ਦੀ ਸ਼ਬਦਾਵਲੀ ਸਰਲ, ਅਰਥ ਭਰਪੂਰ ਅਤੇ ਆਮ ਜਨ ਜੀਵਨ ਵਿੱਚੋਂ ਲਈ ਗਈ ਹੈ, ਜਿਸ ਕਰਕੇ ਇਸ ਇਕਾਂਗੀ ਦੀ ਸਾਰਥਿਕਤਾ ਹੋਰ ਵੀ ਵਧ ਜਾਂਦੀ ਹੈ। ਸਾਹਿਤ ਦਾ ਮੰਤਵ ਸਿਰਫ ਮਨੋਰੰਜਨ ਕਰਨਾ ਹੀ ਨਹੀਂ ਹੁੰਦਾ ਸਗੋਂ ਸਮਾਜਿਕ ਸਰੋਕਾਂ ਦੀ ਰਹਿਨੁਮਾਈ ਕਰਨਾ ਹੰਦਾ ਹੈ। ਇਹ ਇਕਾਂਗੀ ਸਾਹਿਤ ਦੇ ਇਸ ਸਿਧਾਂਤ 'ਤੇ ਪੂਰਾ ਉਤਰਦਾ ਹੈ।

# ਵਿਸ਼ਵ ਰਿਕਾਰਡ ਜੇਤੂ : ਰਣਜੀਤ ਔਜਲਾ


ਡਾ: ਕੰਵਲਜੀਤ (ਪ੍ਰਿੰਸੀਪਲ)
ਗੁਰੂ ਨਾਨਕ ਕਾਲਜ ਫਾਰ ਵਿਮੈਨ

ਰੱਸੀ ਟੱਪਣ ਵਿੱਚ ਵਿਸ਼ਵ ਰਿਕਾਰਡ ਜੇਤੂ, ਵਰਲਡ ਬੁੱਕ ਆਫ ਰਿਕਾਰਡ (ਲੰਡਨ) ਵਿੱਚ ਨਾਮ ਦਰਜ ਕਰਵਾਉਣ ਵਾਲਾ ਮੁੱਕੇਬਾਜ਼, 30 ਸਾਲਾ ਨੌਜਵਾਨ, ਖੇਡਾਂ ਦਾ ਹੋਣਹਾਰ ਹੀਰਾ ਅਤੇ ਨਵੀਆਂ ਪੁਲਾਘਾਂ ਪੁੱਟਣ ਵਾਲਾ ਰਣਜੀਤ ਔਜਲਾ, ਬੰਗਾ ਜਿਲ੍ਹਾ ਨਵਾਂ ਸ਼ਹਿਰ ਦਾ ਵਸਨੀਕ ਹੈ ਜਿਸ ਦੇ ਪਿਤਾ ਸ਼੍ਰੀ ਸੁਰਿੰਦਰ ਪਾਲ ਜੀ ਬੈਂਕ ਤੋ ਰਿਟਾਇਰ ਹੋ ਚੁੱਕੇ ਹਨ ਅਤੇ ਮਾਤਾ ਸ਼੍ਰੀ ਮਤੀ ਰੇਸ਼ਮ ਕੌਰ ਜੀ ਸੁਚੱਜੀ ਕੰਮ ਕਾਜੀ ਔਰਤ ਹੈ। ਰਣਜੀਤ ਨੇ ਸਕੂਲੀ ਵਿਦਿਆ ਪਬਲਿਕ ਸਕੂਲ ਖਾਨਪੁਰ ਤੋਂ ਹਾਸਿਲ ਕੀਤੀ। ਇਸਦੇ ਖੇਡਣ ਦੇ ਹੁਨਰ ਨੂੰ ਦੇਖਦੇ ਹੋਇਆਂ ਵੱਖ-ਵੱਖ ਕਾਲਜਾਂ ਨੇ ਇਸ ਨੂੰ ਆਪਣੇ ਵੱਲ ਖਿੱਚਿਆ। ਵੱਖੋ-ਵੱਖਰੇ ਕਾਲਜਾਂ ਵਿੱਚ ਪੜ੍ਹਦਿਆਂ ਹੋਇਆਂ ਜਿਥੇ ਰਣਜੀਤ ਨੇ ਖੇਡਾਂ ਦੇ ਖੇਤਰ ਵਿੱਚ ਪ੍ਰਾਪਤੀਆਂ ਕੀਤੀਆਂ ਉਥੇ ਵਿਦਿਅਕ ਮਿਆਰ ਵੀ ਬਣਾਈ ਰੱਖਿਆ। ਬੀ ਕਰਨ ਉਪਰੰਤ ਖੇਡਾਂ ਕਰਕੇ ਹੀ ਇਸ ਨੂੰ ਰਸ਼ੀਆ ਦੀ ਬੇਲਾਰੂਸ ਯੂਨੀਵਰਸਿਟੀ ਨੇ ਆਪਣੇ ਵੱਲ ਖਿੱਚ ਲਿਆ। ਉਥੇ ਇਸ ਨੇ ਇਕਨਾਮਿਕਸ ਦੀ ਐਮ ਕੀਤੀ । ਉਥੇ ਵਿਦਿਆ ਪ੍ਰਾਪਤ ਕਰਨਾ ਇਸ ਦੇ ਲਈ ਇੱਕ ਚੁਣੌਤੀ ਸੀ ਕਿਉਕਿ ਉਥੇ ਵਿਦਿਆ ਹਾਸਿਲ ਕਰਨ ਲਈ ਉਥੋਂ ਦੀ ਭਾਸ਼ਾ ਸਿੱਖਣਾ ਬਹੁਤ ਜਰੂਰੀ ਸੀ ਪਰ ਰਣਜੀਤ ਨੇ ਇਹ ਕੰਮ ਬਾਖੂਬੀ ਸਿਰੇ ਚੜਾਇਆ, ਰਸ਼ੀਅਨ ਭਾਸ਼ਾ ਦਾ ਟੈਸਟ ਦਿੱਤਾ ਅਤੇ 10 ਵਿੱਚੋ 7 ਅੰਕ ਹਾਸਿਲ ਕੀਤੇ।

ਕਦੇ ਨਾ ਰੁਕਕੇ ਕੰਡੇ ਕੱਢੇ,
ਜਖ਼ਮ ਕਦੇ ਨਾ ਸੀਤਾ ਮੈ,
ਕਦੇ ਨਾ ਪਿੱਛੇ ਮੁੜਕੇ ਤੱਕਿਆ,
ਕੂਚ ਜਦੋਂ ਵੀ ਕੀਤਾ ਮੈ । (ਮੁਨੀਰ ਨਿਆਜ਼ੀ)

ਉਪਰੋਕਤ ਸਤਰਾਂ ਦਾ ਕਾਇਲ ਰਣਜੀਤ ਖੇਡਦਾ ਤਾਂ ਬਾਕਸਿੰਗ ਲਈ ਸੀ ਪਰ ਰਿਕਾਰਡ ਹੋਰ ਵੀ ਬਣਾਉਂਦਾ ਗਿਆ। ਇਹ ਗੇਮ ਖੇਡਦਿਆਂ ਹੋਇਆਂ ਉਸ ਨੇ ਆਲ ਯੂਰੋਪਿਅਨ ਯੂਨੀਵਰਸਿਟੀਆਂ ਜਿਸ ਵਿੱਚ 52 ਯੂਨੀਵਰਸਿਟੀਆਂ ਨੇ ਭਾਗ ਲਿਆ ਵਿਚੋਂ ਬਾਕਸਿੰਗ ਦੇ ਲਈ ਗੋਲਡ ਮੈਡਲ ਪ੍ਰਾਪਤ ਕੀਤਾ। ਜ਼ਿਕਰਯੋਗ ਹੈ ਕਿ ਕਈ ਵਾਰ ਮਨੁੱਖ ਕਿਸੇ ਹੋਰ ਮੰਜ਼ਿਲ ਲਈ ਤੁਰਿਆ ਹੁੰਦਾ ਹੈ ਪਰ ਉਸ ਮੰਜ਼ਿਲ ਦੇ ਰਾਹ ਉਸ ਨੂੰ ਇੱਕ ਨਵੀਂ ਦਿਸ਼ਾ ਵੀ ਦੇ ਦਿੰਦੇ ਹਨ। ਰਣਜੀਤ ਨੇ ਵੀ ਇਸੇ ਤਰ੍ਹਾਂ ਕੀਤਾ ਅਸਲ ਵਿੱਚ ਬਾਕਸਿੰਗ ਦੇ ਵਿੱਚ ਸਰੀਰਕ ਤਾਕਤ ਹਾਸਿਲ ਕਰਨ ਦੇ ਲਈ ਉਸ ਨੂੰ ਰੱਸੀ ਟੱਪਣੀ ਪੈਂਦੀ ਸੀ, ਰੱਸੀ ਟੱਪਣ ਦੇ ਵਿੱਚ ਇਸ ਦੀ ਸਪੀਡ ਬਹੁਤ ਜਿਆਦਾ ਹੈ। ਦੋਸਤਾਂ, ਮਿੱਤਰਾਂ ਦੇ ਸਲਾਹ ਦੇਣ ਤੇ ਕਿ "ਤੂੰ ਇਸ ਦੇ ਵਿੱਚ ਵੀ ਰਿਕਾਰਡ ਬਣਾ ਸਕਦਾ ਹੈ"। ਇਸ ਨੇ ਉਹਨਾਂ ਦੀ ਸਲਾਹ ਨੂੰ ਸੱਚ ਕਰ ਦਿਖਾਇਆ ਅਤੇ ਇਸ ਨੇ ਏਸ਼ੀਆਂ ਦਾ ਰਿਕਾਰਡ ਬਣਾ ਦਿੱਤਾ , ਇੱਕ ਮਿੰਟ ਦੇ ਵਿੱਚ 290 ਵਾਰ ਰੱਸੀ ਟੱਪ ਕੇ ਪੁਰਾਣਾ ਰਿਕਾਰਡ ਤੋੜਿਆ ਹੁਣ ਵਿਸ਼ਵ ਰਿਕਾਰਡ ਵਿੱਚ ਇਸ ਨੇ 120 ਕਿਲੋ ਭਾਰ ਦੇ ਵਿੱਚ 290 ਵਾਰ ਰੱਸੀ ਟੱਪੀ।



ਸਟਾਫ਼ ਅਤੇ ਵਿਦਿਆਰਥਣਾਂ ਵਲੋਂ ਰਣਜੀਤ ਔਜਲਾ ਨੂੰ ਜੀ ਆਇਆਂ


ਪ੍ਰਿੰਸੀਪਲ ਡਾ. ਕੰਵਲਜੀਤ ਡੀਨਾ, ਰਣਜੀਤ ਲਈ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ


ਗੁਰੂ ਨਾਨਕ ਕਾਲਜ ਫ਼ਾਰ ਵਿਮੈਨ ਬੰਗਾ ਵਿਖੇ ਰਣਜੀਤ ਵਿਦਿਆਰਥਣਾਂ ਨੂੰ ਸੰਬੋਧਿਤ ਕਰਦਾ ਹੋਇਆ


ਕਾਲਜ ਪ੍ਰਿੰਸੀਪਲ ਵਲੋਂ ਰਣਜੀਤ ਨੂੰ ਯਾਦਗਾਰੀ ਮੋਮੈਂਟੋ ਦਿੰਦੇ ਹੋਏ ਅਤੇ ਨਾਲ ਖੜੇ ਹਨ ਰਣਜੀਤ ਦੇ ਦੋਸਤ


ਰਣਜੀਤ ਵਿਦਿਆਰਥਣਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ

ਮੈਨੂੰ ਇਸ ਗੱਲ ਦਾ ਮਾਣ ਹੈ ਕਿ ਰਣਜੀਤ ਗੁਰੂ ਨਾਨਕ ਕਾਲਜ ਫਾਰ ਵਿਮੈਨ, ਬੰਗਾ ਦੀ ਗਰਾਊਂਡ ਵਿੱਚ ਆਪਣੀ ਪਰੈਕਟਿਸ ਕਰਦਾ ਰਿਹਾ ਹੈ ਅਤੇ ਅੱਜ ਵੀ ਕਰ ਰਿਹਾ ਹੈ। ਜਦੋ ਇਸ ਨੂੰ ਇੱਕ ਪ੍ਰੋਗਰਾਮ ਦੇ ਦੌਰਾਨ ਜਿਸ ਵਿੱਚ ਇਸ ਨੂੰ ਸਨਮਾਨਿਤ ਕੀਤਾ ਜਾਣਾ ਸੀ, ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਉਸ ਸਮੇ ਹੀ ਮੈਂ ਇਸ ਦੀ ਨਿਮਰਤਾ ਅਤੇ ਇਖਲਾਕੀ ਗੁਣਾਂ ਦੀ ਕਾਇਲ ਹੋ ਗਈ । ਮੇਰਾ ਇਹ ਵਿਸ਼ਵਾਸ ਪੱਕਾ ਹੋ ਗਿਆ ਕਿ ਉਹ ਇਨਸਾਨ ਜੋ ਬੁਲੰਦੀਆਂ ਤੇ ਪਹੁੰਚਦਾ ਹੈ ਉਹ ਕਦੇ ਵੀ ਆਪਣੀ ਜ਼ਮੀਨ ਨੂੰ ਨਹੀਂ ਛੱਡਦਾ ਅਤੇ ਇਖਲਾਕੀ ਗੁਣਾਂ ਨੂੰ ਵੀ ਨਾਲ ਲੈ ਕੇ ਚੱਲਦਾ ਹੈ। ਆਪਣੇ ਕਾਲਜ ਦੇ ਵਿੱਚ ਰਣਜੀਤ ਨੂੰ ਵਿਦਿਆਰਥਣਾਂ ਦੇ ਰੂ-ਬ-ਰੂ ਕਰਵਾਉਣ ਦਾ ਮਕਸਦ ਵਿਦਿਆਰਥਣਾਂ ਦੇ ਸਾਹਮਣੇ ਐਸੀ ਸ਼ਖਸੀਅਤ ਨੂੰ ਮਿਲਾਉਣਾ ਸੀ ਜੋ ਇੱਕ ਰੋਲ ਮਾਡਲ ਬਣਿਆ ਹੈ, ਖਿਡਾਰਨਾਂ ਦੇ ਲਈ ਇਹ ਪ੍ਰਰੇਣਾ ਸਰੋਤ ਹੈ। ਵਿਦਿਆਰਥਣਾਂ ਨੇ ਬੜੇ ਹੀ ਉਤਸ਼ਾਹ ਦੇ ਨਾਲ ਸੁਣਿਆ ਅਤੇ ਰਣਜੀਤ ਨਾਲ ਸਵਾਲ-ਜਵਾਬ ਵੀ ਕੀਤੇ। ਰਣਜੀਤ ਨੇ ਦੱਸਿਆ ਕਿ ਜਿੰਦਗੀ ਵਿੱਚ ਅੱਗੇ ਵੱਧਣ ਲਈ ਮਾਨਸਿਕ ਤੌਰ ਤੇ ਵੀ ਤੰਦਰੁਸਤ ਹੋਣਾ ਬਹੁਤ ਜਰੂਰੀ ਹੈ। ਉਸ ਦੇ ਲਈ ਇਹ ਸਵੇਰੇ ਉੱਠ ਕੇ ਰੋਜ਼ਾਨਾ ਅਭਿਆਸ ਦੇ ਨਾਲ-ਨਾਲ ਮੈਡੀਟੇਸ਼ਨ ਵੀ ਕਰਦਾ ਹੈ।

ਵਿਦਿਆਰਥਣਾਂ ਦੀ ਉਤਸੁਕਤਾ ਇਸ ਗੱਲ ਦੀ ਵੀ ਜਿਆਦਾ ਸੀ ਕਿ ਵਿਸ਼ਵ ਰਿਕਾਰਡ ਬਣਾਉਣ ਵਾਲਾ ਅਤੇ ਗੋਲਡ ਮੈਡਲ ਪ੍ਰਾਪਤ ਕਰਨ ਵਾਲੀ ਸ਼ਖਸ਼ੀਅਤ ਉਹਨਾਂ ਦੇ ਸਾਹਮਣੇ ਬੈਠੀ ਹੈ। ਕਿਉਂਕਿ ਇਹੋ ਜਿਹੇ ਮਾਣਮੱਤੇ ਹੀਰੇ ਨਾਲ ਮਿਲਾਪ ਉਹਨਾਂ ਦੇ ਵਿੱਚ ਇੱਕ ਚਿੰਗਆੜੀ ਦਾ ਕੰਮ ਕਰਦਾ ਹੈ। ਰਣਜੀਤ ਨੂੰ ਪੁੱਛਿਆ ਗਿਆ ਕਿ ਤੁਸੀ ਕਿਸ ਦੇ ਪ੍ਰੇਰਣਾ ਨਾਲ ਇਸ ਖੇਤਰ ਵੱਲ ਨੂੰ ਤੁਰੇ ਤਾਂ ਰਣਜੀਤ ਨੇ ਬਹੁਤ ਹੀ ਸੋਹਣਾ ਜਵਾਬ ਦਿੱਤਾ ਕਿ ਮੈਨੂੰ ਇਹ ਮੰਜ਼ਿਲ ਦਿਖਾਉਣ ਵਿੱਚ ਮੇਰੇ ਦਾਦਾ ਜੀ ਦਾ ਯੋਗਦਾਨ ਹੈ। ਪਰ ਉਸ ਨੂੰ ਮਲਾਲ ਹੈ ਕਿ ਉਸ ਦੇ ਦਾਦਾ ਜੀ ਉਸ ਦੀਆਂ ਇਹਨਾਂ ਪ੍ਰਾਪਤੀਆਂ ਨੂੰ ਨਹੀ ਦੇਖ ਸਕੇ।

ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੀਆਂ ਸਰਕਾਰਾਂ ਇਹਨਾਂ ਵਰਗੇ ਹੀਰਿਆਂ ਨੂੰ ਤੋਲਣ ਦੇ ਵਿੱਚ ਨਾ ਕਾਮਯਾਬ ਹਨ। ਆਪਣੀ ਇਸ ਮਜਿੱਲ ਨੂੰ ਸਾਹਮਣੇ ਰੱਖਿਦਿਆਂ ਹੋਇਆਂ ਹੁਣ ਰਣਜੀਤ ਵੀ ਕਨੇਡਾ ਦੀ ਪ੍ਰਵਾਜ਼ ਭਰਨ ਦੇ ਲਈ ਤਿਆਰ ਹੈ। ਇਹ ਸਾਡੀਆਂ ਸਰਕਾਰਾਂ ਦੀ ਨਲਾਇਕੀ ਹੈ। ਰਣਜੀਤ ਨੂੰ ਜਦੋ ਮੈ ਕਾਲਜ ਆਉਣ ਲਈ ਸੱਦਾ ਦਿੱਤਾ ਤਾਂ ਮਨ ਬੜਾ ਵਿਆਕੁਲ ਸੀ ਕਿ ਉਸ ਨਾਲ ਗੱਲਬਾਤ ਕਰਨ ਦਾ ਖੁੱਲਾ ਸਮਾਂ ਮਿਲ ਜਾਵੇਗਾ ਅਨੁਸ਼ਾਸ਼ਤ ਸ਼ਖ਼ਸ਼ ਨਾਲ ਕੁਝ ਸਮਾਂ ਬੀਤਾਵਾਂਗੇ। ਸਾਰੇ ਸਟਾਫ ਨੇ ਰਣਜੀਤ ਦਾ ਨਿੱਘਾ ਸਵਾਗਤ ਕੀਤਾ । ਵਿਦਿਆਰਥਣਾਂ ਵੱਲੋ ਵੀ ਉਸ ਨੂੰ ਜੀ ਆਇਆਂ ਕਿਹਾ ਗਿਆ। ਜਦੋਂ ਉਸਨੂੰ ਖਾਣ-ਪੀਣ ਲਈ ਪੁੱਛਿਆ ਤਾਂ ਬੜੇ ਹੀ ਮਿੱਠ-ਬੋਲੜੇ ਅੰਦਾਜ਼ ਵਿੱਚ ਕਿਹਾ ਕਿ ਮੈਡਮ ਖਾਣ-ਪੀਣ ਦਾ ਲਾਲਚ ਕੋਈ ਨਹੀਂ ਆਪਾਂ ਬੈਠਕੇ ਗੱਲਾਂ ਕਰਾਂਗੇ। ਇਹ ਹੈ ਸਾਦਗੀ ਤੇ ਸਪੱਸ਼ਟਤਾ ਦਾ ਮੁਜੱਸਮਾ, ਸ਼ਾਇਦ ਤਾਂ ਹੀ ਇੰਨੀਆਂ ਮੰਜਿਲ੍ਹਾਂ ਸਰ ਹੁੰਦੀਆਂ ਹਨ।

ਇੱਥੇ ਹੀ ਬਸ ਨਹੀਂ ਹੁਣ ਉਸ ਦਾ ਟੀਚਾ ਗਿੰਨੀਜ਼ ਬੁੱਕ ਵਿੱਚ ਨਾਮ ਸ਼ਾਮਿਲ ਕਰਾਉਣ ਦਾ ਹੈ। ਸਾਡੀ ਇੱਛਾ ਹੈ ਕਿ ਉਹ ਆਪਣਾ ਨਾਮ ਗਿੰਨੀਜ਼ ਬੁੱਕ ਵਿੱਚ ਜਲਦੀ ਤੋਂ ਜਲਦੀ ਸ਼ਾਮਲ ਕਰਵਾਵੇ। ਰਣਜੀਤ,ਯਾਦ ਰੱਖੀ :

ਸੁਪਨੇ ਸਾਨੂੰ ਸੌਣ ਨਾ ਦਿੰਦੇ,
ਨੇਰ੍ਹੇ ਤੋ ਘਬਰਾਉਣ ਨਾ ਦਿੰਦੇ
ਦੱਸਣ ਰਾਹ ਪਰਭਾਤਾਂ ਦੇ
ਜਿਉਂਦਾ ਵੱਸਦਾ ਰਹਿ ਰਣਜੀਤ, ਮੰਜਿਲਾਂ ਤੇਰੇ ਕਦਮਾਂ ਨੂੰ ਨਸੀਬ ਹੋਣ,
ਜਵਾਨੀਆਂ ਮਾਣੇ, ਅਤੇ ਤੇਰੇ ਸੁਪਨੇ ਸਾਕਾਰ ਹੋਵਣ।

# ਪੰਜਾਬ ਵਿਚ ਪੱਗ ਰਹਿਤ ਹੋਣ ਦਾ ਰੁਝਾਨ


ਡਾ. ਸਵਰਾਜ ਸਿੰਘ

ਪੱਗ ਪੰਜਾਬ ਦੀ ਸਭਿਆਚਾਰ ਅਤੇ ਵਿਰਾਸਤ ਦਾ ਇਕ ਬਹੁਤ ਮਹੱਤਵਪੂਰਣ ਅੰਗ ਰਿਹਾ ਹੈ। ਭਾਵੇਂ ਕਿ ਸਿੱਖ ਧਰਮ ਨੇ ਪੱਗ ਨੂੰ ਲਾਜ਼ਮੀ ਕਰ ਦਿੱਤਾ, ਪ੍ਰੰਤੂ ਪੱਗ ਦੀ ਮਹੱਤਤਾ ਅਤੇ ਮਹਾਨਤਾ ਪੰਜਾਬੀ ਸਭਿਆਚਾਰ ਵਿਚ ਸਿੱਖ ਧਰਮ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਸਥਾਪਿਤ ਹੋ ਚੁੱਕੀ ਸੀ। ਪੱਗ ਪੰਜਾਬੀਆਂ ਲਈ ਆਨ, ਸ਼ਾਨ ਅਤੇ ਇੱਜ਼ਤ ਦਾ ਪ੍ਰਤੀਕ ਲੰਬੇ ਸਮੇਂ ਤੋਂ ਚਲੀ ਆ ਰਹੀ ਸੀ। ਇਹੋ ਜਿਹੇ ਬੋਲ ਪੰਜਾਬ ਵਿੱਚ ਲੰਬੇ ਸਮੇਂ ਤੋਂ ਸੁਣੇ ਜਾਂਦੇ ਰਹੇ ਹਨ, ਧੀਏ ਮੇਰੀ ਪੱਗ ਦੀ ਲਾਜ ਰੱਖੀ ਜਾਂ ਤੂੰ ਤਾਂ ਮੇਰੀ ਪੱਗ ਹੀ ਲੁਹਾ ਦਿੱਤੀ। ਜੇ ਅਸੀਂ ਹੋਰ ਵੀ ਇਤਿਹਾਸ ਵਿਚ ਪਿੱਛੇ ਜਾਈਆਂ ਤਾਂ ਪੱਗ ਆਰੀਆ ਨਸਲ ਦੇ ਲੋਕਾਂ ਵਿੱਚ ਜਿਥੋਂ ਦੀ ਅਸੀਂ ਲੰਘ ਕੇ ਪੰਜਾਬ ਆਏ ਹਾਂ ਦੇਖੀ ਜਾ ਸਕਦੀ ਹੈ।

ਇਰਾਨ ਵਿੱਚ ਤੇ ਆਰੀਆ ਨਸਲ ਦੇ ਅਫਗਾਨੀ ਲੋਕਾਂ (ਪਸ਼ਤੂਨਾਂ) ਦੇ ਪਹਿਰਾਵੇ ਵਿੱਚ ਪੱਗ ਦਾ ਇਕ ਮਹੱਤਵਪੂਰਣ ਸਥਾਨ ਰਿਹਾ ਹੈ। ਪ੍ਰੰਤੂ ਅੱਜ ਪੰਜਾਬੀ ਨੌਜਵਾਨਾਂ ਖਾਸ ਕਰਕੇ ਜੱਟ ਭਾਈਚਾਰੇ ਨਾਲ ਸਬੰਧਿਤ ਨੌਜਵਾਨਾਂ ਵਿੱਚ ਪੱਗ ਰਹਿਤ ਹੋਣ ਦਾ ਰੁਝਾਣ ਭਾਰੂ ਹੋ ਰਿਹਾ ਹੈ।

ਹੁਣੇ ਹੁਣੇ ਅਸੀਂ ਆਪਣੇ ਲੜਕੇ ਦੀ ਸ਼ਾਦੀ ਕੀਤੀ ਹੈ। ਸਾਨੂੰ ਇਹ ਤਜ਼ਰਬਾ ਹੋਇਆ ਹੈ ਕਿ ਜੱਟ ਭਾਈਚਾਰੇ ਨਾਲ ਸੰਬੰਧਿਤ ਕਈ ਕੁੜੀਆਂ ਹੁਣ ਪੱਗੜੀਧਾਰੀ ਮੁੰਡਿਆਂ ਨੂੰ ਪਸੰਦ ਨਹੀਂ ਕਰਦੀਆਂ। ਇਸ ਰੁਝਾਨ ਦੀ ਪੁਸ਼ਟੀ ਤੁਸੀਂ ਵਿਆਹ ਲਈ ਦਿੱਤੇ ਗਏ ਇਸ਼ਤਿਹਾਰਾਂ ਤੋਂ ਕਰ ਸਕਦੇ ਹੋ। ਅਕਸਰ ਇਹ ਲਿਖਿਆ ਹੁੰਦਾ ਹੈ, 'ਕਲੀਨਸ਼ੇਵਨ ਜੱਟ ਸਿੱਖ ਔਨਲੀ ਜਾਂ ਨਾਨ ਟਰਬਨਿਡ ਜੱਟ ਸਿੱਖ ਮੈਚ ਵਾਂਟਿਡ।' ਕਈ ਨੌਜਵਾਨ ਜੋ ਪੱਗੜੀਧਾਰੀ ਹਨ ਵੀ ਇਸੇ ਤੱਥ ਦੀ ਪੁਸ਼ਟੀ ਕਰਦੇ ਹਨ ਕਿ ਉਹਨਾਂ ਨੂੰ ਵਿਆਹ ਕਰਵਾਉਣ ਵਿੱਚ ਮੁਸ਼ਕਿਲ ਆ ਰਹੀ ਹੈ। ਇਕ ਹੋਰ ਦਿਲਚਸਪ ਗੱਲ ਇਹ ਹੈ ਕਿ ਪੰਜਾਬ ਤੋਂ ਬਾਹਰ ਅਜਿਹੀ ਕੋਈ ਸਮੱਸਿਆ ਨਹੀਂ ਹੈ, ਸਗੋਂ ਬਹੁਤ ਸਾਰੀਆਂ ਗੈਰ ਸਿੱਖ ਲੜਕੀਆਂ ਵੀ ਪੱਗੜੀਧਾਰੀ ਸਿੱਖਾਂ ਨੂੰ ਪਸੰਦ ਕਰਦੀਆਂ ਹਨ ਅਤੇ ਕਈਆਂ ਨੇ ਉਹਨਾਂ ਨਾਲ ਵਿਆਹ ਵੀ ਕਰਵਾਇਆ ਹੋਇਆ ਹੈ। ਪੰਜਾਬ ਤੋਂ ਬਾਹਰ ਬਾਕੀ ਭਾਰਤ ਵਿਚ ਸਥਿਤੀ ਕੀ ਹੈ। ਇਹ ਮੈਂ ਆਪ ਵੀ ਉਥੇ ਜਾ ਕੇ ਦੇਖਿਆ ਹੈ। ਕਈ ਲੋਕ ਜੋ ਲੰਬਾ ਸਮਾਂ ਉਥੇ ਰਹੇ ਹਨ, ਉਹਨਾਂ ਨਾਲ ਗੱਲਬਾਤ ਕਰਕੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਥੇ ਪੱਗ ਬਾਰੇ ਲੋਕਾਂ ਦੇ ਅਤੇ ਕੁੜੀਆਂ ਦੇ ਪ੍ਰਭਾਵ ਅਤੇ ਨਜ਼ਰੀਆ ਪੰਜਾਬ ਨਾਲੋਂ ਵੱਖਰਾ ਹੈ। ਜ਼ਾਹਿਰ ਹੈ ਕਿ ਇਹ ਸਮੱਸਿਆ ਜ਼ਿਆਦਾਤਰ ਪੰਜਾਬ ਵਿਚ ਹੀ ਦੇਖਣ ਨੂੰ ਮਿਲਦੀ ਹੈ।

ਹੁਣੇ ਹੁਣੇ ਮੈਨੂੰ ਪੰਜਾਬ ਦੇ ਇਕ ਬਹੁਤ ਹੀ ਜਾਣੇ ਪਹਿਚਾਣੇ ਜੱਟ ਸਿੱਖ ਪਰਿਵਾਰ ਨਾਲ ਸੰਬੰਧਿਤ ਨੌਜਵਾਨ ਨਾਲ ਇਸ ਵਿਸ਼ੇ ਉਤੇ ਗੱਲਬਾਤ ਕਰਨ ਦਾ ਮੌਕਾ ਮਿਲਿਆ। ਇਹ ਨੌਜਵਾਨ 6 ਸਾਲ ਮਹਾਂਰਾਸ਼ਟਰ ਵਿਚ ਰਿਹਾ ਹੈ ਅਤੇ ਉਸਨੇ ਸਭ ਤੋਂ ਵੱਧ ਸਮਾਂ ਪੂਨੇ ਵਿਚ ਗੁਜ਼ਾਰਿਆ ਹੈ। ਉਹ ਆਮ ਪੱਗੜੀਧਾਰੀ ਨਹੀਂ ਹੈ। ਉਸ ਅਨੁਸਾਰ ਮਹਾਂਰਾਸ਼ਟਰ ਦੇ ਲੋਕਾਂ ਵਿਚ ਪੱਗੜੀਧਾਰੀ ਸਿੱਖਾਂ ਪ੍ਰਤੀ ਬਹੁਤ ਸਤਿਕਾਰ ਦੇਖਣ ਨੂੰ ਮਿਲਦਾ ਹੈ। ਉਥੇ ਗੈਰ ਸਿੱਖ ਲੜਕੀਆਂ ਵੀ ਪੱਗੜੀਧਾਰੀ ਸਿੱਖਾਂ ਨੂੰ ਬਹੁਤ ਪਸੰਦ ਕਰਦੀਆਂ ਹਨ। ਕਈ ਅਜਿਹੀਆਂ ਲੜਕੀਆਂ ਨੇ ਪੱਗੜੀਧਾਰੀ ਸਿੱਖਾਂ ਨਾਲ ਵਿਆਹ ਕਰਵਾਇਆ ਹੋਇਆ ਹੈ। ਮਹਾਂਰਾਸ਼ਟਰ ਵਿਚ ਕੋਕਨ ਅਤੇ ਬ੍ਰਾਹਮਣ ਜੋ ਕਿ ਪੇਸ਼ਵਾ ਦੀ ਸੰਤਾਨ ਹਨ ਅਤੇ ਜੋ ਕਿ ਪੱਛਮੀ ਤੱਟ (ਵੈਸਟ ਕੋਸਟ) ਉਤੇ ਵਸੇ ਹੋਏ ਹਨ, ਆਪਣੇ ਆਪ ਨੂੰ ਸਭ ਤੋਂ ਉੱਚੀ ਜਾਤ ਵਾਲੇ ਲੋਕ ਸਮਝਦੇ ਹਨ। ਉਹ ਆਪਣੀ ਜਾਤ ਤੋਂ ਬਾਹਰ ਬਹੁਤ ਹੀ ਘੱਟ ਵਿਆਹ ਕਰਵਾਉਂਦੇ ਹਨ। ਪਰੰਤੂ ਇਸ ਭਾਈਚਾਰੇ ਨਾਲ ਸੰਬੰਧਿਤ ਕਈ ਕੁੜੀਆਂ ਨੇ ਪੱਗੜੀਧਾਰੀ ਸਿੱਖਾਂ ਨਾਲ ਵਿਆਹ ਕਰਵਾਏ ਹੋਏ ਹਨ।

ਇਸ ਭਾਈਚਾਰੇ ਦੇ ਲੋਕਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਡੂੰਘਾ ਸਤਿਕਾਰ ਦੇਖਣ ਨੂੰ ਮਿਲਦਾ ਹੈ। ਉਹਨਾਂ ਵਿਚੋਂ ਕਈਆਂ ਨੇ ਉਸਨੂੰ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਭਾਰਤੀ ਚਿੰਤਨ ਅਤੇ ਰੂਹਾਨੀਅਤ ਦੀ ਸਿੱਖਰ ਦੀ ਪ੍ਰਤੀਨਿਧਤਾ ਕਰਦੇ ਹਨ। ਉਸਨੇ ਕਿਹਾ ਕਿ ਮਹਾਂਰਾਸ਼ਟਰ ਦੇ ਲੋਕਾਂ ਵਿੱਚ ਪੱਗੜੀਧਾਰੀ ਸਿੱਖਾਂ ਬਾਰੇ ਇਹ ਪ੍ਰਭਾਵ ਹੈ ਕਿ ਉਹ ਚੰਗੇ ਚਾਲ ਚਲਣ (ਗੁੱਡ ਕੈਰੈਕਟਰ), ਨੈਤਿਕ ਕਦਰਾਂ ਕੀਮਤਾਂ (ਮੌਰਲ ਸਟਰੈਂਗਥ) ਬਹਾਦਰੀ ਅਤੇ ਭਰੋਸੇਯੋਗਤਾ ਦੇ ਪ੍ਰਤੀਕ ਹਨ। ਕੁੜੀਆਂ ਨੇ ਕਿਹਾ ਕਿ ਉਹ ਪੱਗੜੀਧਾਰੀ ਸਿੱਖਾਂ ਨਾਲ ਸੁਰ-ਖਿਅਤ ਮਹਿਸੂਸ ਕਰਦੀਆਂ ਹਨ। ਉਸਨੇ ਇਹ ਵੀ ਦੱਸਿਆ ਕਿ ਪੂਨੇ ਦੇ ਸਭ ਤੋਂ ਵੱਡੇ ਗੁਰਦੁਆਰਾ ਸਾਹਿਬ ਵਿਚ ਲੱਗਪੱਗ 80ਗ਼ ਸੰਗਤ ਗੈਰ ਸਿੱਖ ਹੁੰਦੀ ਹੈ।

ਮੁੰਬਈ ਵਿਚ ਲੰਬਾ ਸਮਾਂ ਰਹੀ ਇਕ ਬਹੁਤ ਹੀ ਸੂਝਵਾਨ ਔਰਤ ਜਿਸਨੇ ਕਿ ਔਰਤਾਂ ਦੀਆਂ ਕਾਮੁਕ ਸਮੱਸਿਆਵਾਂ ਨਾਲ ਨਜਿੱਠਣ ਲਈ ਜਿਸਨੂੰ ਅੰਗਰੇਜ਼ੀ ਵਿੱਚ ਸੈਕਸ ਥੈਰਾਪਿਸਟ ਕਹਿੰਦੇ ਹਨ, ਦੇ ਤੌਰ ਉਤੇ ਪ੍ਰੈਕਟਿਸ ਕੀਤੀ ਹੈ, ਦੱਸਿਆ ਕਿ ਮੁੰਬਈ ਬਹੁਤ ਹੀ ਕੋਸਮੋਪੋਲੀਟਨ ਸ਼ਹਿਰ (ਅੰਤਰਰਾਸ਼ਟਰੀ) ਹੈ ਅਰਥਾਤ ਇੱਥੇ ਵੱਖ-ਵੱਖ ਸਭਿਆਚਾਰਕ ਪਿਛੋਕੜਾਂ ਦੇ ਲੋਕ ਵਸਦੇ ਹਨ। ਉਸਦਾ ਇਹ ਪ੍ਰਭਾਵ ਹੈ ਕਿ ਵੱਖ-ਵੱਖ ਸਭਿਆਚਾਰਕ ਪਿਛੋਕੜਾਂ ਨਾਲ ਸੰਬੰਧਿਤ ਔਰਤਾਂ ਪੱਗੜੀਧਾਰੀ ਸਿੱਖਾਂ ਵੱਲ ਆਕਰਸ਼ਿਤ ਹੋ ਜਾਂਦੀਆਂ ਹਨ ਅਤੇ ਉਹ ਉਹਨਾਂ ਨੂੰ ਮਰਦਾਨਗੀ ਦੇ ਪ੍ਰਤੀਕ ਲੱਗਦੇ ਹਨ।

ਮੈਨੂੰ ਲੱਗਦਾ ਹੈ ਕਿ ਸਾਡੇ ਵਿਦਵਾਨਾਂ ਅਤੇ ਬੁੱਧੀਜੀਵੀ ਨੂੰ ਇਸ ਵਿਸ਼ੇ ਉਤੇ ਕਿ ਪੰਜਾਬ ਵਿਚ ਪੱਗ ਦਾ ਸਤਿਕਾਰ ਕਿਉਂ ਘੱਟ ਰਿਹਾ ਹੈ, ਨੌਜਵਾਨਾਂ ਵਿਚ ਪੱਗ ਰਹਿਤ ਹੋਣ ਦਾ ਰੁਝਾਨ ਕਿਉਂ ਵੱਧ ਰਿਹਾ ਹੈ ਅਤੇ ਕਿਉਂ ਸਾਡੀਆਂ ਕੁੜੀਆਂ ਪੱਗੜੀਧਾਰੀਆਂ ਨੂੰ ਪਸੰਦ ਨਹੀਂ ਕਰਦੀਆਂ, ਆਪਣੇ ਵਿਚਾਰ ਦੇਣੇ ਚਾਹੀਦੇ ਹਨ। ਸਾਨੂੰ ਇਹਨਾਂ ਮਸਲਿਆਂ ਨੂੰ ਨਿਰੋਲ ਸਿੱਖਾਂ ਦੇ ਧਾਰਿਮਕ ਮਸਲਿਆਂ ਤੱਕ ਸੀਮਤ ਕਰਕੇ ਨਹੀਂ ਦੇਖਣਾ ਚਾਹੀਦਾ। ਇਹਨਾਂ ਪਿੱਛੇ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਨੈਤਿਕ ਪੱਖ ਭੂਮਿਕਾ ਨਿਭਾਅ ਰਹੇ ਹਨ। ਮੈਨੂੰ ਇਹ ਕੌੜਾ ਤਜ਼ਰਬਾ ਵੀ ਹੋਇਆ ਹੈ ਕਿ ਜਦੋਂ ਮੈਂ ਇਹਨਾਂ ਮੱਸਲਿਆਂ ਉਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਗੱਲ ਕੀਤੀ ਤਾਂ ਕੁਝ ਅਖੌਤੀ ਬੁੱਧੀਜੀਵੀਆਂ ਨੇ ਕਿਹਾ ਕਿ ਤੁਸੀਂ ਸਿੱਖੀ ਦਾ ਪ੍ਰਚਾਰ ਕਰ ਰਹੇ ਹੋ। ਅਜਿਹੀ ਪਹੁੰਚ ਇਕ ਪੇਤਲੀ, ਗੈਰ-ਯਥਾਰਥਵਾਦੀ ਤੇ ਅੰਤਰਮੁਖੀ (ਸਬਜੈਕਟਿਵ) ਪਹੁੰਚ ਹੈ। ਸੱਚਾਈ ਤਾਂ ਇਹ ਹੈ ਕਿ ਕੋਈ ਮਸਲਾ ਨਿਰੋਲ ਧਾਰਮਿਕ ਸਮ-ਾਜਿਕ, ਸਭਿਆਚਾਰਕ ਜਾਂ ਨੈਤਿਕ ਨਹੀਂ ਹੁੰਦਾ, ਸਗੋਂ ਬਹੁਪੱਖੀ ਹੁੰਦਾ ਹੈ। ਜਿਸ ਵਿਚ ਇਹ ਸਾਰੇ ਪੱਖ ਰਲੇ ਮਿਲੇ ਹੁੰਦੇ ਹਨ।

ਕੁਦਰਤ ਵਿਚ ਕੋਈ ਵੀ ਚੀਜ਼ ਦੂਜਿਆਂ ਨਾਲੋਂ ਅਲੱਗ ਨਹੰ ਹੁੰਦੀ, ਸਗੋਂ ਕੁਦਰਤ ਪ੍ਰਸਪਰ ਨਿਰਭਰਤਾ (ਮਿਉਚਲ ਇਨਟਰਡਿਪੈਨਡੈਂਸ) ਦੇ ਸਿਧਾਂਤ ਤੇ ਚਲਦੀ ਹੈ। ਮਸਲਿਆਂ ਨੂੰ ਇਕ ਦੂਜੇ ਨਾਲੋਂ ਨਿਖੇੜਨਾ ਅਤੇ ਮਸਲਿਆਂ ਦਾ ਵਰਗੀਕਰਨ (ਕੰਪਾਰਟਮੈਂਟਲਾਈਜੇਸ਼ਨ) ਕਰਨਾ ਗੈਰ ਕੁਦਰਤੀ ਹੈ। ਅਜਿਹਾ ਕਰਕੇ ਨਾ ਤਾਂ ਤੁਸੀਂ ਚੰਗੇ ਮਾਰਕਵਸਾਦੀ, ਨਾ ਹੀ ਚੰਗੇ ਸਿੱਖ ਅਤੇ ਨਾ ਹੀ ਸੁਹਿਰਦ ਬੁੱਧੀਜੀਵੀ ਜਾਂ ਵਿਦਵਾਨ ਕਹਾਏ ਜਾ ਸਕਦੇ ਹੋ।

ਕਿਉਂਕਿ ਸਾਰੇ ਗਿਆਨ ਦਾ ਸੋਮਾ ਕੁਦਰਤ ਹੀ ਹੈ ਅਤੇ ਕੁਦਰਤ ਵਿਰੋਧੀ ਹੋਣ ਨਾਲ ਤੁਸੀਂ ਅਗਿਆਨਤਾ ਵੱਲ ਧੱਕੇ ਜਾਉਗੇ। ਕਿਸੇ ਵੀ ਮਸਲੇ ਨੂੰ ਸਹੀ ਢੰਗ ਨਾਲ ਵਿਚਾਰਨ ਲਈ ਸਾਡੀ ਪਹੁੰਚ ਸਮੁੱਚਤਾ ਵਾਲੀ ਅਤੇ ਬਹੁਪੱਖੀ ਹੋਣੀ ਚਾਹੀਦੀ ਹੈ। ਅਜਿਹਾ ਕਰਕੇ ਹੀ ਅਸੀਂ ਕੁਦਰਤ ਨਾਲ ਇਕਸੁਰਤਾ (ਹਾਰਮਨੀ) ਹਾਸਲ ਕਰ ਸਕਦੇ ਹਾਂ ਅਤੇ ਕੁਦਰਤ ਨਾਲ ਇਕਸੁਰਤਾ ਦੀ ਸਥਿਤੀ ਵਿਚੋਂ ਹੀ ਅਸਲੀ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਅਜਿਹਾ ਕਰਕੇ ਹੀ ਮਸਲਿਆਂ ਨੂੰ ਸਹੀ ਢੰਗ ਨਾਲ ਸੰਬੋਧਿਤ ਹੋਇਆ ਜਾ ਸਕਦਾ ਹੈ ਅਤੇ ਉਹਨਾਂ ਦਾ ਹੱਲ ਲਭਿਆ ਜਾ ਸਕਦਾ ਹੈ।

ਅੰਤ ਵਿਚ ਇਸ ਮੱਸਲੇ ਉਤੇ ਮੈਂ ਆਪਣਾ ਪੱਖ ਰੱਖਣਾ ਚਾਹਾਂਗਾ। ਮੇਰਾ ਇਹ ਮੰਨਣਾ ਹੈ ਕਿ ਪੰਜਾਬ ਉਤੇ ਸਾਮਰਾਜੀ ਖੱਪਤਕਾਰੀ ਸਭਿਆਚਾਰ ਦਾ ਪ੍ਰਭਾਵ ਸਭ ਤੋਂ ਵੱਧ ਪਿਆ ਹੈ ਅਤੇ ਪੰਜਾਬ ਵਿਚ ਖੱਪਤਕਾਰੀ ਅਤੇ ਕਦਰਾਂ ਕੀਮਤਾਂ ਦਾ ਖੋਰਾ (ਕਲਚਰਲ ਇਰੋਜਨ ਅਤੇ ਇਰੋਜਨ ਆਫ ਵੈਲਯੂ ਸਿਸਟਮ) ਸਭ ਤੋਂ ਵੱਧ ਹੋਇਆ ਹੈ। ਪੱਗ ਰਹਿਤ ਹੋਣ ਦਾ ਰੁਝਾਨ ਵੀ ਇਹਨਾਂ ਨਾਲ ਹੀ ਜੁੜਿਆ ਹੋਇਆ ਹੈ। ਪੱਗ ਅਤੇ ਸਭਿਆਚਾਰ, ਸਾਡੀ ਵਿਰਾਸਤ ਅਤੇ ਸਾਡੀਆਂ ਉਚੀਆਂ ਕਦਰਾਂ ਕੀਮਤਾਂ ਦੀ ਪ੍ਰਤੀਨਿਧਤਾ ਕਰਦੀ ਹੈ। ਜ਼ਾਹਿਰ ਹੈ ਕਿ ਇਹਨਾਂ ਦਾ ਖੋਰਾ ਪੱਗ ਨੂੰ ਪ੍ਰਭਾਵਿਤ ਕਰੇਗਾ। ਹੁਣ ਇਹ ਸਵਾਲ ਹੈ ਕਿ ਜੱਟ ਭਾਈਚਾਰੇ ਵਿਚ ਇਹ ਰੁਝਾਨ ਕਿਉਂ ਜ਼ਿਆਦਾ ਹੈ। ਮੇਰਾ ਮੰਨਣਾ ਹੈ ਕਿ ਬਾਕੀ ਭਾਈਚਾਰਿਆਂ ਦੀ ਤੁਲਨਾ ਵਿਚ ਜੱਟਾਂ ਵਿਚ ਸਭਿਆਚਾਰ ਅਤੇ ਕਦਰਾਂ ਕੀਮਤਾਂ ਦਾ ਖੋਰਾ ਤੁਲਨਾਤਮਿਕ ਤੌਰ ਉਤੇ ਜ਼ਿਆਦਾ ਹੋਇਆ ਹੈ।

ਅਗਲਾ ਸਵਾਲ ਇਹ ਹੈ ਕਿ ਕੁੜੀਆਂ ਵਿਚ ਪੱਗ ਪ੍ਰਤੀ ਸਤਿਕਾਰ ਕਿਉਂ ਘਟਿਆ ਹੈ। ਮੈਨੂੰ ਲੱਗਦਾ ਹੈ ਕਿ ਔਰਤਾਂ ਨੂੰ ਤੁਲਨਾਤਮਿਕ ਤੌਰ ਉਤੇ ਮਰਦਾਂ ਨਾਲੋਂ ਵੱਧ ਖੱਪਤਕਾਰੀ ਸਭਿਆਚਾਰ (ਕਨਜ਼ਿਊਮਰ ਕਲਚਰ) ਨੇ ਪ੍ਰਭਾਵਿਤ ਕੀਤਾ ਹੈ। ਮੈਨੂੰ ਇਹ ਵੀ ਲੱਗਦਾ ਹੈ ਕਿ ਬਹੁਤ ਸਾਰੇ ਪੰਜਾਬੀ ਅਤੇ ਖਾਸ ਕਰਕੇ ਜੱਟ ਆਪਣੇ ਬੱਚਿਆਂ ਦਾ ਭਵਿੱਖ ਵਿਦੇਸ਼ਾਂ ਵਿਚ ਦੇਖ ਰਹੇ ਹਨ।

ਇਸ ਲਈ ਉਹਨਾਂ ਨੂੰ ਸੁਚੇਤ ਜਾਂ ਅਚੇਤ ਤੌਰ ਉਤੇ ਲੱਗਦਾ ਹੈ ਕਿ ਪੱਗ ਉਹਨਾਂ ਦੇ ਬੱਚਿਆਂ ਦੇ ਵਿਦੇਸ਼ ਵਿਚ ਸੈਟਲ ਹੋਣ ਅਤੇ ਵਿਸ਼ਵ ਨੌਕਰੀਆਂ ਦੀ ਮੰਡੀ (ਗਲੋਬਲ ਜੌਬ ਮਾਰਕਿਟ) ਵਿਚ ਸ਼ਾਮਲ ਹੋਣ ਦੇ ਰਾਹ ਵਿਚ ਰੁਕਾਵਟ ਬਣ ਸਕਦੀ ਹੈ। ਇਸੇ ਤਰ੍ਹਾਂ ਕੁੜੀਆਂ ਨੂੰ ਇਹ ਲੱਗਦਾ ਹੈ ਕਿ ਪੱਗੜੀਧਾਰੀ ਮੁੰਡੇ ਰੂੜੀਵਾਦੀ ਪਹੁੰਚ (ਕਨਜ਼ਿਊਮਰਿਜ਼ਮ) ਦੇ ਪੂਰੇ ਅਨੰਦ ਲੈਣ ਦੇ ਰਾਹ ਵਿਚ ਰੁਕਾਵਟ ਬਣ ਸਕਦੇ ਹਨ। ਇਸ ਲਈ ਉਹ ਸੁਚੇਤ ਜਾਂ ਅਚੇਤ ਤੌਰ ਉਤੇ ਪੱਗੜੀਧਾਰੀ ਮੁੰਡਿਆਂ ਨੂੰ ਪਸੰਦ ਨਹੀਂ ਕਰਦੀਆਂ।

# ਤੇਰੇ ਖਿਆਲ

ਤੇਰੇ ਖਿਆਲ
ਜੱਦ ਵੀ ਮੈਨੂੰ ਆਉਂਦੇ ਨੇ
ਝੱਲਾ ਦਿਲ ਬਹੁਤ ਉਦਾਸ ਹੁੰਦਾ ਹੈ
ਤੇਰੀਆਂ ਮਿੱਠੀਆਂ ਪਿਆਰੀਆਂ ਗੱਲਾਂ
ਦੇ ਮੋਹ ਜਾਲ ਨੇ ਮੈਨੂੰ ਜਕੜ ਰੱਖਿਆ ਹੈ
ਲੱਖ ਕੋਸ਼ਿਸ਼ ਕਰਦੀ ਹਾਂ
ਇਹਨਾਂ ਵਿੱਚੋਂ ਨਿਕਲਣ ਦੀ
ਤੈਨੂੰ ਭੁਲਾਉਣ ਦੀ
ਪਰ ਤੂੰ ਮੇਰੀ ਰੂਹ ਵਿੱਚ
ਹਰ ਪੱਲ ਮੌਜੂਦ ਹੈਂ
ਤੇਰੇ ਖਿਆਲ ਆਉਂਦੇ ਹੀ
ਮੇਰੇ ਮਨ ਅੰਦਰ
ਐਸੀਆਂ ਪਿਆਰ ਤਰੰਗਾਂ
ਉੱਠਦੀਆਂ ਨੇ ਜੋ
ਮੇਰੀ ਰੂਹ ਅੰਦਰ ਉਤਰ
ਮੇਰੀ ਰੂਹ ਨੂੰ ਰੁਸ਼ਨਾ ਜਾਂਦੀਆਂ ਨੇ
ਤੇਰੀ ਮਿੱਠੀ ਪਿਆਰੀ ਅਵਾਜ਼
ਕੰਨਾਂ ਵਿੱਚ ਪੈਂਦੇ ਹੀ
ਮੈਂ ਬਰਫ਼ ਦੀ ਸਿੱਲ ਵਾਂਗੂੰ
ਤੇਰੇ ਪਿਆਰ ਦੀ ਗਰਮੀ ਵਿੱਚ
ਸਾਰੀ ਦੀ ਸਾਰੀ ਪਿਘਲ ਜਾਂਦੀ ਹਾਂ
ਤੇ ਫਿਰ ਤੇਰੇ ਖਿਆਲਾਂ
ਵਿੱਚ ਖੋ ਜਾਂਦੀ ਹਾਂ ।
ਉਫ਼ !
ਤੇਰੇ ਖਿਆਲ
ਤੇਰੇ ਖਿਆਲ !!



**-ਰਮਿੰਦਰ ਰਮੀ**

# ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਨੇ 23 ਮਾਰਚ ਦੀ ਗਜ਼ਟਿਡ ਛੁੱਟੀ ਕਰਨ ਦੀ ਕੀਤੀ ਮੰਗ

**ਬੰਗਾ-** ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਨੇ ਮਾਤਾ ਵਿਦਿਆਵੱਤੀ ਵੈਲਫੇਅਰ ਟਰੱਸਟ ਮੋਰਾਂਵਾਲੀ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਦੇ ਨਾਨਕੇ ਪਿੰਡ ਮੋਰਾਂਵਾਲੀ ਵਿਖੇ ਕੀਤੇ ਗਏ ਸਾਹਿਤਕ ਸਮਾਗਮ ਵਿਚ 23 ਮਾਰਚ ਦੇ ਸ਼ਹੀਦੀ ਦਿਹਾੜੇ ਤੇ ਸ਼ਰਧਾਂਜਲੀ ਵਜੋਂ ਗਜ਼ਟਿਡ ਸਰਕਾਰੀ ਛੁੱਟੀ ਕਰਨ ਅਤੇ ਮਾਤਾ ਵਿਦਿਆਵਤੀ ਯਾਦਗਾਰੀ ਸਮਾਰਕ ਮੋਰਾਂਵਾਲੀ ਦੀ ਖਟਕੜ੍ਹ ਕਲਾਂ ਯਾਦਗਾਰ ਵਾਂਗ ਸਰਕਾਰੀ ਪੱਧਰ ਤੇ ਸਾਂਭ ਸੰਭਾਲ ਕਰਨ ਦੀ ਮੰਗ ਕੀਤੀ। ਇਸ ਸਮਾਗਮ ਵਿਚ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਜਨਰਲ ਸਕੱਤਰ ਪ੍ਰੋ। ਜਗ-ਮੋਹਣ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਹਨਾਂ ਨੇ ਔਰਤਾਂ ਅਤੇ ਖਾਸ ਕਰਕੇ ਵਿਦਿਆਰਥਣਾਂ ਨੂੰ ਲੋਕ ਸੰ-ਘਰਸਾਂ ਬਾਰੇ ਸੁਚੇਤ ਕਰਨ ਦਾ ਕਾਰਜ ਕਰਨ ਲਈ ਕਿਹਾ। ਪ੍ਰਧਾਨਗੀ ਮੰਡਲ ਵਿਚ ਪ੍ਰੋ। ਸੁਰਜੀਤ ਜੱਜ, ਪ੍ਰੋ। ਸੰਧੂ ਵਰਿਆਣਵੀਂ, ਅਸ਼ੋਕ ਭੌਰਾ ਅਤੇ ਤੇਜਵਿੰਦਰ ਕੌਰ ਸੰਧੂ ਨੇ ਸ਼ਮੂਲੀਅਤ ਕੀਤੀ। ਇਹ ਸਮਾਗਮ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਮਾਵਾਂ ਦੀ ਯਾਦ ਵਿਚ ਮਾਤਾ ਵਿਦਿਆਵਤੀ ਯਾਦਗਾਰੀ ਹਾਲ ਵਿਚ ਕੀਤਾ ਗਿਆ। ਇਸ ਮੌਕੇ ਪ੍ਰੋ। ਅਕਵਿੰਦਰ ਕੌਰ ਕਾਕੜਾ ਨੇ ਮੌਜੂਦਾ ਸਮੇਂ ਵਿਚ ਚਲ ਰਹੇ ਕਿਸਾਨ ਲਹਿਰ ਦੌਰਾਨ ਸ਼ਹੀਦ ਹੋਏ ਕਿਸਾਨਾਂ, ਆਗੂਆਂ ਅਤੇ ਸਰਗਰਮ ਕਿਸਾਨਾਂ ਕਾਰਕੰਨਾਂ ਦੀਆਂ ਸਮੱਸਿਆਂਵਾਂ ਨੂੰ ਦੂਰ ਕਰਨ ਦੇ ਉਪਰਾਲੇ ਕਰਨ ਲਈ ਕਿਹਾ। ਪ੍ਰੋ। ਸੁਮੇਲ ਸਿੱਧੂ ਨੇ ਲੋਕ ਸੰਘਰਸ਼ਾਂ ਵਿਚ ਮਾਤਾਵਾਂ, ਪਰੀਵਾਰਾਂ ਅਤੇ ਸਹਿਯੋਗੀਆਂ ਦੇ ਯੋਗਦਾਨ ਬਾਰੇ ਵਿਚਾਰ ਚਰਚਾ ਕਰਦਿਆਂ ਸਾਨੂੰ ਆਪਣੇ ਸਥਾਨਕ ਲਿਖਤ ਅਤੇ ਮੌਖਿਕ ਇਤਿਹਾਸਕ ਵਿਰਸੇ ਨੂੰ ਨਾਲ ਲੈ ਕੇ ਚਲਣਾ ਚਾਹੀਦਾ ਹੈ। ਸਮਾਗਮ ਦੇ ਆਰੰਭ ਵਿਚ ਸਰਵਣ ਸਿੱਧੂ ਨੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਵਿਚਾਰ ਚਰਚਾ ਹਿੱਸਾ ਦੀ ਸਟੇਜ ਹਰਬੰਸ ਹੀਉਂ ਨੇ ਚਲਾਈ।






ਸਮਾਗਮ ਦੇ ਦੂਜੇ ਦੌਰ ਵਿਚ ਕਿਸਾਨੀ ਸੰਘਰਸ਼ ਨੂੰ ਸਮਰਪਿਤ ਹੋਏ ਕਵੀ ਦਰਬਾਰ ਵਿਚ ਮੁੱਖ ਮਹਿਮਾਨ ਵਜੋਂ ਨਿਰਮਲ ਸੌਂਧੀ ਨੇ ਸ਼ਿਰਕਤ ਕੀਤੀ। ਸ਼ਮਸ਼ੇਰ ਮੋਹੀ, ਰੇਸ਼ਮ ਚਿੱਤਰਕਾਰ, ਪਵਨ ਭੰਮੀਆਂ, ਦੀਪ ਕਲੇਰ ਅਤੇ ਬੀਬਾ ਕੁਲਵੰਤ ਨੇ ਪ੍ਰਧਾਨਗੀ ਮੰਡਲ ਵਿਚ ਸ਼ਾਮੂਲੀਅਤ ਕੀਤੀ। ਕਵੀ ਦਰਬਾਰ ਵਿਚ ਸ਼ਮਸ਼ੇਰ ਮੋਹੀ, ਅਕਵਿੰਦਰ ਕੌਰ ਕਾਕੜਾ, ਬੀਬਾ ਕੁਲਵੰਤ, ਸੋਮਾ ਸਬਲੋਕ, ਰਜਨੀ ਸ਼ਰਮਾ, ਮਨਜੀਤ ਕੌਰ ਮਠਾੜੂ, ਤਲਵਿੰਦਰ ਸ਼ੇਰਗਿੱਲ, ਅਵਤਾਰ ਸੰਧੂ, ਕ੍ਰਿਸ਼ਨ ਹੀਉਂ, ਵਿੰਦ ਰਸਨ, ਹਰਪ੍ਰੀਤ ਸਫ਼ਰੀ, ਸੁਖਵਿੰਦਰ ਸੁੱਖ, ਸਰਵਣ ਸਿੱਧੂ, ਪਰਮਜੀਤ ਕਾਹਮਾ, ਗੁਰਨਾਮ ਸਿੰਘ ਬਾਵਾ, ਪਵਨ ਮੰਮੀਆਂ, ਦਿਲ ਬਹਾਰ, ਤਰਸੇਮ ਸਿੰਘ ਭੰਮੀਆਂ, ਤਾਰਾ ਸਿੰਘ ਚੇੜਾ, ਓਮ ਪ੍ਰਕਾਸ਼ ਜ਼ਖ਼ਮੀ, ਸੰਤੋਖ ਸਿੰਘ ਬੀਰ ਆਦਿ ਨੇ ਆਪਣੀਆਂ ਰਚਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਰੇਸ਼ਮ ਚਿੱਤਰਕਾਰ ਦੀ ਲਿਖੀ ਗ਼ਜ਼ਲ "ਮੈਂ ਕੀ ਦੱਸਾਂ ।।।" ਨੂੰ ਪੇਸ਼ਕਾਰ ਦਿਲ ਬਹਾਰ ਦੀ ਨਿਰਦੇਸ਼ਨਾਂ ਹੇਠ ਗਾਇਕ ਸਤਿੰਦਰ ਸਿੰਘ ਧਾਲੀਵਾਲ ਦੁਆਰਾ ਤਿਆਰ ਕੀਤੀ ਸੰਗੀਤਕ ਸਿੰਗਲ ਟਰੈਕ ਦਾ ਪੋਸਟਰ ਵੀ ਰਿਲੀਜ਼ ਕੀਤਾ ਗਿਆ। ਕਵੀ ਦਰਬਾਰ ਦਾ ਸੰ-ਚਾਲਨ ਤਲਵਿੰਦਰ ਸ਼ੇਰਗਿੱਲ ਨੇ ਬਾਖੂਬੀ ਨਿਭਾਇਆ। ਸਮਾਗਮ ਦੇ ਅੰਤ ਵਿਚ ਹਰਬੰਸ ਹੀਉਂ ਨੇ ਸੱਭ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਅਮਰੀਕ ਸਿੰਘ ਢੀਂਡਸਾ, ਜੋਗਾ ਸਿੰਘ ਚਾਹਲ, ਪਰਮਜੀਤ ਸਿੰਘ ਚਾਹਲ, ਜਸਵੀਰ ਸਿੰਘ ਰਾਏ ਐਡਵੋਕੇਟ, ਜਥੇਦਾਰ ਤਰਸੇਮ ਸਿੰਘ ਮੋਰਾਂਵਾਲੀ ਇੰਟਰਨੈਸ਼ਨਲ ਢਾਡੀ, ਅਵਤਾਰ ਸਿੰਘ ਪੱਖੋਵਾਲ, ਤਰਸੇਮ ਸਿੰਘ ਝਿੱਕਾ, ਜਸਪਾਲ ਹੀਉਂ, ਮੱਖਣ ਲਾਲ ਹੀਉਂ, ਆਦਿ ਵੀ ਹਾਜ਼ਰ ਹੋਏ। ਪ੍ਰੋ। ਸੁਰਜੀਤ ਜੱਜ ਨੇ ਇਸ ਇੱਕਠ ਅੱਗੇ ਕੇਂਦਰੀ ਸਰਕਾਰ ਵੱਲੋਂ ਮਾਤ ਭਾਸ਼ਾਵਾਂ ਨੂੰ ਦੂਜੇ ਦਰਜੇ ਤੇ ਰੱਖਣ ਅਤੇ ਹਿੰਦੀ ਭਾਸ਼ਾ ਨੂੰ ਅਵੱਲ ਦਰਜੇ ਦੀ ਭਾਸ਼ਾ ਐਲਾਨ ਦਾ ਵਿਰੋਧ ਕਰਨ, ਯਾਦਗਾਰ ਦੀ ਸੰਭਾਲ ਅਤੇ 23 ਮਾਰਚ ਦੀ ਛੁੱਟੀ ਸਬੰਧੀ ਮਤੇ ਪੇਸ਼ ਕੀਤੇ, ਜਿਹਨਾਂ ਨੂੰ ਸਾਰਿਆਂ ਨੇ ਸਰਬਸੰਮਤੀ ਨਾਲ ਪਾਸ ਕੀਤਾ। ਇਸ ਸਮੇਂ ਪ੍ਰੋ। ਜਗਮੋਹਣ ਸਿੰਘ, ਤੇਜਵਿੰਦਰ ਕੌਰ ਸੰਧੂ, ਪ੍ਰੋ। ਅਰਵਿੰਦਰ ਕੌਰ ਕਾਕੜਾ ਅਤੇ ਪ੍ਰੋ। ਸੁਮੇਲ ਸਿੱਧੂ ਦਾ ਸਨਮਾਨ ਵੀ ਕੀਤਾ ਗਿਆ।

**-ਸੰਤੋਖ ਸਿੰਘ ਜੱਸੀ**

# ਅਜੈ ਮਿਸ਼ਰਾ ਦੀ ਤੁਰੰਤ ਗ੍ਰਿਫ਼ਤਾਰੀ ਲਈ ਕਿਸਾਨਾਂ ਵੱਲੋਂ ਰੋਸ ਮੁਜ਼ਾਹਰੇ

**ਨਵੀਂ ਦਿੱਲੀ-** ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ’ਤੇ ਹੁੰਗਾਰਾ ਭਰਦਿਆਂ, ਲਖੀਮਪੁਰ ਖੇੜੀ ਕਤਲੇਆਮ ਦੇ ਸੂਤਰਧਾਰ ਅਜੈ ਮਿਸ਼ਰਾ ਟੈਨੀ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਅਤੇ ਬਰਖਾਸਤ ਕਰਨ ਦੀ ਮੰਗ ਲਈ, ਪੂਰੇ ਭਾਰਤ ਵਿੱਚ ਸੈਂਕੜੇ ਥਾਵਾਂ ’ਤੇ ਰੋਸ ਪ੍ਰਦਰਸ਼ਨ ਕੀਤੇ ਗਏ। ਰੋਸ ਮਾਰਚ, ਮੋਟਰਸਾਈਕਲ ਰੈਲੀਆਂ, ਧਰਨੇ ਆਦਿ ਸਮੇਤ ਵੱਖ-ਵੱਖ ਰੂਪ ਧਾਰਨ ਕਰ ਗਏ। ਕਿਸਾਨਾਂ ਨੇ ਮੇਰਠ ਕੁਲੈਕਟੋਰੇਟ ਵਿੱਚ ਟਰੈਕਟਰਾਂ ਨਾਲ ਰੋਸ ਪ੍ਰਦਰਸ਼ਨ ਕੀਤਾ। ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਦਿੱਲੀ, ਬਿਹਾਰ, ਉੜੀਸਾ, ਮੱਧ ਪ੍ਰਦੇਸ਼, ਪੱਛਮੀ ਬੰਗਾਲ, ਰਾਜਸਥਾਨ ਅਤੇ ਆਂਧਰਾ ਪ੍ਰਦੇਸ਼ ਤੋਂ ਰਿਪੋਰਟਾਂ ਆਈਆਂ ਹਨ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ’ਤੇ ਦੇਸ਼ ਦੇ ਕਿਸਾਨਾਂ ਵੱਲੋਂ ਅੱਜ ਜੋ ਪੱਤਰ ਸਥਾਨਕ ਮੁੱਖ ਸਰਕਾਰੀ ਅਧਿਕਾਰੀਆਂ ਰਾਹੀਂ ਰਾਸ਼ਟਰਪਤੀ ਦੇ ਨਾਂ ਭੇਜਿਆ ਹੈ, ਦੀਆਂ ਮੰਗਾਂ ’ਚ ਅਜੈ ਮਿਸ਼ਰਾ ਦੀ ਬਰਖ਼ਾਸਤਗੀ, 120ਬੀ ਧਾਰਾ ਹੇਠ ਗ੍ਰਿਫ਼ਤਾਰੀ ਤੇ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਐੱਸਆਈਟੀ ਵੱਲੋਂ ਜਾਂਚ ਕੀਤੇ ਜਾਣਾ ਸ਼ਾਮਲ ਹੈ। ਮੋਰਚੇ ਵੱਲੋਂ ਕਿਸਾਨਾਂ ਨੂੰ ਕੀਤੀ ਅਪੀਲ ’ਤੇ ਲਖੀਮਪੁਰ ਖੀਰੀ (ਉੱਤਰ ਪ੍ਰਦੇਸ਼) ਦੇ ਤਿਕੁਨੀਆ ’ਚ ਕਿਸਾਨ ਕਤਲੇਆਮ ਨਾਲ ਸਬੰਧਤ ਇਸ ਪੱਤਰ ਨੂੰ ਅਧਿਕਾਰੀਆਂ ਰਾਹੀਂ ਰਾਸ਼ਟਰਪਤੀ ਨੂੰ ਭੇਜੇ ਗਏ। ਕਿਸਾਨਾਂ ਵੱਲੋਂ ਥਾਂ-ਥਾਂ ਧਰਨੇ ਪ੍ਰਦਰਸ਼ਨ ਕੀਤੇ ਗਏ। ਪੱਤਰ ’ਚ ਜ਼ਿਕਰ ਕੀਤਾ ਗਿਆ ਹੈ ਕਿ, ‘ਲਖੀਮਪੁਰ ਖੀਰੀ ਕਿਸਾਨ ਕਤਲੇਆਮ (3 ਅਕਤੂਬਰ 2021 ਦੀ ਘਟਨਾ, ਜਿਸ ਨੂੰ 3 ਹਫ਼ਤਿਆਂ ਤੋਂ ਵੱਧ ਸਮਾਂ ਬੀਤ ਚੁੱਕਾ



ਹੈ) ਦੀ ਜਿਸ ਤਰ੍ਹਾਂ ਜਾਂਚ ਹੋ ਰਹੀ ਹੈ, ਉਸ ਨੂੰ ਪੂਰਾ ਦੇਸ਼ ਨਿਰਾਸ਼ਾ ਤੇ ਗੁੱਸੇ ਨਾਲ ਦੇਖ ਰਿਹਾ ਹੈ, ਸੁਪਰੀਮ ਕੋਰਟ ਨੇ ਵੀ ਇਸ ਬਾਰੇ ਪਹਿਲਾਂ ਕਈ ਟਿੱਪਣੀਆਂ ਕੀਤੀਆਂ ਹੈ। ਦੇਸ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਨੈਤਿਕ ਜ਼ਿੰਮੇਵਾਰੀ ਦੀ ਘਾਟ ਤੋਂ ਹੈਰਾਨ ਹੈ, ਜਿੱਥੇ ਅਜੈ ਮਿਸ਼ਰਾ ਟੈਨੀ ਹੁਣ ਤੱਕ ਮੰਤਰੀ ਮੰਡਲ ਵਿੱਚ ਰਾਜ ਮੰਤਰੀ ਬਣੇ ਹੋਏ ਹਨ। ਲਖੀਮਪੁਰ ਖੇੜੀ ਕਤਲੇਆਮ ਦੀ ਤੀਜੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਦੀ ਖਿਚਾਈ ਕੀਤੀ। ਸੀਜੇਆਈ ਦੀ ਅਗਵਾਈ ਵਾਲੇ ਬੈਂਚ ਨੇ ਇਸ ਤੱਥ ’ਤੇ ਹੈਰਾਨੀ ਪ੍ਰਗਟ ਕੀਤੀ ਕਿ ਇਸ ਮਾਮਲੇ ਵਿਚ ਸਿਰਫ਼ 23 ਚਸ਼ਮਦੀਦ ਗਵਾਹਾਂ ਦੇ ਬਿਆਨ ਦਰਜ ਕੀਤੇ ਗਏ ਸਨ ਜਦੋਂ ਰੈਲੀ ਵਿਚ ਸੈਂਕੜੇ ਲੋਕ ਮੌਜੂਦ ਸਨ। ਯੂਪੀ ਸਰਕਾਰ ਨੂੰ ਹੋਰ ਚਸ਼ਮਦੀਦ ਗਵਾਹਾਂ ਦੀ ਪਛਾਣ ਕਰਨ, ਉਨ੍ਹਾਂ ਨੂੰ ਸੁਰੱਖਿਆ ਦੇਣ ਅਤੇ ਉਨ੍ਹਾਂ ਦੇ ਬਿਆਨ ਦਰਜ ਕਰਨ ਲਈ ਕਿਹਾ ਗਿਆ ਸੀ। ਯੂਪੀ ਸਰਕਾਰ ਨੇ ਆਪਣੇ ਬਿਆਨ ਦਰਜ ਕਰਵਾਉਣ ਲਈ 68 ਗਵਾਹਾਂ ਨੂੰ ਸੂਚੀਬੱਧ ਕੀਤਾ ਹੈ, ਜਿਨ੍ਹਾਂ ਵਿੱਚੋਂ 23 ਚਸ਼ਮਦੀਦ ਗਵਾਹਾਂ ਸਮੇਤ ਹੁਣ ਤੱਕ ਸਿਰਫ਼ 30 ਦੇ ਹੀ ਬਿਆਨ ਦਰਜ ਹੋਏ ਹਨ। ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਫੋਰੈਂਸਿਕ ਜਾਂਚ ਵਿੱਚ ਤੇਜ਼ੀ ਲਿਆਉਣ ਲਈ ਕਿਹਾ, ਜਾਂ ਕਿਹਾ ਕਿ ਉਹ ਇਸ ਲਈ ਪ੍ਰਯੋਗਸ਼ਾਲਾਵਾਂ ਨੂੰ ਨਿਰਦੇਸ਼ ਜਾਰੀ ਕਰੇਗੀ। ਅਗਲੀ ਸੁਣਵਾਈ 8 ਨਵੰਬਰ 2021 ਲਈ ਰੱਖੀ ਗਈ ਹੈ।

# ਡਾ ਸਾਹਿਲ ਦੀ ਪੁਸਤਕ "ਕੰਢੀ ਦੀਆਂ ਵਿਲੱਖਣਤਾਵਾਂ ਅਤੇ ਵਿਭਿੰਨਤਾਵਾਂ" ਬਲਜਿੰਦਰ ਮਾਨ ਅਤੇ ਪ੍ਰੇਮ ਸਾਹਿਲ ਵੱਲੋਂ ਜਾਰੀ

**ਮਾਹਿਲਪੁਰ-** ਡਾ ਧਰਮਪਾਲ ਸਾਹਿਲ ਨੇ ਕੰਢੀ ਖੇਤਰ ਤੇ ਬਹੁਤ ਹੀ ਸ਼ਾਨਦਾਰ ਖੋਜ ਕਾਰਜ ਕੀਤਾ ਹੈ। ਇਹ ਵਿਚਾਰ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਡਾ ਧਰਮਪਾਲ ਸਾਹਿਲ ਦੀ ਪੁਸਤਕ 'ਕੰਢੀ ਦੀਆਂ ਵਿਲੱਖਣਤਾਵਾਂ ਤੇ ਵਿਭਿੰਨਤਾਵਾਂ' ਨੂੰ ਜਾਰੀ ਕਰਦਿਆਂ ਕਰੂੰਬਲਾਂ ਭਵਨ ਮਾਹਲਪੁਰ ਵਿਚ ਆਖੇ। ਉਨ੍ਹਾਂ ਅੱਗੇ ਕਿਹਾ ਕਿ ਡਾ ਸਾਹਿਲ ਨੇ ਇਸ ਇਲਾਕੇ ਨੂੰ ਆਪਣੀਆਂ ਖੋਜ ਭਰਪੂਰ ਪੁਸਤਕਾਂ ਅਤੇ ਨਾਵਲਾਂ ਰਾਹੀਂ ਪੂਰੀ ਦੁਨੀਆਂ ਵਿੱਚ ਚਰਚਿਤ ਹੀ ਨਹੀਂ ਕੀਤਾ ਸਗੋਂ ਭਾਰਤ ਤੇ ਪੰਜਾਬ ਸਰਕਾਰ ਨੂੰ ਇਸ ਖਿੱਤੇ ਵੱਲ ਵਿਸ਼ੇਸ਼ ਗੌਰ ਕਰਨ ਲਈ ਵੀ ਤਿਆਰ ਕੀਤਾ ਹੈ। ਇਹ ਇਲਾਕਾ ਜਿੱਥੇ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਹੈ ਉੱਥੇ ਇਤਿਹਾਸਕ ਮਿਥਿਹਾਸਕ ਤੇ ਵਿਰਾਸਤੀ ਕਦਰਾਂ ਕੀਮਤਾਂ ਵੀ ਸੰਭਾਲੀ ਬੈਠਾ




ਹੈ। ਪੁਸਤਕ ਰਿਲੀਜ਼ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਦੇਹਰਾਦੂਨ ਦੇ ਸ਼ਾਇਰ ਪ੍ਰੇਮ ਸਾਹਿਲ ਨੇ ਕਿਹਾ ਕਿ ਲੇਖਕ ਨੇ ਜੀਵਨ ਵਿਚ ਹਰ ਖੇਤਰ ਨਾਲ ਸੰਬੰਧਤ ਸ਼ਾਨਦਾਰ ਕਿਰਤਾਂ ਰਚੀਆਂ ਹਨ। ਪਥਰਾਟ ਅਤੇ ਕੁਆਰ ਭਾਤ ਵਰਗੇ ਨਾਵਲ ਬਹੁਤ ਮਸ਼ਹੂਰ ਹੋਏ ਹਨ।ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਆਯੋਜਿਤ ਇਸ ਸਮਾਰੋਹ ਵਿਚ ਸਭ ਦਾ ਸੁਆਗਤ ਕਰਦਿਆਂ ਪ੍ਰਿੰਸੀਪਲ ਮਨਜੀਤ ਕੌਰ ਨੇ ਕਿਹਾ ਕਿ ਸਾਨੂੰ ਮਿਆਰੀ ਸਾਹਿਤ ਨੂੰ ਹਮੇਸ਼ਾਂ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਮੌਕੇ ਦਿਲਚਸਪ ਕਵਿਤਾਵਾਂ ਪੇਸ਼ ਕਰਨ ਵਾਲਿਆਂ ਵਿੱਚ ਪੰਮੀ ਖੁਸ਼ਹਾਲਪੁਰੀ, ਸੁਖਮਨ ਸਿੰਘ, ਪਵਨ ਸਕਰੂਲੀ ਅਤੇ ਮਨਜਿੰਦਰ ਸਿੰਘ ਨੇ ਭਰਪੂਰ ਹਾਜ਼ਰੀ ਲਗਵਾਈ। ਬੱਗਾ ਸਿੰਘ ਆਰਟਿਸਟ ਨੇ ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਇਸ ਪੁਸਤਕ ਦਾ ਪਾਠ ਕਰਦਿਆਂ ਪੂਰੇ ਕੰਢੀ ਇਲਾਕੇ ਦੇ ਸੈਰ ਹੋ ਜਾਂਦੀ ਹੈ।ਇਸ ਮੌਕੇ ਚੈਂਚਲ ਸਿੰਘ ਬੈਂਸ, ਰਘੁਵੀਰ ਸਿੰਘ ਕਲੋਆ ,ਹਰਵੀਰ ਮਾਨ, ਕੁਲਦੀਪ ਕੌਰ ਬੈਂਸ, ਹਰਮਨਪ੍ਰੀਤ ਕੌਰ, ਰਵਨੀਤ ਕੌਰ ਸਮੇਤ ਇਲਾਕੇ ਦੇ ਕਈ ਸਾਹਿਤਕਾਰ ਅਤੇ ਸਾਹਿਤ ਪ੍ਰੇਮੀ ਉਚੇਚੇ ਤੌਰ ਤੇ ਸ਼ਾਮਲ ਹੋਏ।

# ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਕਿਸਾਨੀ ਸੰਘਰਸ਼ ਨੂੰ ਸਮਰਪਿਤ ਕਾਵਿ ਮਿਲਣੀ ਦਾ ਵਿਸ਼ੇਸ਼ ਸਮਾਗਮ ਬੇਹੱਦ ਕਾਮਯਾਬ ਰਿਹਾ

ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਸੰਸਥਾਪਕ ਤੇ ਪ੍ਰਬੰਧਕ ਰਮਿੰਦਰ ਰਮੀ ਤੇ ਸੰਚਾਲਕ ਡਾ: ਬਲਜੀਤ ਕੌਰ ਰਿਆੜ ਜੀ ਦੇ ਸਹਿਯੋਗ ਸਦਕਾ 11 ਅਕਤੂਬਰ ਨੂੰ ਕਿਸਾਨੀ ਸੰਘਰਸ਼ ਨੂੰ ਸਮ-ਰਪਿਤ ਕਾਵਿ ਮਿਲਣੀ ਦਾ ਵਿਸ਼ੇਸ਼ ਸਮਾਗਮ ਬੇਹੱਦ ਕਾਮਯਾਬ ਰਿਹਾ। ਇਸ ਕਾਵਿ ਮਿਲਣੀ ਵਿੱਚ ਦੇਸ਼ਾਂ ਪ੍ਰਦੇਸ਼ਾਂ ਤੋਂ ਬਹੁਤ ਨਾਮਵਰ ਕਵੀਆਂ ਤੇ ਸਾਹਿਤਕਾਰਾਂ ਨੇ ਸ਼ਿਰਕਤ ਕੀਤੀ । ਸਵਾਗਤ- ਕਰਤਾ ਪ੍ਰੋ: ਹਰਜੱਸਪ੍ਰੀਤ ਕੌਰ ਗਿੱਲ ਨੇ ਮੀਟਿੰਗ ਵਿੱਚ ਹਾਜ਼ਰੀਨ ਮੈਂਬਰਜ਼ ਨੂੰ ਨਿੱਘਾ ਜੀ ਆਇਆਂ ਕਿਹਾ ਤੇ ਡਾ : ਬਲਜੀਤ ਕੌਰ ਨੂੰ ਮੰਚ ਸੰਚਾਲਨ ਕਰਨ ਲਈ ਕਿਹਾ। ਡਾ : ਬਲਜੀਤ ਜੀ ਬਹੁਤ ਮੰਝੇ ਹੋਏ ਬੁਲਾਰੇ ਨੇ ਤੇ ਉਹਨਾਂ ਦਾ ਮੰਚ ਸੰਚਾਲਨ ਕਾਬਿਲੇ ਤਾਰੀਫ਼ ਸੀ । ਡਾ : ਬਲਜੀਤ ਜੀ ਨੇ ਮੁੱਖ ਮਹਿਮਾਨ :-ਨਾਮਵਰ ਸ਼ਾਇਰਾ ਮਨਜੀਤ ਇੰਦਰਾ ਜੀ , ਡਾ : ਜੀ ਐਸ ਅਨੰਦ ਜੀ ਤੇ ਵਿਸ਼ੇਸ਼ ਮਹਿਮਾਨ:- ਸਫੀਆ ਹਯਾਤ, ਡਾ : ਬਲਜੀਤ ਸਿੰਘ, ਡਾ : ਜਗਮੋਹਨ ਸੰਘਾ ਜੀ, ਡਾ: ਤੇਜਿੰਦਰ ਕੌਰ ਤੇ ਰਾਜਵੰਤ ਰਾਜ ਜੀ ਤੇ ਹੋਰ ਨਾਮਵਰ ਕਵੀਜਨ ਪ੍ਰੋ : ਕੁਲਜੀਤ ਕੌਰ , ਹਰਦਿਆਲ ਝੀਤਾ ਜੀ , ਡਾ : ਅਮਨਦੀਪ ਕੌਰ ਬਰਾੜ, ਡਾ: ਅਨੀਸ਼ ਗਰਗ , ਅਰਵਿੰਦਰ ਢਿੱਲੋਂ । ਵਰਵਾਲਾ ਦੀ ਧੀ ਰੱਜੀ , ਇਹਨਾਂ ਸੱਭਨਾਂ ਨੂੰ ਆਪਣੀ ਰਚਨਾ ਪੇਸ਼ ਕਰਨ ਤੋਂ ਪਹਿਲਾਂ ਡਾ: ਬਲਜੀਤ ਜੀ ਉਹਨਾਂ ਦੇ ਬਾਰੇ ਜਾਣ ਪਹਿਚਾਣ ਕਰਾਉਂਦੇ ਗਏ । ਸੱਭ ਤੋਂ ਪਹਿਲਾਂ ਡਾ : ਬਲਜੀਤ ਕੌਰ ਰਿਆੜ ਜੀ ਨੇ ਮਨਜੀਤ ਇੰਦਰਾ ਨੂੰ ਮੀਟਿੰਗ ਦੀ ਓਪਨਿੰਗ ਕਰਨ ਲਈ ਕਿਹਾ। ਮਨਜੀਤ ਇੰਦਰਾ ਜੀ ਨੇ ਸਾਹਿਤਕ ਸਾਂਝਾਂ ਗਰੁੱਪ ਤੇ ਸੰਸਥਾਪਕ ਰਮਿੰਦਰ ਰਮੀ ਦੇ ਬਾਰੇ ਵਿੱਚ ਆਪਣੇ ਵਿਚਾਰ ਪੇਸ਼ ਕੀਤੇ । ਉਹਨਾਂ ਨੇ ਕਿਹਾ ਰਮਿੰਦਰ ਬਹੁਤ ਪਿਆਰ ਵਾਲੀ ਤੇ ਜ਼ਿੰਦਾ-ਦਿਲ ਔਰਤ ਹੈ , ਤੇ ਇਸਨੇ ਵੀ ਜੋ ਹੰਡਾਇਆ ਹੈ, ਆਪਣੇ ਪੱਲੇ ਵਿੱਚ ਬੰਨ ਲਿਖਣਾ ਸ਼ੁਰੂ ਕੀਤਾ ਹੈ । ਕਿਸਾਨੀ ਸੰਘਰਸ਼ ਨੂੰ ਸਮਰਪਿਤ ਕਾਵਿ ਮਿਲਣੀ ਬਹੁਤ ਸ਼ਲਾਘਾਯੋਗ ਉਪਰਾਲਾ ਹੈ ਤੇ ਸਮੇਂ ਦੀ ਲੋੜ ਵੀ । ਮਨਜੀਤ ਇੰਦਰਾ ਜੀ ਨੇ ਆਪਣੀਆਂ ਰਚਨਾਵਾਂ ਆਪਣੀ ਮਿੱਠੀ ਤੇ ਦਮਦਾਰ ਅਵਾਜ਼ ਵਿੱਚ ਪੇਸ਼ ਕੀਤੀਆਂ ।ਇਸ ਕਾਵਿ ਮਿਲਣੀ ਵਿੱਚ :- 1 ਡਾ : ਜੀ ਐਸ ਅਨੰਦ :- ਚੱਲ ਮਿੱਤਰਾ ਮੈਨੂੰ ਲੈ ਚੱਲ ਨਾਲ 2 ਡਾ : ਅਮਨਦੀਪ ਕੌਰ ਬਰਾੜ :- ਕਿਸਾਨੀ ਸੰਘਰਸ਼ 3 ਸ : ਹਰਦਿਆਲ ਸਿੰਘ ਝੀਤਾ :- ਜੱਦ ਰੱਬ ਧਰਤੀ ਤੇ ਆਉਂਦਾ ਹੈ 4 :- ਪ੍ਰੋ : ਕੁਲਜੀਤ ਕੌਰ :- ਦੇਸ਼ ਦੇ ਹਾਕਮੋ ਸੁਣੋ ਜ਼ਰੂਰ 5 ਡਾ : ਅਨੀਸ਼ ਗਰਗ :- ਜਿਹਨਾ ਨੇ ਕਦੇ ਗਮਲੇ ਵਿੱਚ ਬੂਟਾ ਨਹੀਂ ਲਾਇਆ 6 ਡਾ: ਤੇਜਿੰਦਰ ਕੌਰ :- ਕਿਸਾਨੀ ਪਿਤਾ ਤਾਂ ਧੀ ਦੀ ਵਾਰਤਾਲਾਪ ਸੰਬੰਧੀ ਕਵਿਤਾ 7 ਰਾਜਵੰਤ ਰਾਜ :- ਗ਼ਜ਼ਲਾਂ 8। ਮਨਜੀਤ ਇੰਦਰਾ :- ਕਿਸਾਨੀ , ਸਿਆਸਤ ਤੇ ਕਵਿਤਾਵਾਂ 9 ਡਾ :- ਜਗਮੋਹਨ ਸੰਘਾ :- 10 ਡਾ : ਬਲਜੀਤ ਸਿੰਘ।

ਹਰੇਕ ਕਵੀ ਨੇ ਵਾਰੀ ਵਾਰੀ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਖ਼ੂਬਸੂਰਤ ਅੰਦਾਜ਼ ਵਿੱਚ ਆਪਣੀਆਂ ਰਚ-ਨਾਵਾਂ ਸੁਣਾ ਕੇ ਸੱਭ ਦੇ ਮਨਾ ਨੂੰ ਮੋਹ ਲਿਆ । ਕਿਸਾਨੀ ਸੰਘਰਸ਼ ਨੂੰ ਸਮਰਪਿਤ ਕਾਵਿ ਮਿਲਣੀ ਹੋਣ ਦੇ ਨਾਤੇ , ਕਿਸਾਨੀ ਸੰਘਰਸ਼ ਤੇ ਹੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ । ਕੁਝ ਸ਼ਾਇਰਾਂ ਨੇ ਹੋਰ ਵਿਸ਼ੇ ਤੇ ਵੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ । ਆਖੀਰ ਵਿੱਚ ਡਾ: ਬਲਜੀਤ ਕੌਰ ਜੀ ਨੇ ਡਾ : ਬਲਜੀਤ ਸਿੰਘ ਨੂੰ ਮੀਟਿੰਗ ਦੀ ਕਲੋਜ਼ਿੰਗ ਕਰਨ ਲਈ ਕਿਹਾ। ਡਾ : ਬਲਜੀਤ ਸਿੰਘ ਬਹੁਤ ਵਧੀਆ ਅਲੋਚਕ ਵੀ ਨੇ , ਉਹਨਾਂ ਨੇ ਸੱਭ ਸ਼ਾਇਰਾਂ ਦੀਆਂ ਰਚਨਾਵਾਂ ਨੂੰ ਬਹੁਤ ਧਿਆਨ ਨਾਲ ਸੁਣਿਆ ਤੇ ਆਪਣੇ ਵਿਚਾਰ ਸਾਂਝੇ ਕੀਤੇ। ਡਾ : ਬਲਜੀਤ ਸਿੰਘ ਨੇ ਸੱਭ ਸ਼ਾਇਰਾਂ ਦੀਆਂ ਰਚਨਾਵਾਂ ਦੀ ਬਹੁਤ ਵਧੀਆ ਢੰਗ ਨਾਲ ਸਮੀਖਿਆ ਕੀਤੀ । ਆਖੀਰ ਵਿੱਚ ਰਮਿੰਦਰ ਰਮੀ ਤੇ ਡਾ: ਜਗਮੋਹਨ ਸੰਘਾ ਨੇ ਸੰਚਾਲਕ ਡਾ : ਬਲਜੀਤ ਕੌਰ ਰਿਆੜ , ਮੁੱਖ ਮਹਿਮਾਨ , ਵਿਸ਼ੇਸ਼ ਮਹਿਮਾਨ , ਕਵੀਜਨ ਤੇ ਹਾਜ਼ਰੀਨ ਮੈਂਬਰਜ਼ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਆਸ ਕਰਦੇ ਹਾਂ ਕਿ ਅੱਗੇ ਤੋਂ ਵੀ ਸਾਨੂੰ ਇਸੇ ਤਰਾਂ ਆਪ ਸੱਭ ਦਾ ਪਿਆਰ , ਸਾਥ ਤੇ ਸਹਿਯੋਗ ਮਿਲਦਾ ਰਹੇਗਾ। ਟੋਰਾਂਟੋ ਤੋਂ ਪਰਮਜੀਤ ਸਿੰਘ ਗਿੱਲ , ਰਿੰਟੂ ਭਾਟੀਆ ਜੀ ਤੇ ਪਰਸ਼ਿੰਦਰ ਧਾਲੀਵਾਲ ਜੀ ਨੇ ਵੀ ਮੀਟਿੰਗ ਵਿੱਚ ਸ਼ਿਰਕਤ ਕੀਤੀ । ਜਨਰਲ ਸਕਤਰ ਅਮਨਬੀਰ ਸਿੰਘ ਧਾਮੀ ਜੀ ਨੇ ਪੋਸਟਰ ਬਣਾਉਣ ਦੀ ਜ਼ੁੰਮੇਵਾਰੀ ਲਈ ਹੋਈ ਹੈ, ਬਹੁਤ ਸ਼ਾਨਦਾਰ ਪੋਸਟਰ ਬਣਾਉਂਦੇ ਹਨ । ਸ਼ੁਕਰਾਨੇ ਅਮਨਬੀਰ ਜੀ ਤੇ ਸਾਡੇ ਮੀਡੀਆ ਤੇ ਪ੍ਰੈਸ ਮੈਂਬਰਜ਼ ਦਾ ਵੀ ਦਿਲੋਂ ਧੰਨਵਾਦ ਜੀ ਜੋਕਿ ਮੀਟਿੰਗ ਵਿੱਚ ਵੀ ਸ਼ਿਰਕਤ ਕਰਦੇ ਹਨ ਤੇ ਸਾਡੀ ਹਰ ਨਿਊਜ਼ ਨੂੰ ਵੀ ਆਪਣੇ ਪੇਪਰ ਵਿੱਚ ਲਗਾ ਕੇ ਮਾਣ ਦਿੰਦੇ ਹਨ । ਧੰਨਵਾਦ ਸਹਿਤ ।

**- ਰਮਿੰਦਰ ਰਮੀ ਸੰਸਥਾਪਕ ਤੇ ਪ੍ਰਬੰਧਕ**
**ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ।**

# ਠੋਸ ਕੂੜੇ ਕਰਕਟ, ਪਰਾਲੀ ਅਤੇ ਗੋਬਰ ਗੈਸ ਤੋਂ ਬਿਜਲੀ ਬਣਾਉਣੀ, ਕੋਲੇ ਦਾ ਸਭ ਤੋਂ ਉੱਤਮ ਬਦਲ ਹੋ ਸਕਦਾ ਹੈ

ਕਈ ਵਾਰ ਸਮੱਸਿਆ ਵੀ ਵਰਦਾਨ ਬਣ ਕੇ ਆਉਂਦੀ ਹੈ। ਕੋਲੇ ਤੋਂ ਬਿਜਲੀ ਉਤਪਾਦਨ ਦਾ ਸੰਕਟ ਚੀਨ ਤੋਂ ਸ਼ੁਰੂ ਹੋ ਕੇ ਸਾਰੇ ਵਿਸ਼ਵ ਵਿੱਚ ਫੈਲ ਚੁੱਕਾ ਹੈ। ਭਾਰਤ ਦੇ ਥਰਮਲ ਪਲਾਂਟਸ ਉੱਪਰ ਵੀ ਕੋਲੇ ਦੀ ਕਮੀ ਦੇ ਬੱਦਲ ਮੰਡਰਾ ਰਹੇ ਹਨ। ਇਸਦੇ ਕਈ ਕਾਰਨ ਹਨ।

ਪਹਿਲਾ :- ਕੋਲੇ ਦੀਆਂ ਖਾਨਾਂ ਵਿੱਚ ਹੜ੍ਹ ਆਉਣ ਕਾਰਨ, ਕੋਲਾ ਗਿੱਲਾ ਹੋ ਚੁੱਕਾ ਹੈ।

ਦੂਜਾ :- ਇੰਡੋਨੇਸ਼ੀਆ ਅਤੇ ਦੱਖਣੀ ਅਫਰੀਕਾ ਤੋਂ ਆਯਾਤ ਹੋਣ ਵਾਲੇ 12।5% ਕੋਲੇ ਦਾ ਭਾਗ ਬੰਦ ਹੋਣਾ।

ਤੀਜਾ :- ਕੋਲੇ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਣਾ ਆਦਿ।

ਭਾਰਤ ਦੁਨੀਆਂ ਦਾ ਤੀਜਾ ਸਭ ਤੋਂ ਵੱਧ ਬਿਜਲੀ ਪੈਦਾ ਕਰਨ ਵਾਲੇ ਅਤੇ ਤੀਜਾ ਹੀ ਖਪਤ ਕਰਨ ਵਾਲਾ ਦੇਸ਼ ਹੈ। ਦੇਸ਼ ਵਿੱਚ ਕੁੱਲ ਬਿਜਲੀ ਉਤਪਾਦਨ ਵਿੱਚ ਪੂਰਤੀ ਯੋਗ ਊਰਜਾ ਦਾ ਭਾਗ 37% ਹੈ, ਜਿਸ ਵਿੱਚ ਹਾਈਡ੍ਰੋ, ਸੋਲਰ ਪੈਨਲ ਅਤੇ ਪਵਨ ਚੱਕੀ ਵਿਧੀ ਦੁਆਰਾ ਤਿਆਰ ਕੀਤੀ ਬਿਜਲੀ ਹੈ। 2% ਬਿਜਲੀ ਦਾ ਭਾਗ ਪ੍ਰਮਾਣੂ ਊਰਜਾ ਰਾਹੀਂ ਪੈਦਾ ਹੁੰਦਾ ਹੈ। ਲਗਭਗ 61% ਬਿਜਲੀ ਦਾ ਉਤਪਾਦਨ ਕਾਰਬਨ ਉਤਸਰਜਨ ਵਿਧੀ ਰਾਹੀਂ ਹੁੰਦਾ ਹੈ, ਜਿਸ ਵਿੱਚ 85% ਕੋਲੇ ਨਾ਼ਲ ਚੱਲਣ ਵਾਲੇ ਥਰਮਲ ਪਲਾਂਟਸ ਦਾ ਅਤੇ ਬਾਕੀ 15% ਗੈਸ ਅਧਾਰਿਤ ਥਰਮਲ ਪਲਾਂਟਸ ਦਾ ਯੋਗਦਾਨ ਹੈ।

ਪਿਛਲੇ ਕੁਝ ਕੁ ਸਾਲਾਂ ਤੋਂ ਦੇਸ਼ ਵਿੱਚ ਬਿਜਲੀ ਦੀ ਮੰਗ ਬਹੁਤ ਤੇਜ਼ੀ ਨਾ਼ਲ ਵੱਧ ਰਹੀ ਹੈ। ਲੋਕਾਂ ਦੇ ਆਰਥਿਕ ਪੱਧਰ ਵਿੱਚ ਸੁਧਾਰ ਹੋਣ ਨਾ਼ਲ ਘਰਾਂ ਵਿੱਚ ਏ।ਸੀ।, ਫਰਿੱਜ਼, ਟੀ।ਵੀ। ਅਤੇ ਕੱਪੜੇ ਧੋਣ ਵਾਲੀਆਂ ਮਸ਼ੀਨਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋ ਚੁੱਕਾ ਹੈ ਅਤੇ ਰਾਜਾਂ ਵੱਲੋਂ ਆਪਣੇ ਸਾਰੇ ਪਿੰਡਾਂ ਵਿੱਚ ਬਿਜਲੀ ਪਹੁੰਚਾਉਣ ਦਾ 100% ਟੀਚਾ ਹਾਸਿਲ ਕਰਨ ਨਾ਼ਲ ਬਿਜਲੀ ਦੀ ਮੰਗ ਪਿਛਲੇ ਸਾਲ ਨਾਲੋਂ 20% ਵੱਧ ਗਈ ਹੈ। ਰੇਲਵੇ ਦੇ ਪੂਰੀ ਤਰਾਂ ਵਿਧੁਤੀਕਰਨ ਹੋਣ ਨਾ਼ਲ ਬਿਜਲੀ ਦੀ ਮੰਗ ਹੋਰ ਵੱਧ ਗਈ ਜਾਵੇਗੀ।

ਭਾਵੇਂ ਦੇਸ਼ ਵਿੱਚ ਪੂਰਤੀ ਯੋਗ ਊਰਜਾ (ਸੋਲਰ ਪੈਨਲ ਤੋਂ) ਦੀ ਪੈਦਾਵਾਰ ਲਗਾਤਾਰ ਵੱਧ ਰਹੀ ਹੈ, ਪਰ ਇਹ ਥਰਮਲ ਪਲਾਂਟਸ ਵਿੱਚ ਪੈਦਾ ਹੋਣ ਵਾਲੀ ਬਿਜਲੀ ਦੀ ਮਾਤਰਾ ਨੂੰ ਪੂਰੀ ਤਰਾਂ ਢੱਕ ਲਵੇ ਇਸ ਲਈ ਬਹੁਤ ਲੰਬਾ ਸਮਾਂ ਲੱਗੇਗਾ।

ਕੋਲੇ ਦੀ ਪੂਰਤੀ ਵਿੱਚ ਆਈ ਇਹ ਕਮੀ ਭਾਵੇਂ ਆਰਜ਼ੀ ਹੋ ਸਕਦੀ ਹੈ, ਪਰ ਜੇਕਰ ਕੋਲੇ ਦੀ ਖਪਤ ਇਸੇ ਤਰਾਂ ਹੁੰਦੀ ਰਹੀ, ਤਾਂ ਕੋਲ ਭੰਡਾਰਾਂ ਦੇ ਪੂਰੀ ਤਰਾਂ ਖਾਤਮੇ ਨੂੰ ਕੋਈ ਨਹੀਂ ਰੋਕ ਸਕੇਗਾ। ਭੂ-ਵਿਗਿਆਨੀਆਂ ਮੁਤਾਬਿਕ ਭਾਰਤ ਵਿੱਚ ਕੋਲੇ ਦੇ ਭੰਡਾਰ 111 ਸਾਲਾਂ ਬਾਅਦ ਪੂਰੀ ਤਰਾਂ ਖ਼ਤਮ ਹੋ ਜਾਣਗੇ। 55 ਸਾਲਾਂ ਬਾਅਦ ਭਾਰਤ ਵਿੱਚ ਮੌਜੂਦ ਅੱਧਾ ਕੋਲ ਭੰਡਾਰ ਖ਼ਤਮ ਹੋ ਚੁੱਕਾ ਹੋਵੇਗਾ। ਕੋਲ ਭੰਡਾਰਾਂ ਦੇ ਖਾਤਮੇ ਦੇ ਅਸਲੀ ਖਤਰੇ ਦੇ ਹੱਲ ਲਈ ਦੇਸ਼ ਦੀ ਕੇਂਦਰੀ ਸਰਕਾਰ ਨੂੰ ਅਜਿਹੀ ਬਿਜਲੀ ਨੀਤੀ ਬਣਾਉਣੀ ਹੋਵੇਗੀ, ਤਾਂ ਕਿ ਆਉਣ ਵਾਲੇ ਸਾਲਾਂ ਵਿੱਚ ਦੇਸ਼ ਵਿੱਚ ਕਿਸੇ ਕਿਸਮ ਦਾ ਬਿਜਲੀ ਸੰਕਟ ਨਾ ਖੜਾ ਹੋਵੇ। ਹੁਣ ਇਸ ਵਿਸ਼ੇ ਦਾ ਸਭ ਤੋਂ ਮਹੱਤਵਪੂਰਨ ਅੰਗ ਇਹ ਹੈ ਕਿ ਥਰਮਲ ਪਲਾਂਟਸ ਵਿੱਚ ਕੋਲੇ ਦਾ ਬਦਲ ਕੀ ਹੋ ਸਕਦਾ ਹੈ?

(ੳ) ਠੋਸ ਕੂੜੇ ਨੂੰ ਜਲਾ ਕੇ ਬਿਜਲੀ ਬਣਾਉਣੀ :- ਸਾਰੇ ਦੇਸ਼ ਦੇ ਕਸਬਿਆਂ ਅਤੇ ਸ਼ਹਿਰਾਂ ਵਿੱਚੋਂ ਠੋਸ ਕੂੜੇ ਦੇ ਭਰੇ ਹੋਏ 35 ਲੱਖ ਟਰੱਕ ਹਰ ਰੋਜ਼ ਨਿਕਲਦੇ ਹਨ। ਇਸ ਕੂੜੇ ਨੂੰ ਸਮੇਟਣਾ ਇੱਕ ਬਹੁਤ ਵੱਡੀ ਸਮੱਸਿਆ ਬਣ ਚੁੱਕੀ ਹੈ। ਜਿਸ ਥਾਂ ਉੱਪਰ ਇਹ ਕੂੜਾ ਡੰਪ ਕੀਤਾ ਜਾਂਦਾ ਹੈ, ਉਸਦੇ ਇਰਦ-ਗਿਰਦ ਰਹਿਣ ਵਾਲੇ ਲੋਕਾਂ ਨੂੰ ਭਾਰੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਆਦਾਤਰ ਸ਼ਹਿਰਾਂ ਦੇ ਕੂੜੇ ਦੇ ਡੰਪ ਲਈ ਪਿੰਡਾਂ ਦੀਆਂ ਥਾਵਾਂ ਨੂੰ ਚੁਣ ਕੇ ਉਨ੍ਹਾਂ ਉੱਪਰ ਪ੍ਰਦੂਸ਼ਣ ਥੋਪ ਕੇ, ਬਲੀ ਦਾ ਬੱਕਰਾ ਬਣਾਇਆ ਜਾਂਦਾ ਹੈ।

ਕੁਝ ਥਰਮਲ ਪਲਾਂਟਸ ਨੂੰ ਚਿੰਨ੍ਹਤ ਕਰਕੇ, ਉਨ੍ਹਾਂ ਵਿੱਚ ਤਕਨੀਕੀ ਤਬਦੀਲੀ ਕਰਕੇ ਠੋਸ ਕੂੜੇ ਦੀ ਜਲਨ ਪ੍ਰਕ੍ਰਿਆ ਲਈ ਯੋਗ ਬਣਾਇਆ ਜਾ ਸਕਦਾ ਹੈ। ਥਰਮਲ ਪਲਾਂਟਸ ਵਿੱਚ ਕੋਲੇ ਦੀ ਥਾਂ ਉੱਪਰ ਠੋਸ ਕੂੜੇ ਨੰ ਜਲਾ ਕੇ ਬਿਜਲੀ ਦਾ ਉਤਪਾਦਨ ਕਰਨਾ ਇੱਕ ਤਰਾਂ ਨਾ਼ਲ ਅਪੂਰਤੀ ਯੋਗ ਊਰਜਾ ਦੀ ਥਾਂ ਉੱਪਰ ਪੂਰੀ ਯੋਗ ਊਰਜਾ ਦਾ ਉਤਪਾਦਨ ਹੀ ਮੰਨਿਆ ਜਾਵੇਗਾ। ਕਿਉਂਕਿ ਜਿਹੜਾ ਕਾਰਬਨ ਉਤਸਰਜਨ ਜਲਨ ਪ੍ਰਕ੍ਰਿਆ ਨਾ਼ਲ ਹੋਵੇਗਾ, ਉਹ ਤਾਂ ਕੂੜੇ ਦੀ ਅਪਘਟਨ ਪ੍ਰਕ੍ਰਿਆ ਨਾ਼ਲ ਕਾਰਬਨਿਕ ਗੈਸਾਂ ਦੇ ਮੁਕਤ ਹੋਣ ਨਾ਼ਲ ਵੀ ਹੁੰਦਾ ਹੈ ਅਤੇ ਇੱਰਦ ਗਿਰਦ ਵਾਤਾਵਰਣ ਵਿੱਚ ਦੁਰਗੰਧ ਵੀ ਫੈਲਦੀ ਹੈ। ਦੂਜੇ ਪਾਸੇ ਥਰਮਲ ਪਲਾਂਟਸ ਦੀ ਚਿਮਨੀ ਦੇ ਅੰਦਰ ਪਾਣੀ ਦੇ ਫੁਹਾਰਿਆਂ ਨਾ਼ਲ ਕਾਰਬਨਿਕ ਉਤਸਰਜਨ ਨੂੰ ਨਾ ਮਾਤਰ ਕੀਤਾ ਜਾ ਸਕਦਾ ਹੈ।



ਠੋਸ ਕੂੜੇ ਦੇ ਇਸ ਸਦਉਪਯੋਗ ਨਾ਼ਲ ਹਜਾਰਾਂ ਮੈਗਾਵਾਟ ਬਿਜਲੀ ਤਿਆਰ ਕੀਤੀ ਜਾ ਸਕਦੀ ਹੈ। ਕੁਝ ਉਦਾਹਰਨਾਂ ਸਾਡੇ ਸਾਹਮਣੇ ਹਨ : ਦਿੱਲੀ ਦੇ ਨਰੇਲਾ ਵਿਖੇ ਠੋਸ ਕੂੜੇ ਤੋਂ ਬਿਜਲੀ ਬਣਾਉਣ ਦਾ ਇੱਕ ਪਲਾਂਟ ਸਥਾਪਿਤ ਹੈ, ਜਿਸ ਵਿੱਚ ਪ੍ਰਤੀ ਦਿਨ 2000 ਮੀਟਰਿਕ ਟਨ ਠੋਸ ਕੂੜੇ ਦੀ ਖਪਤ ਹੁੰਦੀ ਹੈ, ਇਸ ਨਾ਼ਲ 24 ਮੈਗਾਵਾਟ ਬਿਜਲੀ ਤਿਆਰ ਕੀਤੀ ਜਾਂਦੀ ਹੈ। ਇਸੇ ਤਰਾਂ ਮਹਾਂਰਾਸ਼ਟਰ ਦੇ ਸੋਲਾਪੁਰ ਦੇ ਥਰਮਲ ਪਲਾਂਟ ਵਿੱਚ ਪ੍ਰਤੀ ਦਿਨ 500 ਮੀਟਰਿਕ ਟਨ ਕੂੜੇ ਦੀ ਖਪਤ ਹੁੰਦੀ ਹੈ ਅਤੇ 2 ਮੈਗਾਵਾਟ ਬਿਜਲੀ ਤਿਆਰ ਹੁੰਦੀ ਹੈ।

ਕੂੜੇ ਦੀਆਂ ਡੰਪ ਵਾਲੀਆਂ ਥਾਵਾਂ ਨੂੰ ਠੋਸ ਕੂੜੇ ਤੋਂ ਬਿਜਲੀ ਬਣਾਉਣ ਦੇ ਥਰਮਲ ਪਲਾਂਟਸ ਵਿੱਚ ਬਦਲਿਆ ਜਾ ਸਕਦਾ ਹੈ। ਦਿੱਲੀ ਦਾ ਗਾਜੀਪੁਰ ਡੰਪ, 70 ਏਕੜ ਜਮੀਨ ਉੱਪਰ ਫੈਲਿਆ ਹੋਇਆ ਹੈ। ਉੱਥੇ ਔਸਤ 700 ਕੂੜੇ ਦੇ ਟਰੱਕ ਹਰ ਰੋਜ਼ ਖਾਲੀ ਹੁੰਦੇ ਹਨ ਅਤੇ ਉੱਥੇ ਕੂੜੇ ਦੇ ਵੱਡੇ ਵੱਡੇ ਪਹਾੜ ਬਣ ਗਏ ਹਨ। 1 ਸਤੰਬਰ 2017 ਨੂੰ ਜਦੋਂ ਗਾਜ਼ੀਪੁਰ ਡੰਪ ਦਾ ਇੱਕ ਪਹਾੜ ਖਿਸਕ ਕੇ ਸੜਕ ਨੂੰ ਪਾਰ ਕਰਦਾ ਹੋਇਆ ਨਦੀ ਵਿੱਚ ਜਾ ਡਿੱਗਿਆ ਸੀ ਤਾਂ ਕਈ ਲੋਕ ਮਾਰੇ ਗਏ ਸਨ। ਕਿਉਂ ਨਾ ਇਸ 70 ਏਕੜ ਜਮੀਨ ਉੱਪਰ ਥਰਮਲ ਪਲਾਂਟ ਲਗਾ ਦਿੱਤਾ ਜਾਵੇ, ਇਸ ਨਾ਼ਲ ਕੂੜੇ ਦੀ ਸਮੱਸਿਆ ਵੀ ਹੱਲ ਹੋ ਜਾਵੇਗੀ ਅਤੇ ਬਿਜਲੀ ਦਾ ਉਤਪਾਦਨ ਵੀ ਹੋਵੇਗਾ। ਕੂੜੇ ਦੀ ਦੁਰਗੰਧ ਨੂੰ ਖ਼ਤਮ ਕਰਨ ਲਈ ਡਰੋਨ ਨਾ਼ਲ ਉਸ ਉੱਪਰ ਡੀਜ਼ਲ ਦਾ ਛਿੜਕਾਓ ਕੀਤਾ ਜਾ ਸਕਦਾ ਹੈ।

(ਅ) ਠੋਸ ਕੂੜੇ ਤੋਂ ਬਿਜਲੀ ਬਣਾਉਣ ਵਾਲੇ ਥਰਮਲ ਪਲਾਂਟਸ ਵਿੱਚ ਪਰਾਲੀ ਦੀ ਵਰਤੋ ਵੱਡੇ ਪੱਧਰ ਤੇ ਹੋ ਸਕਦੀ ਹੈ। ਉਚਿਤ ਦਬਾਅ ਨਾ਼ਲ ਕੁਤਰੀ ਹੋਈ ਪਰਾਲੀ ਦੇ ਬਣੇ ਹੋਏ ਇੱਟਾਂ ਵਰਗੇ ਬਲਾਕ, ਕੋਲੇ ਨਾਲੋਂ ਵੀ ਵਧੀਆ ਜਲ ਸਕਦੇ ਹਨ। ਸਾਰੇ ਦੇਸ਼ ਚ ਹਰ ਸਾਲ ਲਗਭਗ 130 ਮਿਲੀਅਨ ਟਨ ਪਰਾਲੀ ਦੇ ਰੂਪ ਵਿੱਚ ਫਸਲ ਦੀ ਰਹਿੰਦ-ਖੂੰਹਦ ਪੈਦਾ ਹੁੰਦੀ ਹੈ। ਜਿਸ ਵਿੱਚੋਂ ਲਗਭਗ 95 ਮਿਲੀਅਨ ਟਨ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਹੀ ਜਲਾ ਦਿੱਤਾ ਜਾਂਦਾ ਹੈ। ਇਸ ਦੇ ਨਾ਼ਲ ਹੀ ਲਗਭਗ 5 ਮਿਲੀਅਨ ਟਨ ਚਾਵਲ ਉਪਰਲਾ ਛਿਲਕਾ ਪੈਦਾ ਹੁੰਦਾ ਹੈ, ਜਿਸਦੀ ਮਾਲਕੀ ਸ਼ੈਲਰ ਮਾਲਕਾਂ ਕੋਲ ਹੁੰਦੀ ਹੈ ਅਤੇ ਇਸਦੀ ਪੂਰਤੀ ਬਜ਼ਾਰ ਵਿੱਚ ਉੱਚੇ ਭਾਅ ਉੱਪਰ ਕੀਤੀ ਜਾਂਦੀ ਹੈ। ਪਰ ਪਰਾਲੀ ਦੀ ਮਾਲਕੀ ਕਿਸਾਨਾਂ ਕੋਲ ਹੁੰਦੀ ਹੈ, ਜਿਸਨੂੰ ਹਾਲੇ ਤੱਕ ਬੇਲੋੜਾ ਪਦਾਰਥ ਸਮਝ ਕੇ ਸਾੜ ਦਿੱਤਾ ਜਾਂਦਾ ਹੈ। ਜਿਸ ਨਾ਼ਲ ਸਾਰੇ ਉੱਤਰੀ ਭਾਰਤ ਵਿੱਚ ਪੂਰਾ ਇੱਕ ਮਹੀਨਾ ਬੱਦਲਾਂ ਵਾਂਗ ਕਾਲਾ ਧੂੰਆਂ ਆਸਮਾਨ ਵਿੱਚ ਛਾਇਆ ਰਹਿੰਦਾ ਹੈ। ਇਹ ਕਾਲਾ ਧੂੰਆਂ ਐਨਾ ਜ਼ਹਿਰੀਲਾ ਹੁੰਦਾ ਹੈ, ਹਰ ਇੱਕ ਬੰਦਾ ਬਿਮਾਰ ਹੋ ਜਾਂਦਾ ਹੈ। ਬੱਚੇ ਰੋਂਦੇ ਰਹਿੰਦੇ ਹਨ। ਕਿਸਾਨਾਂ ਉੱਪਰ ਕਿਸੇ ਕਿਸਮ ਦੀ ਸਖ਼ਤੀ ਕੰਮ ਨਹੀਂ ਕਰਦੀ।

ਜੇਕਰ ਪਰਾਲੀ ਸੜਨ ਦੇ ਆਰਥਿਕ ਨੁਕਸਾਨ ਦੀ ਗੱਲ ਕੀਤੀ ਜਾਵੇ ਤਾਂ ਇਹ ਇੱਕ ਬਹੁਤ ਵੱਡੀ ਰਕਮ ਬਣਦੀ ਹੈ। ਇੱਕ ਅਨੁਮਾਨ ਦੇ ਅਨੁਸਾਰ ਇਹ 45000 ਕਰੋੜ ਰੁਪਏ ਬਣਦੀ ਹੈ। ਇਹ ਸ਼ੁੱਧ ਆਮਦਨ ਕਿਸਾਨਾਂ ਦੀ ਜੇਬ ਵਿੱਚ ਜਾ ਸਕਦੀ ਹੈ ਅਤੇ ਹਜਾਰਾਂ ਮੈਗਾਵਾਟ ਬਿਜਲੀ ਦਾ ਉਤਪਾਦਨ ਵੀ ਹੋ ਸਕਦਾ ਹੈ।

(ੲ) ਗੋਬਰ ਗੈਸ ਤੋਂ ਬਿਜਲੀ ਬਣਾਉਣੀ :- ਭਾਰਤ ਦੇਸ਼ ਕੋਲ ਦੁਨੀਆਂ ਦਾ ਸਭ ਤੋਂ ਵੱਡਾ ਪਸ਼ੂ ਧਨ ਹੈ। ਭਾਰਤੀ ਲੋਕ ਗਊ ਵੰਸ਼ ਨੂੰ ਆਦਰਯੋਗ ਮੰਨਦੇ ਹਨ। ਜਦੋਂ ਗਊ ਬੁੱਢੀ ਹੋ ਜਾਂਦੀ ਹੈ ਜਾਂ ਫਿਰ ਦੁੱਧ ਦੇਣਾ ਬੰਦ ਕਰ ਦਿੰਦੀ ਹੈ ਅਤੇ ਉਸਦੇ ਬੱਛਿਆਂ ਨੂੰ ਸੜਕਾਂ ਉੱਪਰ ਛੱਡ ਦਿੱਤਾ ਜਾਂਦਾ ਹੈ । ਸਾਰੇ ਉੱਤਰੀ ਭਾਰਤ ਵਿੱਚ ਲੱਖਾਂ ਦੀ ਗਿਣਤੀ ਵਿੱਚ ਬੇ-ਸਹਾਰਾ ਗਊ ਵੰਸ਼ ਸੜਕਾਂ ਅਤੇ ਗਲੀਆਂ ਵਿੱਚ ਅਵਾਰਾ ਤੁਰਿਆ ਫਿਰਦਾ ਹੈ। ਉੱਤਰੀ ਭਾਰਤ ਦੇ ਸਾਰੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਗਊਸ਼ਾਲਾਵਾਂ ਬਣੀਆਂ ਹੋਈਆਂ ਹਨ।



ਪ੍ਰੇਮਲਤਾ ਪ੍ਰਿੰਸੀਪਲ 91-98143-41746

ਇਹਨਾ ਗਊਸ਼ਾਲਾਵਾਂ ਦੀ ਸਥਾਪਨਾ ਪਿੰਡਾਂ ਦੇ ਆਮ ਲੋਕਾਂ ਵੱਲੋਂ ਇਸ ਮਕਸਦ ਲਈ ਕੀਤੀ ਗਈ ਸੀ ਤਾਂ ਕਿ ਬੇਸਹਾਰਾ ਗਊਵੰਸ਼ ਨੂੰ ਗਊਸ਼ਾਲਾਵਾਂ ਵਿੱਚ ਸਾਂਝੇ ਤੌਰ ਤੇ ਸੰਭਾਲਿਆ ਜਾਵੇ। ਪਰ ਵੱਡੀਆਂ-ਵੱਡੀਆਂ ਜਾਇਦਾਦਾਂ ਦੀਆਂ ਮਾਲਕਣ ਗਊਸ਼ਾਲਾਵਾਂ ਬੇ-ਸਹਾਰਾ, ਅਵਾਰਾ ਗਊ ਵੰਸ਼ ਨੂੰ ਸੰਭਾਲਣ ਵਿੱਚ ਪੂਰੀ ਤਰਾਂ ਅਸਫ਼ਲ ਰਹੀਆਂ ਹਨ। ਬੇ-ਸਹਾਰਾ, ਅਵਾਰਾ ਗਊ ਵੰਸ਼ ਨੂੰ ਸੜਕਾਂ ਅਤੇ ਗਲੀਆਂ ਵਿੱਚ ਕੂੜਾ ਖਾਂਦਿਆਂ ਆਮ ਦੇਖਿਆ ਜਾ ਸਕਦਾ ਹੈ। ਅਵਾਰਾ ਪਸ਼ੂ ਸੜਕਾਂ ਉੱਪਰ ਵਾਪਰ ਰਹੇ ਹਾਦਸਿਆਂ ਦੇ ਕਾਰਨ ਵੀ ਬਣਦੇ ਹਨ। ਜਿਸ ਕਾਰਨ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ ਅਤੇ ਪਸ਼ੂ ਅਪਾਹਜ ਹੋ ਜਾਂਦੇ ਹਨ। ਗਊਵੰਸ਼ ਨਾ਼ਲ ਸੰਸਕ੍ਰਿਤਕ ਪਹਿਲੂ ਵੀ ਜੁੜਿਆ ਹੋਇਆ ਹੈ। ਗਊ ਵੰਸ਼ ਦੀ ਬੇਕਦਰੀ ਨਾ਼ਲ ਭਾਰਤੀ ਸੰਸਕ੍ਰਿਤੀ ਉੱਪਰ ਸੱਟ ਵੱਜਦੀ ਹੈ। ਰਾਜ ਸਰਕਾਰਾਂ ਨੂੰ ਅਜਿਹੀਆਂ ਗਊਸ਼ਾਲਾਵਾਂ ਚਿਨ੍ਹੰਤ ਕਰਨੀਆਂ ਚਾਹੀਦੀਆਂ ਹਨ, ਜਿਨ੍ਹਾ ਕੋਲ ਵੱਡੀਆਂ ਜਾਇਦਾਦਾਂ ਹਨ। ਇਹਨਾਂ ਚਿਨ੍ਹੰਤ ਗਊਸ਼ਾਲਾਵਾਂ ਨੂੰ ਰਾਜ ਸਰਕਾਰਾਂ ਵੱਲੋਂ ਮਾਤਾ ਨੈਣਾਂ ਦੇਵੀ ਸ਼ਰਾਇਨ ਬੋਰਡ ਵਾਂਗ ਸ਼ਰਾਇਨ ਬੋਰਡ ਬਣਾਕੇ ਆਪਣੇ ਅਧੀਨ ਲਿਆ ਜਾਵੇ।

ਮੰਨ ਲਓ ਇੱਕ ਚਿਨ੍ਹੰਤ ਗਊਸ਼ਾਲਾ ਵਿੱਚ 4000 ਪਸ਼ੂ ਧਨ ਹੈ ਤਾਂ ਇਸ ਵਿੱਚ 800 ਘਰੇਲੂ ਗੋਬਰ ਗੈਸ ਪਲਾਂਟ ਦੇ ਬਰਾਬਰ ਬਾਇਓ ਗੈਸ ਪੈਦਾ ਕੀਤੀ ਜਾ ਸਕਦੀ ਹੈ। ਜਿਸ ਨਾ਼ਲ ਘੱਟੋ-ਘੱਟ 2 ਮੈਗਾਵਾਟ ਬਿਜਲੀ ਉਤਪਾਦਨ ਦਾ ਥਰਮਲ ਪਲਾਂਟ ਲਗਾਇਆ ਜਾ ਸਕਦਾ ਹੈ। ਮੰਨ ਲਓ ਰਾਜ ਸਰਕਾਰਾਂ ਨੇ ਅਜਿਹੀਆਂ 10000 ਗਊਸ਼ਾਲਾਵਾਂ ਚਿੰਨ੍ਹਤ ਕੀਤੀਆਂ ਹੋਣ, ਤਾਂ 20000 ਮੈਗਾਵਾਟ ਬਿਜਲੀ ਦਾ ਉਤਪਾਦਨ ਸੌਖਿਆਂ ਹੀ ਸੰਭਵ ਹੈ। ਇਸ ਵਿਧੀ ਨਾ਼ਲ ਗਊਸ਼ਾਲਾਵਾਂ ਦੀ ਆਰਥਿਕ ਤਰੱਕੀ ਤੋਂ ਇਲਾਵਾ, ਬੇ-ਸਹਾਰਾ, ਅਵਾਰਾ ਗਊਵੰਸ਼ ਦੀ ਆਰਥਿਕ ਕਦਰ ਪੈ ਜਾਵੇਗੀ।

ਉਪਰੋਕਤ ਤਿੰਨੋਂ ਵਿਧੀਆਂ ਅਜਿਹੀਆਂ ਹਨ ਜੋ ਆਉਣ ਵਾਲੇ ਸਮੇਂ ਲਈ ਕੋਲੇ ਦਾ ਬਦਲ ਹੋ ਸਕਦੀਆਂ ਹਨ। ਇਹਨਾ ਤਿੰਨੋਂ ਵਿਧੀਆਂ ਵਿੱਚ ਪ੍ਰਯੋਗ ਹੋਣ ਵਾਲਾ ਕੱਚਾ ਮਾਲ ਜੋ ਅੱਜ ਪਰੇਸ਼ਾਨੀ ਦਾ ਕਾਰਨ ਬਣਿਆ ਹੋਇਆ ਹੈ, ਭਵਿੱਖ ਵਿੱਚ ਸੋਨਾ ਸਾਬਿਤ ਹੋ ਸਕਦਾ ਹੈ। ਬਿਜਲੀ ਉਤਪਾਦਨ ਦੀ ਇਸ ਨੀਤੀ ਨਾ਼ਲ ਬਿਜਲੀ ਉਤਪਾਦਨ ਤੋਂ ਇਲਾਵਾ ਰੁਜ਼ਗਾਰ ਵਿੱਚ ਵੀ ਭਾਰੀ ਵਾਧਾ ਹੋਵੇਗਾ। ਆਰਥਿਕ ਖਰਚ ਦੇ ਸਵਾਲ ਤੇ ਤਿੰਨੋਂ ਵਿਧੀਆਂ ਪੂਰਤੀ ਯੋਗ ਸੋਮਿਆਂ ਦੇ ਬਰਾਬਰ ਫਾਇਦਾ ਦੇਣਗੀਆਂ। ਠੋਸ ਕੂੜੇ ਅਤੇ ਪਰਾਲੀ ਤੋਂ ਬਿਜਲੀ ਬਣਾਉਣ ਦਾ ਪਹਿਲਾ ਉਦਘਾਟਨ ਪੰਜਾਬ ਵਿੱਚ ਬੰਦ ਪਏ ਬਠਿੰਡਾ ਥਰਮਲ ਪਲਾਂਟ ਤੋਂ ਕਰਨਾ ਚਾਹੀਦਾ ਹੈ।

# ਸੁਪਰੀਮ ਕੋਰਟ ਨੇ ਐਸਸੀ ਐਸਟੀ ਨੂੰ ਤਰੱਕੀਆਂ 'ਚ ਰਾਖਵਾਂਕਰਨ ਦੇਣ ਦੇ ਮੁੱਦੇ 'ਤੇ ਫੈਸਲਾ ਰਾਖਵਾਂ ਰੱਖਿਆ

ਨਵੀਂ ਦਿੱਲੀ, 26 ਅਕਤੂਬਰ- ਜਸਟਿਸ ਨਾਗੇਸ਼ਵਰ ਰਾਓ ਦੀ ਅਗਵਾਈ ਵਾਲੀ ਤਿੰਨ ਜੱਜਾਂ ਦੀ ਬੈਂਚ ਨੇ ਇਸ ਮਾਮਲੇ ਵਿੱਚ ਸਾਰੀਆਂ ਧਿਰਾਂ ਦੀ ਸੁਣਵਾਈ ਕੀਤੀ। ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਸਰਕਾਰੀ ਨੌਕਰੀਆਂ ਵਿੱਚ ਅਨੁਸੂਚਿਤ ਜਾਤੀਆਂ (ਐਸਸੀ) ਅਤੇ ਅਨੁਸੂਚਿਤ ਕਬੀਲਿਆਂ (ਐਸਟੀ) ਨੂੰ ਤਰੱਕੀ ਵਿੱਚ ਰਾਖਵਾਂਕਰਨ ਦੇਣ ਦੇ ਮੁੱਦੇ 'ਤੇ ਆਪਣਾ ਫੈਸਲਾ ਸੁਰ-ੱਖਿਅਤ ਰੱਖ ਲਿਆ ਹੈ।

ਜਸਟਿਸ ਨਾਗੇਸ਼ਵਰ ਰਾਓ ਦੀ ਅਗਵਾਈ ਵਾਲੀ ਤਿੰਨ ਜੱਜਾਂ ਦੀ ਬੈਂਚ ਨੇ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ, ਐਡੀਸ਼ਨਲ ਸਾਲਿਸਟਰ ਜਨਰਲ (ਏਐਸਜੀ) ਬਲਬੀਰ ਸਿੰਘ ਅਤੇ ਵੱਖ-ਵੱਖ ਰਾਜਾਂ ਵੱਲੋਂ ਪੇਸ਼ ਹੋਏ ਹੋਰ ਸੀਨੀਅਰ ਵਕੀਲਾਂ ਸਮੇਤ ਸਾਰੇ ਪੱਖਾਂ ਦੀ ਸੁਣਵਾਈ ਕੀਤੀ।

ਕੇਂਦਰ ਨੇ ਪਹਿਲਾਂ ਜਸਟਿਸ ਸੰਜੀਵ ਖੰਨਾ ਅਤੇ ਬੀਆਰ ਗਵਈ ਦੀ ਬੈਂਚ ਨੂੰ ਕਿਹਾ ਸੀ ਕਿ ਇਹ ਜ਼ਿੰਦਗੀ ਦਾ ਸੱਚ ਹੈ ਕਿ ਲਗਭਗ 75 ਸਾਲਾਂ ਬਾਅਦ ਵੀ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੋਕਾਂ ਨੂੰ ਅਗਾਂਹਵਧੂ



ਵਰਗਾਂ ਦੇ ਬਰਾਬਰ ਯੋਗਤਾ ਦੇ ਪੱਧਰ 'ਤੇ ਨਹੀਂ ਲਿਆਂਦਾ ਗਿਆ ਹੈ।

ਅਟਾਰਨੀ ਜਨਰਲ ਵੇਣੂਗੋਪਾਲ ਨੇ ਕਿਹਾ ਸੀ ਕਿ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੋਕਾਂ ਲਈ ਨੌਕਰੀਆਂ ਦੀ ਗਰੁੱਪ ਏ ਸ਼੍ਰੇਣੀ ਵਿੱਚ ਉੱਚ ਅਹੁਦਾ ਪ੍ਰਾਪਤ ਕਰਨਾ ਵਧੇਰੇ ਮੁਸ਼ਕਲ ਹੈ ਅਤੇ ਸਮਾਂ ਆ ਗਿਆ ਹੈ ਜਦੋਂ ਸੁਪਰੀਮ ਕੋਰਟ ਨੂੰ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਹੋਰ ਪਛੜੇ ਵਰਗ (ਓਬੀਸੀ) ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਲੋਕਾਂ ਲਈ ਕੁਝ ਠੋਸ ਆਧਾਰ ਦੇਣਾ ਚਾਹੀਦਾ ਹੈ।

ਬੈਂਚ ਨੇ ਪਹਿਲਾਂ ਕਿਹਾ ਸੀ ਕਿ ਉਹ ਅਨੁਸੂਚਿਤ ਜਾਤੀਆਂ (ਐਸਸੀ) ਅਤੇ ਅਨੁਸੂਚਿਤ ਕਬੀਲਿਆਂ (ਐਸਟੀ) ਨੂੰ ਤਰੱਕੀ ਵਿੱਚ ਰਾਖਵੇਂਕਰਨ ਦੀ ਗਰਾਂਟ ਦੇ ਮੁੱਦੇ 'ਤੇ ਆਪਣਾ ਫੈਸਲਾ ਦੁਬਾਰਾ ਨਹੀਂ ਖੋਲ੍ਹੇਗਾ ਅਤੇ ਕਿਹਾ ਕਿ ਇਹ ਰਾਜਾਂ ਨੂੰ ਫੈਸਲਾ ਕਰਨਾ ਹੈ ਕਿ ਉਹ ਇਸ ਨੂੰ ਕਿਵੇਂ ਲਾਗੂ ਕਰਨ ਜਾ ਰਹੇ ਹਨ।

**- ਇੰਜੀ। ਹਰਦੀਪ ਸਿੰਘ ਚੁੰਬਰ 9463601616**

# ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਖਰੜ ਵਿਖੇ ਪਰਿਵਾਰ ਅਤੇ ਬੱਚਿਆਂ ਸਮੇਤ ਰੈਲੀ ਕਰਕੇ ਲਗਾਇਆ ਜਾਵੇਗਾ ਪੱਕਾ ਧਰਨਾ

ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ 70000 ਦਿਵਿਆਂਗ ਬੱਚੇ ਹਨ। ਇਹਨਾਂ ਬੱਚਿਆਂ ਨੂੰ ਵਿਸ਼ੇਸ਼ ਅਧਿਆਪਕ (ਆਈ ਈ ਆਰ ਟੀ) ਅਤੇ ਜਿਲ੍ਹਾ ਸਪੈਸ਼ਲ ਐਜੂਕੇਸ਼ਨ ਟੀਚਰ ਆਮ ਅਧਿਆਪਕਾਂ ਵਾਂਗ ਸਿੱਖਿਆ ਦੇ ਰਹੇ ਹਨ ਜਿਹਨਾਂ ਦੀ ਯੋਗਤਾ ਈ।ਟੀ।ਟੀ। ਅਤੇ ਬੀਐਡ ਦੇ ਬਰਾਬਰ ਡਿਪਲੋਮਾ ਅਤੇ ਸਪੈਸ਼ਲ ਬੀ।ਐਡ। ਹਨ।

ਇਹਨਾਂ ਦੀ ਨਿਯੁਕਤੀ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਅਧੀਨ 2005 ਤੋਂ ਸਿੱਖਿਆ ਵਿਭਾਗ ਪੰਜਾਬ ਸਰਕਾਰ ਦੀਆਂ ਸ਼ਰਤਾਂ ਪੂਰੀਆਂ ਕਰਕੇ ਕੀਤੀ ਗਈ ਸੀ ਅਤੇ 16 ਸਾਲਾਂ ਤੋਂ ਅਤੇ ਜਿਲ੍ਹਾ ਸਪੈਸ਼ਲ ਐਜੂਕੇਸ਼ਨ ਟੀਚਰ ਰਮਸਅ ਅਧੀਨ ਪਿਛਲੇ 7 ਸਾਲਾਂ ਤੋਂ ਕੰਮ ਕਰ ਰਹੇ ਹਾਂ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਅਤੇ ਰਮਸਅ ਅਧੀਨ 8886 ਆਮ ਅਧਿਆਪਕਾਂ ਅਤੇ ਉਰਦੂ ਭਾਸ਼ਾ ਅਧਿਆਪਕਾਂ ਨੂੰ ਈਟੀਟੀ। ਦੀ ਪੋਸਟ ਤੇ ਸਿੱਖਿਆ ਵਿਭਾਗ ਪੰਜਾਬ ਵਿੱਚ ਰੈਗੂਲਰ ਕੀਤਾ ਗਿਆ ਸੀ।

ਇਸ ਕਰਕੇ ਵਿਸ਼ੇਸ਼ ਅਧਿਆਪਕ (ਆਈ ਈ ਆਰ ਟੀ) ਅਤੇ ਜਿਲ੍ਹਾ ਸਪੈਸ਼ਲ ਐਜੂਕੇਸ਼ਨ ਟੀਚਰ ਵੱਲੋਂ ਮੰਗ ਕੀਤੀ ਗਈ ਹੈ ਕਿ ਉਹਨਾਂ ਨੂੰ ਵੀ ਸਿੱਖਿਆ ਵਿਭਾਗ ਵਿੱਚ ਰੈਗੂਲਰ ਕੀਤਾ ਜਾਵੇ ਤਾਂ ਕਿ ਪੰਜਾਬ ਦੇ 70000 ਦਿਵਿਆਂਗ ਬੱਚਿਆਂ ਲਈ ਅਧਿਆਪਕਾਂ ਦੀ 8:1 ਅਨੁਪਾਤ ਅਤੇ ਪ੍ਰਤੀ ਸਕੂਲ 1 ਵਿਸ਼ੇਸ਼ ਅਧਿਆਪਕ ਦੀ ਲੋੜ ਪੂਰੀ ਹੋ ਸਕੇ। ਪਰ ਕਾਂਗਰਸ ਸਰਕਾਰ ਵੱਲੋਂ ਵਿਸ਼ੇਸ਼ ਅਧਿਆਪਕ (ਆਈ ਈ ਆਰ ਟੀ) ਅਤੇ ਜਿਲ੍ਹਾ ਸਪੈਸ਼ਲ ਐਜੂਕੇਸ਼ਨ ਟੀਚਰ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ ਦਾ ਕੋਈ ਠੋਸ ਉਪਰਾਲਾ ਨਹੀਂ ਕੀਤਾ ਗਿਆ ਅਤੇ ਨਾ ਹੀ ਕੋਈ ਲਿਖਤ ਭਰੋਸਾ ਦਿੱਤਾ ਗਿਆ। ਇਸ ਕਰਕੇ ਪੰਜਾਬ ਰਾਜ ਦੇ ਸਮੂਹ ਆਈਈਆਰਟੀਜ। ਵੱਲੋਂ ਮਿਤੀ 24।08।2021 ਤੋਂ ਸਿੱਖਿਆ ਵਿਭਾਗ ਮੋਹਾਲੀ ਵਿਖੇ ਲਗਾਤਾਰ ਧਰਨਾ ਲਗਾ ਕੇ ਭੁੱਖ ਹੜਤਾਲ ਕੀਤੀ ਜਾ ਰਹੀ ਹੈ।

ਆਗੂਆਂ ਨੇ ਦੱਸਿਆ ਕਿ 4 ਅਕਤੂਬਰ ਅਤੇ 12 ਅਕਤੂਬਰ ਨੂੰ ਸਿੱਖਿਆ ਮੰਤਰੀ ਪਰਗਟ ਸਿੰਘ ਜੀ ਅਤੇ ਸਿੱਖਿਆ ਸਕੱਤਰ ਜੀ ਨਾਲ ਵੀ ਜਥੇਬੰਦੀ ਦੀ ਮੀਟਿੰਗ ਹੋਈ ਸੀ, ਜਿਸ ਵਿੱਚ ਸਿਰਫ ਫਾਈਲ ਪ੍ਰੋਸੈਸ ਅਧੀਨ ਬਾਰੇ ਦੱਸਿਆ ਗਿਆ, ਪਰ ਕੋਈ ਪੁਖਤਾ ਜਾਣਕਾਰੀ ਨਹੀਂ ਦਿੱਤੀ ਗਈ। ਸੋ ਹੁਣ ਮਿਤੀ 22।10।2021 ਦਿਨ ਸ਼ੁਕਰਵਾਰ ਨੂੰ ਮੁੱਖ ਮੰਤਰੀ ਪੰਜਾਬ ਜੀ ਦੀ ਰਿਹਾਇਸ਼ ਖਰੜ ਵਿਖੇ ਸਮੂਹ ਪੰਜਾਬ ਦੇ ਆਈ ਈ ਆਰ ਟੀ ਅਤੇ ਜਿਲ੍ਹਾ ਸਪੈਸ਼ਲ ਐਜੂਕੇਸ਼ਨ ਟੀਚਰ ਵੱਲੋਂ ਪਰਿਵਾਰ ਅਤੇ ਬੱਚਿਆਂ ਸਮੇਤ ਰੈਲੀ ਅਤੇ ਪੱਕਾ ਧਰਨਾ ਲਗਾਇਆ ਜਾਵੇਗਾ।

ਰੈਲੀ ਵਿੱਚ ਭਰਾਤਰੀ ਜੱਥੇਬੰਦੀਆਂ ਵੱਲੋਂ ਵੀ ਸਾਥ ਦਿੱਤਾ ਜਾਵੇਗਾ।

## 27 ਅਕਤੂਬਰ ਨੂੰ ਬਰਸੀ 'ਤੇ ਵਿਸ਼ੇਸ਼

# ਸਿਦਕਵਾਨ ਸਿੱਖ ਧਰਮ ਦਾ ਮਹਾਨ ਸਪੂਤ: ਸ਼ਹੀਦ ਦਰਸ਼ਨ ਸਿੰਘ ਫੇਰੂਮਾਨ

**ਉਜਾਗਰ ਸਿੰਘ**

ਜਦੋਂ ਕਿਸੇ ਧਰਮ ਦੇ ਧਾਰਮਿਕ ਅਕੀਦਿਆਂ ਵਿਚ ਗਿਰਾਵਟ ਆਉਂਦੀ ਹੈ ਤਾਂ ਕੋਈ ਧਰਮੀ ਇਨਸਾਨ ਉਸ ਗਿਰਾਵਟ ਨੂੰ ਰੋਕਣ ਲਈ ਸਾਰਥਿਕ ਉਪਰਾਲਿਆਂ ਨਾਲ ਰੋਕਣ ਲਈ ਅੱਗੇ ਆਉਂਦਾ ਹੈ। ਸੰਸਾਰ ਦੇ ਇਤਿਹਾਸ ਵਿਚ ਦਰਜ ਹੈ ਕਿ ਉਸ ਇਨਸਾਨ ਨੂੰ ਅਨੇਕਾਂ ਮੁਸ਼ਕਲਾਂ ਅਤੇ ਕਠਨਾਈਆਂ ਨਾਲ ਜੂਝਦਿਆਂ ਉਨ੍ਹਾਂ ਦਾ ਮੁਕਾਬਲਾ ਕਰਨਾ ਪੈਂਦਾ ਹੈ। 60ਵਿਆਂ ਵਿਚ ਜਦੋਂ ਸਿੱਖ ਧਰਮ ਦੇ ਅਨੁਆਈਆਂ ਵਿਚ ਸਿੱਖ ਧਰਮ ਦੀਆਂ ਪਰੰਪਰਾਵਾਂ ਅਤੇ ਮਰਿਆਦਾਵਾਂ ਦੀ ਉਲੰਘਣਾ ਦਾ ਬੋਲਬਾਲਾ ਹੋ ਗਿਆ। ਸਿੱਖ ਲੀਡਰ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਮਣੇ ਅਰਦਾਸ ਕਰਕੇ ਮੁਕਰਨ ਲੱਗ ਪਏ ਤਾਂ ਇੱਕ ਮਰਦੇ ਮਜਾਹਦ ਸਿੱਖ ਧਰਮ ਦੀ ਵਿਚਾਰਧਾਰਾ ਦਾ ਪਰਪੱਕ ਸ਼ਰਧਾਵਾਨ ਦੇਸ਼ ਭਗਤ ਦਰਸ਼ਨ ਸਿੰਘ ਫੇਰੂਮਾਨ ਅੱਗੇ ਆਇਆ ਅਤੇ ਆਪਣੇ ਜੀਵਨ ਦੀ ਆਹੂਤੀ ਦੇ ਕੇ ਮਿਸਾਲ ਪੈਦਾ ਕਰ ਗਿਆ। ਧਰਮ ਦੇ ਨਾਂ ਤੇ ਸਿਆਸਤ ਕਰਨ ਵਾਲਿਆਂ ਨੂੰ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਤਾਂ ਜੋ ਲੋਕਾਂ ਵਿਚ ਉਨ੍ਹਾਂ ਦਾ ਸਤਿਕਾਰ ਬਣ ਸਕੇ। ਅੱਜ ਦੇ ਸਿੱਖ ਸਿਆਸਤਦਾਨ ਧਰਮ ਦੀ ਪ੍ਰਫੁਲਤਾ ਲਈ ਕੰਮ ਕਰਨ ਦੀ ਥਾਂ ਆਪਣੇ ਨਿੱਜੀ ਮੁਫਾਦਾਂ ਦੀ ਪੂਰਤੀ ਲਈ ਕੰਮ ਕਰਦੇ ਹਨ, ਜਿਸ ਕਰਕੇ ਲੋਕਾਂ ਦਾ ਉਨ੍ਹਾਂ ਤੋਂ ਵਿਸ਼ਵਾਸ ਉਠ ਗਿਆ ਹੈ। ਪੰਜਾਬ ਦੇ ਖਾਸ ਤੌਰ ਤੇ ਅਕਾਲੀ ਦਲ ਦੇ ਸਿੱਖ ਸਿਆਸਤਦਾਨਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸਾਂ ਕਰਕੇ ਸ਼ੁਰੂ ਕੀਤੇ ਕੰਮਾਂ ਦੇ ਨੇਪਰੇ ਚੜ੍ਹਨ ਤੋਂ ਪਹਿਲਾਂ ਹੀ ਪਿੱਛੇ ਹਟ ਗਏ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬਉਚਤਾ, ਅਰਦਾਸ ਦੀ ਮਰਿਆਦਾ ਅਤੇ ਪਰੰਪਰਾ ਨੂੰ ਬਹਾਲ ਕਰਨ ਲਈ ਦਰਸ਼ਨ ਸਿੰਘ ਫੇਰੂਮਾਨ ਨੇ ਆਪਣੇ ਜੀਵਨ ਦੀ ਆਹੂਤੀ ਦਿੱਤੀ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਦਰਸਾਇਆ ਜਾ ਸਕੇ ਕਿ ਸਿੱਖਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਸਰਵੋਤਮ ਅਤੇ ਪਵਿਤਰ ਗ੍ਰੰਥ ਹੈ। ਉਹ ਪੰਜਾਬ ਨੂੰ ਖ਼ੁਦਮੁਖਤਾਰ ਵੇਖਣਾ ਚਾਹੁੰਦਾ ਸੀ। ਉਸਦੀ ਸ਼ਹਾਦਤ ਨੂੰ ਸਿਰਫ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ ਲਈ ਹੀ ਕਿਹਾ ਜਾਂਦਾ ਹੈ ਜਦੋਂਕਿ ਉਸਦਾ ਮਕਸਦ ਪੰਜਾਬੀ ਸਰੋਕਾਰਾਂ ਨਾਲ ਸੰਬੰਧਤ ਸੀ। ਇਸ ਲਈ ਉਹ ਆਪਣੀ ਵਸੀਅਤ ਵਿਚ ਲਿਖਦਾ ਹੈ ਕਿ ''ਇਹ ਬਹੁਤ ਜ਼ਰੂਰੀ ਹੈ ਕਿ ਕੋਈ ਗੁਰੂ ਦਾ ਸਿੱਖ ਆਪਣਾ ਸੀਸ ਦੇ ਕੇ ਪੰਥ ਦੇ ਅਖੌਤੀ ਲੀਡਰਾਂ ਅਤੇ ਸਿੱਖੀ ਦੇ ਗ਼ਦਾਰਾਂ ਦੇ ਕੀਤੇ ਹੋਏ ਪਾਪਾਂ ਦਾ ਪਛਤਾਵਾ ਕਰੇ ਤਾਂ ਜੋ ਪੰਥ, ਆਜ਼ਾਦ ਹਿੰਦੋਸਤਾਨ ਵਿਚ ਆਜ਼ਾਦ ਪੰਥ ਅਥਵਾ ਸਿੱਖ ਹੋਮਲੈਂਡ ਦੀ ਸਥਾਪਤੀ ਵਲ ਅਗਲਾ ਕਦਮ ਚੁੱਕ ਸਕੇ। '' ਦਰਸ਼ਨ ਸਿੰਘ ਫੇਰੂਮਾਨ ਦਾ ਜਨਮ ਅੰਮ੍ਰਿਤਸਰ ਜਿਲ੍ਹੇ ਦੇ ਪਿੰਡ ਫੇਰੂਮਾਨ ਵਿਖੇ 1 ਅਗਸਤ 1885 ਨੂੰ ਚੰਦਾ ਸਿੰਘ ਅਤੇ ਮਾਤਾ ਰਾਜ ਕੌਰ ਦੇ ਘਰ ਹੋਇਆ ਸੀ। ਦਸਵੀਂ ਦੀ ਪੜ੍ਹਾਈ ਕਰਨ ਤੋਂ ਬਾਅਦ ਆਪ 1912 ਵਿਚ ਫ਼ੌਜ ਵਿਚ ਸਿਪਾਹੀ ਭਰਤੀ ਹੋ ਗਏ। ਮੁੱਢਲੇ ਤੌਰ ਤੇ ਆਪ ਧਾਰਮਿਕ ਖ਼ਿਆਲਾਂ ਦੇ ਵਿਅਕਤੀ ਸਨ। ਇਸ ਕਰਕੇ ਫ਼ੌਜ ਵਿਚ ਵੀ ਆਪ ਦਾ ਮਨ ਨਾ ਲੱਗਿਆ ਅਤੇ ਦੋ ਸਾਲ ਪਿਛੋਂ ਹੀ 1914 ਵਿਚ ਅਸਤੀਫਾ ਦੇ ਕੇ ਵਾਪਸ ਘਰ ਆ ਗਏ। ਉਸ ਤੋਂ ਬਾਅਦ ਹਿਸਾਰ ਵਿਖੇ ਠੇਕੇਦਾਰੀ ਸ਼ੁਰੂ ਕਰ ਲਈ। ਠੇਕੇਦਾਰੀ ਵਿਚ ਵੀ ਕਈ ਅਜਿਹੇ ਕੰਮ ਕਰਨੇ ਪੈਂਦੇ ਸਨ, ਜਿਨ੍ਹਾਂ ਲਈ ਆਪਦੀ ਜ਼ਮੀਰ ਇਜਾਜ਼ਤ ਨਹੀਂ ਦਿੰਦੀ ਸੀ। ਇਸ ਕਾਰੋਬਾਰ ਵਿਚ ਵੀ ਆਪ ਬਹੁਤੀ ਦੇਰ ਟਿਕ ਨਾ ਸਕੇ। ਇਸ ਲਈ ਆਪ ਨੇ ਆਪਣੇ ਆਪ ਨੂੰ ਧਾਰਮਿਕ ਕੰਮਾ ਨਾਲ ਹੀ ਜੋੜ ਲਿਆ। ਆਪ ਇਰਾਦੇ ਦੇ ਬੜੇ ਪੱਕੇ ਸਨ, ਜੋ ਕੰਮ ਕਰਨ ਦਾ ਮਨ ਬਣਾ ਲੈਂਦੇ ਸਨ, ਉਸਨੂੰ ਨੇਪਰੇ ਚਾੜ੍ਹਕੇ ਹੀ ਦਮ ਲੈਂਦੇ ਸਨ, ਭਾਵੇਂ ਉਸ ਲਈ ਆਪ ਨੂੰ ਕਿੰਨੀਆਂ ਹੀ ਮੁਸ਼ਕਲਾਂ ਦਾ ਟਾਕਰਾ ਕਿਉਂ ਨਾ ਕਰਨਾ ਪਵੇ। ਅਸਲ ਵਿਚ ਉਹ ਹਠੀ ਕਿਸਮ ਦੇ ਦ੍ਰਿੜ੍ਹ ਇਰਾਦੇ ਵਾਲੇ ਇਨਸਾਨ ਸਨ। ਉਸ ਸਮੇਂ ਗੁਰਦੁਆਰਾ ਸਾਹਿਬਾਨ ਤੇ ਅੰਗਰੇਜ਼ਾਂ ਦੇ ਪਿਠੂਆਂ ਮਹੰਤਾਂ ਦਾ ਕਬਜ਼ਾ ਹੁੰਦਾ ਸੀ ਤੇ ਮਹੰਤ ਉਥੇ ਸਿੱਖੀ ਰਵਾਇਤਾਂ ਦੇ ਉਲਟ ਕੰਮ ਕਰਦੇ ਸਨ। ਸਿੱਖਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਮਹੰਤਾਂ ਤੋਂ ਚਾਬੀਆਂ ਲੈਣ ਦਾ ਮੋਰਚਾ ਲਗਾ ਦਿੱਤਾ, ਉਸ ਸਮੇਂ ਅਜੇ ਆਪ ਠੇਕੇਦਾਰੀ ਦਾ ਕਿਤਾ ਹੀ ਕਰ ਰਹੇ ਸਨ ਤਾਂ ਆਪ ਦੇ ਸੁਭਾਆ ਅਤੇ ਕਿਰਦਾਰ ਤੋਂ ਪ੍ਰਭਾਵਤ ਹੋ ਕੇ ਇੱਕ ਬਜ਼ੁਰਗ ਇਸਤਰੀ ਨੇ ਆਪ ਨੂੰ ਇਸ ਮੋਰਚੇ ਵਿਚ ਸ਼ਾਮਲ ਹੋਣ ਦੀ ਪ੍ਰੇਰਨਾ ਦਿੱਤੀ। ਆਪ ਨੇ ਠੇਕੇਦਾਰੀ ਦੇ ਕੰਮ ਨੂੰ ਤਿਲਾਂਜਲੀ ਦਿੰਦਿਆਂ, ਇਸ ਮੋਰਚੇ ਵਿਚ ਸ਼ਾਮਲ ਹੋ ਗਏ। ਇਸ ਮੋਰਚੇ ਵਿਚ ਹਿੱਸਾ ਲੈਣ ਕਰਕੇ ਆਪ ਨੂੰ 1921 ਵਿਚ ਗ੍ਰਿਫ਼ਤਾਰ ਕਰ ਲਿਆ ਅਤੇ ਇੱਕ ਸਾਲ ਦੀ ਸਜਾ ਹੋ ਗਈ। ਇਸ ਤੋਂ ਬਾਅਦ ਆਪ ਨੇ ਧਾਰਮਿਕ ਕੰਮਾਂ ਵਿਚ ਵਧ ਚੜ੍ਹਕੇ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ, ਜਿਸਦੇ ਸਿੱਟੇ ਵਜੋਂ ਆਪ ਜੈਤੋ ਦੇ ਮੋਰਚੇ ਵਿਚ ਵੀ ਸ਼ਾਮਲ ਹੋ ਗਏ ਅਤੇ 1924 ਵਿਚ ਆਪ ਇਸ ਮੋਰਚੇ ਵਿਚ 14ਵਾਂ ਸ਼ਹੀਦੀ ਜੱਥਾ ਲੈ ਕੇ ਗਏ । ਆਪ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ 10 ਮਹੀਨੇ ਦੀ ਸਜਾ ਹੋ ਗਈ। ਫਿਰ ਕਾਂਗਰਸ ਪਾਰਟੀ ਨੇ ਨਾਮਿਲਵਰਤਨ ਦਾ ਅੰਦੋਲਨ ਸ਼ੁਰੂ ਕਰ ਦਿੱਤਾ। ਉਸ ਸਮੇਂ ਅਕਾਲੀ ਦਲ ਅਤੇ ਕਾਂਗਰਸ ਦੋਵੇਂ ਪਾਰਟੀਆਂ ਆਪਸ ਵਿਚ ਮਿਲਕੇ ਕੰਮ ਕਰਦੀਆਂ ਸਨ ਕਿਉਂਕਿ ਦੋਹਾਂ ਪਾਰਟੀਆਂ ਦਾ ਇੱਕੋ ਮਕਸਦ ਦੇਸ਼ ਨੂੰ ਅਜ਼ਾਦ ਕਰਾਉਣਾ ਸੀ। ਇਸ ਨਾਮਿਲਵਰਤਨ ਦੇ ਅੰਦੋਲਨ ਵਿਚ ਸ਼ਾਮਲ ਹੋਣ ਸੰਬੰਧੀ ਅਕਾਲੀ ਦਲ ਵਿਚ ਵਿਚਾਰਾਂ ਦਾ ਵਖਰੇਵਾਂ ਪੈਦਾ ਹੋ ਗਿਆ। ਮਾਸਟਰ ਤਾਰਾ ਸਿੰਘ ਅਤੇ ਦਰਸ਼ਨ ਸਿੰਘ ਫੇਰੂਮਾਨ ਨੇ ਇਸ ਮੋਰਚੇ ਵਿਚ ਸ਼ਮੂਲੀਅਤ ਕੀਤੀ ਅਤੇ ਆਪ ਦੋਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 14 ਮਹੀਨੇ ਦੀ ਸਜਾ ਹੋ ਗਈ। ਆਪ 1926 ਵਿਚ ਮਲਾਇਆ ਚਲੇ ਗਏ, ਮਲਾਇਆ ਵਿਚ ਵੀ ਆਪਨੇ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ, ਜਿਸ ਕਰਕੇ ਆਪ ਨੂੰ ਬ੍ਰਿਟਿਸ਼ ਸਰਕਾਰ ਨੇ ਗ੍ਰਿਫ਼ਤਾਰ ਕਰ ਲਿਆ। ਜੇਲ੍ਹ ਵਿਚ ਜਦੋਂ ਆਪ ਨੂੰ ਸਿੱਖਾਂ ਦੇ ਪੰਜ ਕਕਾਰ ਪਹਿਨਣ ਤੋਂ ਰੋਕਿਆ ਤਾਂ ਆਪ ਨੇ ਜੇਲ੍ਹ ਵਿਚ ਹੀ ਭੁਖ ਹੜਤਾਲ ਕਰ ਦਿੱਤੀ। ਆਪ ਦੀ ਭੁਖ ਹੜਤਾਲ 21 ਦਿਨ ਚੱਲੀ ਪ੍ਰੰਤੂ ਬ੍ਰਿਟਿਸ਼ ਸਰਕਾਰ ਨੂੰ ਅਖੀਰ ਝੁਕਣਾ ਪਿਆ ਅਤੇ ਆਪ ਨੂੰ ਜੇਲ੍ਹ ਵਿਚ ਪੰਜ ਕਕਾਰ ਤੇ ਕ੍ਰਿਪਾਨ ਪਹਿਨਣ ਦੀ ਇਜਾਜ਼ਤ ਦੇ ਦਿੱਤੀ। ਜੇਲ੍ਹ ਵਿਚੋਂ ਰਿਹਾ ਹੋਣ ਤੋਂ ਬਾਅਦ ਆਪ ਵਾਪਸ ਭਾਰਤ ਆ ਗਏ। ਆਪ ਨੇ ਸਿਵਿਲ ਨਾ ਫੁਰਮਾਨੀ ਅਤੇ ਭਾਰਤ ਛੋੜੋ ਅੰਦੋਲਨਾਂ ਵਿਚ ਵੀ ਵੱਧ ਚੜ੍ਹਕੇ ਹਿੱਸਾ ਲਿਆ। ਆਪ ਕਈ ਸਾਲ ਲਗਾਤਾਰ ਸ਼ਰੋਮਣੀ ਕਮੇਟੀ ਦੇ ਮੈਂਬਰ ਰਹੇ। ਦੋ ਵਾਰ ਆਪ ਸ਼ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਵੀ ਰਹੇ। ਆਪ 1958 ਵਿਚ ਪੰਜਾਬ ਕਾਂਗਰਸ ਦੇ ਉਮੀਦਵਾਰ ਦੇ ਤੌਰ ਤੇ ਰਾਜ ਸਭਾ ਦੇ ਮੈਂਬਰ ਚੁਣੇ ਗਏ ਅਤੇ 1964 ਤੱਕ ਇਸ ਅਹੁਦੇ ਤੇ ਰਹੇ। ਫਿਰ ਆਪ ਨੇ ਸੁਤੰਤਰ ਪਾਰਟੀ ਬਣਾ ਲਈ ਅਤੇ ਆਪ ਉਸਦੇ ਫਾਊਂਡਰ ਪ੍ਰਧਾਨ ਬਣ ਗਏ। ਆਪ ਅਕਾਲੀ ਦਲ ਦੇ ਲੀਡਰਾਂ ਦੀਆਂ ਸਰਗਰਮੀਆਂ ਤੋਂ ਬਹੁਤ ਹੀ ਮਾਯੂਸ ਸਨ ਕਿਉਂਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਾਉਣ ਲਈ ਸਹੁੰ ਚੁੱਕ ਕੇ ਉਸ ਤੋਂ ਲਗਾਤਾਰ ਮੁਕਰਦੇ ਰਹੇ। ਸੰਤ ਫਤਿਹ ਸਿੰਘ ਅਤੇ ਮਾਸਟਰ ਤਾਰਾ ਸਿੰਘ ਵਲੋਂ ਵਾਰ ਵਾਰ ਮਰਨ ਵਰਤ ਰੱਖਕੇ ਤੋੜਨ ਨੂੰ ਉਨ੍ਹਾਂ ਬਹੁਤ ਹੀ ਬੁਰਾ ਮਨਾਇਆ ਅਤੇ ਆਪ ਦੇ ਮਨ ਨੂੰ ਇਨ੍ਹਾਂ ਲੀਡਰਾਂ ਦੀਆਂ ਕਾਰਵਾਈਆਂ ਨੇ ਗਹਿਰੀ ਠੇਸ ਪਹੁੰਚਾਈ। ਉਨ੍ਹਾਂ ਮਹਿਸੂਸ ਕੀਤਾ ਕਿ ਸਿੱਖ ਲੀਡਰਾਂ ਦੀਆਂ ਇਨ੍ਹਾਂ ਕਾਰਵਾਈਆਂ ਤੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੋਈ ਪ੍ਰੇਰਨਾ ਨਹੀਂ ਮਿਲੇਗੀ, ਸਗੋਂ ਉਹ ਗੁਰੂ ਤੋਂ ਬੇਮੁਖ ਹੋ ਸਕਦੇ ਹਨ, ਇਸ ਲਈ ਉਨ੍ਹਾਂ ਨਵੀਂ ਪੀੜ੍ਹੀ ਨੂੰ ਰਾਹ ਦਿਖਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਾਣ ਮਰਿਆਦਾ ਬਣਾਈ ਰੱਖਣ ਲਈ 15 ਅਗਸਤ 1969 ਨੂੰ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਾਉਣ ਲਈ ਕੇਂਦਰ ਸਰਕਾਰ ਤੇ ਦਬਾਅ ਪਾਉਣ ਦੇ ਇਰਾਦੇ ਨਾਲ ਅਣਮਿਥੇ ਸਮੇਂ ਲਈ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ। ਉਸ ਸਮੇਂ ਪੰਜਾਬ ਵਿਚ ਅਕਾਲੀ ਦਲ ਦੀ ਜਸਟਿਸ ਗੁਰਨਾਮ ਸਿੰਘ ਮੁੱਖ ਮੰਤਰੀ ਦੀ ਅਗਵਾਈ ਵਿਚ ਸਰਕਾਰ ਸੀ। ਸਰਕਾਰ ਨੇ ਆਪਨੂੰ 12 ਅਗਸਤ ਨੂੰ ਗ੍ਰਿਫਤਾਰ ਕਰ ਲਿਆ। ਆਪਨੇ ਅੰਮ੍ਰਿਤਸਰ ਜੇਲ੍ਹ ਵਿਚ ਹੀ ਮਰਨ ਵਰਤ ਰੱਖ ਦਿੱਤਾ। ਆਪਦੀ ਹਾਲਤ ਵਿਗੜਦੀ ਵੇਖ ਕੇ ਜਬਰੀ ਖਾਣ ਪੀਣ ਲਈ ਦੇਣ ਦੇ ਇਰਾਦੇ ਨਾਲ 26 ਅਗਸਤ ਨੂੰ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ ਗਿਆ ਪ੍ਰੰਤੂ ਆਪਨੇ ਜ਼ਬਰਦਸਤੀ ਦਿੱਤੀ ਜਾਣ ਵਾਲੀ ਖੁਰਾਕ ਲੈਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦਾ ਮਰਨਵਰਤ ਖੁਲ੍ਹਵਾਉਣ ਲਈ ਬਹੁਤ ਢੰਗ ਵਰਤੇ ਗਏ ਪ੍ਰੰਤੂ ਆਪ ਆਪਣੇ ਮੰਤਵ ਦੀ ਪ੍ਰਾਪਤੀ ਲਈ ਅੜੇ ਰਹੇ। ਉਨ੍ਹਾਂ ਦਾ ਰੱਖਿਆ ਮਰਨ ਵਰਤ 74 ਦਿਨ ਚੱਲਿਆ ਅਤੇ ਅਖੀਰ 27 ਅਕਤੂਬਰ 1969 ਨੂੰ ਉਹ ਸਿੱਖ, ਸਿੱਖੀ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਆਪਣੇ ਜੀਵਨ ਦੀ ਆਹੂਤੀ ਦੇ ਗਏ। ਬੜੇ ਦੁੱਖ ਅਤੇ ਸ਼ਰਮ ਦੀ ਗੱਲ ਹੈ ਕਿ ਅੱਜ ਤੱਕ ਵੀ ਕੇਂਦਰ ਸਰਕਾਰ ਨੇ ਇਹ ਮੰਗ ਪੂਰੀ ਨਹੀਂ ਕੀਤੀ। ਇਸ ਤੋਂ ਵੀ ਸ਼ਰਮਨਾਕ ਗੱਲ ਹੈ ਕਿ ਅਕਾਲੀ ਦਲ ਅਤੇ ਸਿੱਖ ਲੀਡਰਸ਼ਿਪ, ਜਿਨ੍ਹਾਂ ਉਸ ਮਹਾਨ ਸ਼ਹੀਦ ਤੋਂ ਕੋਈ ਪ੍ਰੇਰਨਾ ਤਾਂ ਕੀ ਲੈਣੀ ਸੀ, ਉਨ੍ਹਾਂ ਅੱਜ ਤੱਕ ਰਾਜ ਭਾਗ ਹੁੰਦਿਆਂ ਸੁੰਦਿਆਂ ਕਦੀਂ ਵੀ ਉਸ ਮਹਾਨ ਸਪੂਤ ਨੂੰ ਯਾਦ ਨਹੀਂ ਕੀਤਾ। ਕਾਂਗਰਸੀ ਨੇਤਾ ਸੋਹਣ ਸਿੰਘ ਜਲਾਲਉਸਮਾ ਨੇ ਸਵਰਨ ਸਿੰਘ, ਗਿਆਨੀ ਜ਼ੈਲ ਸਿੰਘ ਅਤੇ ਗੁਰਦਿਆਲ ਸਿੰਘ ਢਿਲੋਂ ਦੇ ਸਹਿਯੋਗ ਨਾਲ ਦਰਸ਼ਨ ਸਿੰਘ ਫੇਰੂਮਾਨ ਟਰੱਸਟ ਬਣਾਕੇ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਪਬਲਿਕ ਸਕੂਲ ਰਈਆ ਅਤੇ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਮੈਮੋਰੀਅਲ ਕਾਲਜ ਫਾਰ ਵਿਮੈਨ ਰਈਆ ਵਿਖੇ ਸਥਾਪਤ ਕੀਤੇ। ਸੋਹਣ ਸਿੰਘ ਜਲਾਲਉਸਮਾ ਨੇ ਇਨ੍ਹਾਂ ਦੋਵੇਂ ਸੰਸਥਾਵਾਂ ਲਈ ਜ਼ਮੀਨ ਖ੍ਰੀਦੀ ਸੀ। ਇਹ ਦੋਵੇਂ ਸੰਸਥਾਵਾਂ ਵਿਚ ਸ੍ਰ ਦਰਸ਼ਨ ਸਿੰਘ ਫੇਰੂਮਾਨ ਦੀ ਯਾਦ ਵਿਚ ਹਰ ਸਾਲ ਸਮਾਗਮ ਕੀਤੇ ਜਾਂਦੇ ਹਨ। ਸੰਗਰੂਰ ਵਿਖੇ ਵੀ ਇਕ ਪਾਰਕ ਅਤੇ ਉਸ ਵਿਚ ਦਰਸ਼ਨ ਸਿੰਘ ਫੇਰੂਮਾਨ ਦਾ ਬੁੱਤ ਲਗਾਇਆ ਗਿਆ, ਜਿਸਦਾ ਉਦਘਾਟਨ ਉਸ ਸਮੇਂ ਦੇ ਲੋਕ ਸਭਾ ਦੇ ਸਪੀਕਰ ਗੁਰਦਿਆਲ ਜਸੰਘ ਢਿਲੋਂ ਨੇ ਕੀਤਾ ਸੀ। ਇਸ ਪਾਰਕ ਦੀ ਹਾਲਤ ਬਹੁਤ ਹੀ ਚਿੰਤਾਜਨਕ ਹੈ। ਕਦੀਂ ਕੋਈ ਸਫਾਈ ਨਹੀਂ ਕੀਤੀ ਜਾਂਦੀ। ਅਕਾਲੀ ਦਲ ਦੀ ਪੰਜਾਬ ਵਿਚ 7 ਵਾਰ ਸਰਕਾਰ ਰਹੀ ਹੈ, ਅੱਜ ਤੱਕ ਨਾ ਤਾਂ ਸਰਕਾਰ ਨੇ ਕੋਈ ਯਾਦਗਾਰ ਬਣਾਈ ਹੈ ਅਤੇ ਨਾ ਹੀ ਉਨ੍ਹਾਂ ਨੂੰ ਕਦੀਂ ਕਿਸੇ ਸਮਾਗਮ ਵਿਚ ਯਾਦ ਕੀਤਾ ਹੈ। ਅਕਾਲੀ ਦਲ ਨੇ ਹਮੇਸ਼ਾ ਆਪਣੇ ਸ਼ਹੀਦਾਂ ਬਾਰੇ ਦੋਗਲੀ ਨੀਤੀ ਅਖਤਿਆਰ ਕੀਤੀ ਹੈ।



Shaheed Darshan Singh 'Pheruman'

# ਪੰਜਾਬੀ ਸੱਥ ਮੈਲਬਰਨ ਅਤੇ ਐਚਐਮ ਡੀਜ਼ਾਈਨਰ ਦੁਆਰਾ ਆਯੋਜਿਤ "ਮਿਸ ਐਂਡ ਮਿਸਿਜ਼ ਵਰਲਡ ਸਾਵਣ ਕੁਈਨ" ਆਪਣੇ ਅੰਤਲੇ ਪੜਾਅ ਵਿੱਚ

ਆਸਟ੍ਰੇਲੀਆ ਵਿੱਚ ਐਚਐਮ ਡੀਜ਼ਾਈਨਰ ਅਤੇ ਪੰਜਾਬੀ ਸੱਥ ਮੈਲਬਰਨ ਦੁਆਰਾ ਆਯੋਜਿਤ ਔਨਲਾਈਨ ਇਵੈਂਟ "ਮਿਸ ਐਂਡ ਮਿਸਿਜ਼ ਵਰਲਡ ਸਾਵਣ ਕੁਈਨ (ਸਾਵਣ ਦੀ ਰਾਣੀ)-2021" ਐਤਵਾਰ, 31 ਅਕਤੂਬਰ 2021(ਮੈਲਬਰਨ ਦਾ ਸਮਾਂ ਸ਼ਾਮ 6 ਵਜੇ) ਨੂੰ ਆਪਣੇ ਅੰਤਲੇ ਪੜਾਅ ਵਿੱਚ ਪਹੁੰਚ ਗਿਆ ਹੈ। ਇਸ ਦਿਨ ਦੇ ਫਾਈਨਲ ਰਾਊਂਡ ਵਿੱਚ ਭਾਗਾਂਵਾਲੀ ਵਿਜੇਤਾ "ਮਿਸ ਐਂਡ ਮਿਸਿਜ਼ ਵਰਲਡ ਸਾਵਣ ਕੁਈਨ" ਦੀ ਚੋਣ ਹੋ ਜਾਵੇਗੀ। ਸੰਗਠਿਤ ਸਾਥੀ 'ਵਿਰਾਸਤ-ਏ ਪੰਜਾਬ ਬਲਾਰਤ', ਮੀਡੀਆ ਪਾਰਟਨਰ 'ਆਸਟਰੇਲੀਅਨ ਪੰਜਾਬੀ ਚੈਨਲ' ਦੇ ਸਹਿਯੋਗ ਬਿਨਾ ਇਹ ਕਾਰਜ ਨੇਪਰੇ ਚੜਣਾ ਮੁਸ਼ਕਿਲ ਸੀ।

ਇਸ ਪ੍ਰੋਗਰਾਮ ਵਿੱਚ ਵੱਖ ਵੱਖ ਦੇਸ਼ਾਂ ਤੋਂ ਮਿੱਸ ਸ੍ਰੇਣੀ ਵਿੱਚ 11 (ਕੁਲਦੀਪ ਕੌਰ ਭੁੱਲਰ, ਅਮਨਦੀਪ ਕੌਰ ਰੰਧਾਵਾ, ਸਮਰੀਨ ਕੌਰ, ਵੀਰਪਾਲ ਕੌਰ, ਸੰਦੀਪ ਕੌਰ, ਭਵਨੀਤ ਕੌਰ, ਜੰਨਤ ਕੌਰ, ਕਿਰਨਦੀਪ ਕੌਰ, ਜਸ਼ਨਦੀਪ ਕੌਰ, ਮਨਿੰਦਰ ਕੌਰ, ਰੁਬਲਦੀਪ ਕੌਰ) ਅਤੇ ਮਿਸਿਜ਼ ਸ੍ਰੇਣੀ ਵਿੱਚ 10 ਪੰਜਾਬਣਾਂ (ਪਰਵਿੰਦਰ ਕੌਰ, ਹਰਜੋਤ ਕੌਰ, ਰਿਤੂ ਸ਼ਰਮਾ, ਰਜਿੰਦਰ ਕੌਰ, ਸੰਦੀਪ ਕੌਰ, ਗਗਨਦੀਪ ਕੌਰ, ਸੁਮਨਦੀਪ ਕੌਰ, ਸੁਮਿਤ ਕੌਰ, ਅਮਨਦੀਪ ਕੌਰ, ਗੁਰਪ੍ਰੀਤ ਕੌਰ) ਹਿੱਸਾ ਲੈ ਰਹੀਆਂ ਹਨ। ਇਹਨਾਂ ਸਾਰੀਆਂ ਇੱਕ ਦੂਜੇ ਤੋਂ ਵੱਧਕੇ ਹੋਣਹਾਰ ਅਤੇ ਪ੍ਰਤਿਭਾਵਾਨ ਮੁਟਿਆਰਾਂ ਦੀ ਚੋਣ 'ਸਾਵਣ ਕੁਈਨ' ਦੇ ਖਾਸ ਪੈਮਾਨੇ ਦੁਆਰਾ ਕੀਤੀ ਗਈ ਹੈ, ਅਤੇ ਫਾਈਨਲ ਦੌਰ ਵਿੱਚ ਮਿੱਸ ਅਤੇ ਮਿਸਿਜ਼ ਸਾਵਣ ਕੁਈਨ ਦੀ ਚੋਣ ਵੀ ਬੜੇ ਤਜੁਰਬੇਕਾਰ ਅਤੇ ਸੂਝਵਾਨ ਜੱਜ ਸਾਹਿਬਾਨ (ਹਰਪ੍ਰੀਤ ਸ਼ੇਰਗਿੱਲ, ਰੁਪਿੰਦਰ ਰੂਪੀ, ਸ਼ਗੁਫਤਾ ਗਿੰਮੀ ) ਜੀ ਦੁਆਰਾ ਕੀਤੀ ਜਾਵੇਗੀ। ਤੁਸੀਂ ਇਸ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੀਆਂ ਪੰਜਾਬਣਾਂ ਦੇ ਹੁਨਰ ਸਾਡੇ 'ਸਾਵਣ ਕੁਈਨ' ਦੇ ਫੇਸ-ਬੁੱਕ ਪੇਜ ਤੇ ਵੇਖ ਸਕਦੇ ਹੋ ਅਤੇ ਕੁਮੈਂਟਾਂ ਰਾਹੀਂ ਆਪਣੇ ਵਿਚਾਰ ਦੱਸ ਕੇ ਇਹਨਾਂ ਮੁਟਿਆਰਾਂ ਦੀ ਹੌਂਸਲਾ ਅਫ਼ਜ਼ਾਈ ਕਰ ਸਕਦੇ ਹੋ। 31 ਅਕਤੂਬਰ ਦਾ ਇਹ ਸਾਰਾ ਪ੍ਰੋਗਰਾਮ 'ਆਸਟ੍ਰੇਲੀਅਨ ਪੰਜਾਬੀ ਚੈਨਲ' 'ਤੇ ਮੈਲਬਰਨ ਦੇ ਸਮੇਂ ਸ਼ਾਮ 6 ਵਜੇ ਮਾਣਿਆ ਜਾ ਸਕਦਾ ਹੈ। ਹੁਣ ਤੱਕ ਦੇ ਇਸ ਸਫਲ ਅਤੇ ਦਿਲ ਖਿੱਚਵੇਂ ਪ੍ਰੋਗਰਾਮ ਲਈ 'ਸਾਵਣ ਕੁਈਨ' ਟੀਮ ਮੈਂਬਰ, ਹਰਜੋਤ ਰੰਧਾਵਾ ਆਹਲੂਵਾਲੀਆ, ਮਨਦੀਪ ਰੰਧਾਵਾ ਕਾਹਲੋਂ, ਕੁਲਜੀਤ ਕੌਰ ਗਜ਼ਲ, ਮਧੂ ਤਨਹਾ, ਰਮਨ ਮਾਰੂਪੁਰ, ਪ੍ਰੀਤ ਖਿੰਡਾ ਅਤੇ ਸੰਦੀਪ ਬਰਾੜ ਵਧਾਈ ਦੇ ਹੱਕਦਾਰ ਹਨ।

**- ਰਾਜਨਦੀਪ ਕੌਰ ਮਾਨ**




# ਖੇਤੀ ਕਾਨੂੰਨਾਂ, ਬੀਐਸਐਫ ਦੇ ਮੁੱਦਿਆਂ ਨੂੰ ਬਣਾ ਰਹੇ ਰਾਜਨੀਤਿਕ ਠੱਗੀ ਦਾ ਹਥਿਆਰ - ਖਾਲੜਾ ਮਿਸ਼ਨ

ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਵੱਲੋਂ '84 ਵਾਲਿਆਂ, ਬਾਦਲਕਿਆਂ, ਕੇਜਰੀਵਾਲਕਿਆਂ ਵੱਲੋਂ ਖੇਤੀ ਕਾਨੂੰਨਾਂ ਤੇ ਬੀ।ਐਸ।ਐਫ। ਦੇ ਮੁੱਦਿਆਂ ਤੇ ਦਿਖਾਏ ਜਾ ਰਹੇ ਨਾਟਕੀ ਵਿਰੋਧ ਦਾ ਕਰੜਾ ਨੋਟਿਸ ਲੈਂਦਿਆਂ ਕਿਹਾ ਗਿਆ ਹੈ ਕਿ ਮੰਨੂਵਾਦੀਏ, 84 ਵਾਲੇ, ਬਾਦਲਕੇ, ਕੇਜਰੀਵਾਲਕੇ, ਖੇਤੀ ਕਾਨੂੰਨਾਂ ਤੇ ਬੀ।ਐਸ।ਐਫ। ਦੇ ਮੁੱਦਿਆਂ ਤੇ ਖੁੱਲ੍ਹੇ ਜਾਂ ਗੁਪਤ ਰੂਪ ਵਿੱਚ ਇੱਕ ਜੁੱਟ ਹਨ ਅਤੇ ਇਨ੍ਹਾਂ ਵੱਲੋਂ ਵਿਧਾਨ ਸਭਾ ਵਿੱਚ ਇਹ ਮਤੇ ਪਾਸ ਕਰਨ ਦੀਆਂ ਗੱਲਾਂ ਚੋਣਾਂ ਆਉਂਦੀਆਂ ਕਰਦੇ ਹਨ ਅਤੇ ਸਿਰਫ ਤੇ ਸਿਰਫ ਰਾਜਨੀਤਿਕ ਠੱਗੀ ਮਾਰਨਾ ਚਾਹੁੰਦੇ ਹਨ। ਗੁਰਾਂ ਦਾ ਪੰਜਾਬ ਇਨਾਂ ਰਾਜਨੀਤਿਕ ਧਿਰਾਂ ਨੂੰ ਫਿੱਟ ਲਾਹਨਤਾਂ ਪਾਉਂਦਾ ਹੈ ਅਤੇ ਪੁੱਛਦਾ ਹੈ ਬੀ।ਐਸ।ਐਫ ਦਾ ਨਾਟਕੀ ਵਿਰੋਧ ਕਰਨ ਵਾਲਿਓ ਦਲੋ ਸ੍ਰੀ ਦਰਬਾਰ ਸਾਹਿਬ ਤੇ ਫੌਜਾਂ ਸਾਰੀਆਂ ਮਨੂੰਵਾਦੀ ਧਿਰਾਂ ਤੇ ਉਨ੍ਹਾਂ ਦੇ ਦਲਾਲਾਂ ਬਾਦਲਕਿਆਂ ਨੇ ਰਲ ਕੇ ਕਿਉਂ ਚੜਾਈਆਂ? ਕਿਉਂ ਨਾ ਯਾਦ ਆਇਆ ਤੁਹਾਨੂੰ ਦੇਸ਼ ਦਾ ਫੈਡਰਲ ਸਿਸਟਮ। ਕਿਹੜੇ ਕਾਨੂੰਨ ਹੇਠ ਤੁਸਾਂ ਪੰਜਾਬ ਅੰਦਰ ਝੂਠੇ ਮੁਕਾਬਲਿਆਂ ਦੀ ਹਨੇਰੀ ਰਲ ਕੇ ਝੁਲਾਈ ਅਤੇ ਰਲਕੇ ਹੀ ਸੈਣੀ, ਅਰੋੜੇ, ਗੁਪਤੇ, ਸਹੋਤੇ ਵਰਗੇ ਡੀ।ਜੀ।ਪੀ। ਕਿਉਂ ਲੱਗਦੇ ਰਹੇ। ਕਸ਼ਮੀਰ ਅੰਦਰ ਧਾਰਾ 370 ਰੱਦ ਕਰਕੇ ਹੁਣ ਕਿਹੜੇ ਮੂੰਹ ਨਾਲ ਪੰਜਾਬ ਨਾਲ ਧੱਕੇ ਦੀਆਂ ਗੱਲਾਂ ਕਰਦੇ ਹੋ? ਪਾਪੀਓ ਤੁਸਾਂ ਰਲ ਕੇ ਯੂ।ਏ।ਪੀ।ਏ। ਦੇ ਹੱਕ ਵਿੱਚ ਵੋਟਾਂ ਪਾਈਆਂ ਅਤੇ ਰਲ ਕੇ ਐਨ।ਆਈ।ਏ। ਨੂੰ ਪੰਜਾਬ ਕਿਉਂ ਲਿਆਂਦਾ? ਬੀ।ਐਸ।ਐਫ। ਨੂੰ ਤੁਸੀ ਤਾਂ ਅਜੇ ਅੱਧਾ ਪੰਜਾਬ ਹਵਾਲੇ ਕੀਤਾ ਹੈ ਪਰ ਐਨ।ਆਈ।ਏ। ਨੂੰ ਤਾਂ ਤੁਸੀ ਸਾਰਾ ਪੰਜਾਬ ਹੀ ਹਵਾਲੇ ਕਰ ਚੁੱਕੇ ਹੋ। ਸਾਡੇ ਨੌਜਵਾਨਾਂ ਦੀਆਂ ਝੂਠੇ ਬਿਰਤਾਂਤਾਂ ਹੇਠ ਨਿੱਤ ਗ੍ਰਿਫਤਾਰੀਆਂ ਹੋ ਰਹੀਆਂ ਹਨ। ਕਿੱਥੇ ਤੁਹਾਡਾ ਪੰਜਾਬ ਦਾ ਦਰਦ? ਬੀ।ਡੀ। ਪਾਂਡੇ ਜੋ ਜੂਨ 84 ਵਿੱਚ ਪੰਜਾਬ ਦਾ ਗਵਰਨਰ ਸੀ, ਕਹਿੰਦਾ ਹੈ ਕਿ ਝੂਠੇ ਬਿਰਤਾਂਤ ਰਚ ਕੇ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕੀਤਾ ਗਿਆ ਅਤੇ ਨਿਰਦੋਸ਼ਾਂ ਦਾ ਕਤਲੇਆਮ ਕੀਤਾ ਗਿਆ, ਤੁਹਾਨੂੰ ਅੱਜ ਤੱਕ ਪੰਜਾਬ ਨਾਲ ਇਹ ਧੱਕਾ ਨਜਰ ਕਿਉਂ ਨਹੀਂ ਆਇਆ? ਨਸ਼ਿਆਂ, ਬੇਅਦਬੀਆਂ ਦੇ ਦੋਸ਼ੀ ਪੰਜਾਬ ਨੂੰ ਕੀ ਨਿਆਂ ਦਿਵਾਉਣਗੇ? ਕੇਜਰੀਵਾਲ ਹੁਰੀਂ ਖੇਤੀ ਕਾਨੂੰਨ ਵਿਧਾਨ ਸਭਾ ਵਿੱਚ ਪਾਸ ਕਰਕੇ, ਕਾਂਗਰਸ, ਬਾਦਲਕੇ ਖੇਤੀ ਕਾਨੂੰਨਾਂ ਬਾਰੇ ਸਹਿਮਤੀ ਦੇ ਕੇ ਹੁਣ ਖੇਤੀ ਕਾਨੂੰਨਾਂ ਦੇ ਵਿਰੋਧ ਹੋਣ ਦਾ ਢੋਂਗ ਰੱਚ ਰਹੇ ਹਨ।

ਹਿੰਮਤ ਹੈ ਤਾਂ ਪਾਸ ਕਰੋ ਪੰਜਾਬ ਅੰਦਰ ਧਾਰਾ 370 ਲਾਗੂ ਕਰਨ ਦਾ ਮਤਾ, ਦੱਸੋਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੇਸ਼ ਕਰਾਏ ਪ੍ਰਧਾਨ ਮੰਤਰੀ ਕੋਲ 21 ਨੋਜਵਾਨਾਂ ਦੇ ਨਾਮ, ਜਾਰੀ ਕਰੋ ਝੂਠੇ ਮੁਕਾਬਲਿਆਂ ਵਿੱਚ ਸ਼ਹੀਦ ਹੋਇਆਂ ਦੀ ਲਿਸ਼ਟ। ਦੱਸੋਂ 31 ਹਜਾਰ ਕਰੋੜ ਰੁਪਏ ਦੇ ਅਨਾਜ ਘੋਟਾਲੇ ਦਾ ਕੀ ਬਣਿਆ, ਦੱਸੋ 250 ਕਰੋੜ ਰੁਪਏ ਬਾਦਲ-ਕੈਪਟਨ ਤੇ ਚੰਨੀ ਸਰਕਾਰ ਨੇ ਆਪਣੀਆਂ ਮਸ਼ਹੂਰੀਆ 'ਤੇ ਕਿਉਂ ਖਰਚਿਆ ਜਦੋਂ ਕਿਸਾਨ, ਗਰੀਬ, ਖੁਦਕੁਸ਼ੀ ਕਰ ਰਿਹਾ ਤੇ ਮੁਲਾਜ਼ਮ ਸੜਕਾਂ ਤੇ ਡਾਂਗਾ ਖਾ ਰਿਹਾ ਹੈ।

ਮੰਨੂਵਾਦੀਓ, 84 ਵਾਲਿਓ, ਬਾਦਲਕਿਓ ਦੱਸੋ ਤੁਸੀਂ ਮਾਲਾਮਾਲ ਕਿਵੇਂ ਹੋ ਗਏ ਪੰਜਾਬ ਕੰਗਾਲ ਕਿਉਂ ਹੋ ਗਿਆ। ਜੇਲ੍ਹਾਂ ਵਿੱਚ ਬੰਦੀ ਸਿੱਖਾਂ ਦਾ ਰੁਲਣਾ ਤੁਹਾਨੂੰ ਧੱਕਾ ਕਿਉਂ ਨਹੀਂ ਨਜ਼ਰ ਆਉਂਦਾ? ਆਖਰ ਵਿੱਚ ਉਨ੍ਹਾਂ ਕਿਹਾ ਕਿ ਚੁਕਾਵੋ ਅੰਬਾਨੀਆਂ, ਅਡਾਨੀਆਂ ਦਾ ਪੰਜਾਬ ਵਿੱਚੋਂ ਜੁਲੀ ਬਿਸਤਰਾਂ ਤੇ ਇਨ੍ਹਾਂ ਦੀਆਂ ਜਾਇਦਾਦਾਂ ਜਬਤ ਕਰੋ। ਬਣੋ ਪੰਜਾਬ ਦਰਦੀ ਛੱਡੋ ਝੂਠੇ ਵਿਕਾਸ ਤੇ ਝੂਠੇ ਇਨਸਾਫ ਦਾ ਖਹਿੜਾ।

**ਜਾਰੀ ਕਰਤਾ- ਪ੍ਰਵੀਨ ਕੁਮਾਰ,**
**ਵਿਰਸਾ ਸਿੰਘ ਗੁਰਜੀਤ ਸਿੰਘ**

# Raja
SWEETS & CATERING

AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets



# INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ


WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੈਂਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



# HAPPY BAZAAR
HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।


EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com



# Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call: 530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call: 650-642-0697

**3525 Highway 99, West Corning, CA 96021**
Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust